ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 20 | Issue 115| 20 to 26 March, 2024 | Ph.: (510) 240-5949 | Email: asrtimes@gmail.com



ਚੜ੍ਹਦੀਕਲਾ ਤੇ ਸੂਰਬੀਰਤਾ ਦਾ ਪ੍ਰਤੀਕ
ਹੋਲਾ-ਮਹੱਲਾ ਪੁਰਬ
ਦੀਆਂ ਸਮੂਹ ਪੰਜਾਬੀਆਂ ਨੂੰ ਲੱਖ-ਲੱਖ ਵਧਾਈਆਂ






## ਭਾਜਪਾ ਮਾਰੇਗੀ ਹੈਟ੍ਰਿਕ ਜਾਂ 2004 ਵਾਲਾ ਇਤਿਹਾਸ ਦੁਹਰਾਇਆ ਜਾਵੇਗਾ ?

# ਰਾਹੁਲ ਗਾਂਧੀ, ਅਰਵਿੰਦ ਕੇਜਰੀਵਾਲ, ਮਮਤਾ ਬੈਨਰਜੀ, ਤੇਜਸਵੀ ਯਾਦਵ, ਸ਼ਰਦ ਪਵਾਰ ਵਰਗੇ ਨੇਤਾਵਾਂ ਦਾ ਭਵਿੱਖ ਤੈਅ ਕਰਨਗੇ ਚੋਣ ਨਤੀਜੇ

ਪਟਿਆਲਾ/ਏ.ਟੀ.ਨਿਊਜ਼ : ਭਾਰਤ ਵਿੱਚ ਲੋਕਤੰਤਰ ਦਾ ਮੇਲਾ ਸ਼ੁਰੂ ਹੋ ਗਿਆ ਹੈ। ਭਾਰਤ ਦੇ ਚੋਣ ਕਮਿਸ਼ਨ ਵੱਲੋਂ ਭਾਰਤ ਵਿੱਚ ਲੋਕ ਸਭਾ ਚੋਣਾਂ ਲਈ ਮਿਤੀਆਂ ਦਾ ਐਲਾਨ ਕਰ ਦਿੱਤਾ ਹੈ, ਜਿਸਦੇ ਅਨੁਸਾਰ 543 ਲੋਕ ਸਭਾ ਸੀਟਾਂ ਲਈ ਸੱਤ ਪੜਾਵਾਂ ਵਿੱਚ ਵੋਟਿੰਗ ਹੋਵੇਗੀ। ਪਹਿਲਾ ਪੜਾਅ 19 ਅਪ੍ਰੈਲ ਤੋਂ ਸ਼ੁਰੂ ਹੋਵੇਗਾ, ਜਦਕਿ ਆਖਰੀ ਅਤੇ ਸੱਤਵਾਂ ਪੜਾਅ 1 ਜੂਨ ਨੂੰ ਪੂਰਾ ਹੋਵੇਗਾ। ਲੋਕ ਸਭਾ ਚੋਣਾਂ ਦੇ ਨਾਲ-ਨਾਲ ਚਾਰ ਰਾਜਾਂ ਸਿੱਕਮ, ਅਰੁਣਾਚਲ, ਓਡੀਸ਼ਾ ਅਤੇ ਆਂਧਰਾ ਪ੍ਰਦੇਸ਼ ਵਿੱਚ ਵਿਧਾਨ ਸਭਾ ਚੋਣਾਂ ਵੀ ਹੋਣਗੀਆਂ। ਇਸ ਦੇ ਨਾਲ ਹੀ 13 ਰਾਜਾਂ ਦੀਆਂ 26 ਵਿਧਾਨ ਸਭਾ ਸੀਟਾਂ ਲਈ ਜ਼ਿਮਨੀ ਚੋਣਾਂ ਵੀ ਹੋਣਗੀਆਂ। ਸਾਰੀਆਂ ਚੋਣਾਂ ਲਈ ਵੋਟਾਂ ਦੀ ਗਿਣਤੀ 4 ਜੂਨ ਨੂੰ ਇੱਕੋ ਸਮੇਂ ਹੋਵੇਗੀ।ਲੋਕ ਸਭਾ ਚੋਣਾਂ ਦੇ ਨਤੀਜਿਆਂ ਦੇ ਆਧਾਰ ’ਤੇ ਹੀ ਭਾਰਤ ਦੀ ਅਗਲੀ ਕੇਂਦਰ ਸਰਕਾਰ ਦਾ ਗਠਨ ਹੋਵੇਗਾ।

ਭਾਰਤ ਦੇ ਮੌਜੂਦਾ ਸਿਆਸੀ ਦ੍ਰਿਸ਼ ਨੂੰ ਵੇਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਇਸ ਵਾਰ ਲੋਕ ਸਭਾ ਚੋਣਾਂ ਦੌਰਾਨ ਗਹਿਗੱਚ ਮੁਕਾਬਲੇ ਹੋਣਗੇ। ਇਹਨਾਂ ਚੋਣਾਂ ਵਿੱਚ ਰਾਮ ਮੰਦਰ, ਵਿਕਾਸ, ਭਾਈ-ਭਤੀਜਾਵਾਦ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਜਾਤੀ ਜਨਗਣਨਾ ਆਦਿ ਮੁੱਖ ਮੁੱਦੇ ਹੋਣ ਦੀ ਸੰਭਾਵਨਾ ਹੈ। ਸਿਆਸੀ ਮਾਹਿਰ ਕਹਿ ਰਹੇ ਹਨ ਕਿ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਇਤਿਹਾਸ ਰਚਣਾ ਯਕੀਨੀ ਹੈ। ਜੇਕਰ ਨਰਿੰਦਰ ਮੋਦੀ ਦੀ ਭਾਜਪਾ ਸਰਕਾਰ ਜਿੱਤਾਂ ਦੀ ਹੈਟ੍ਰਿਕ ਲਗਾ ਲੈਂਦੀ ਹੈ ਤਾਂ ਇਤਿਹਾਸ ਰਚ ਜਾਵੇਗਾ। ਨਰਿੰਦਰ ਮੋਦੀ ਲਗਾਤਾਰ ਤਿੰਨ ਵਾਰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਚੁਣੇ ਜਾਣ ਵਾਲੇ ਪਹਿਲੇ ਗੈਰ-ਕਾਂਗਰਸੀ ਨੇਤਾ ਹੋਣਗੇ। ਜੇਕਰ ਨਤੀਜੇ ਭਾਜਪਾ ਦੇ ਖ਼ਿਲਾਫ਼ ਗਏ ਤਾਂ ਵੀ ਇਤਿਹਾਸ ਰਚਿਆ ਜਾਵੇਗਾ।ਭਾਰਤ ’ਚ ਲੋਕ ਸਭਾ ਚੋਣਾਂ ਹੋਣ ਤੋਂ ਬਾਅਦ ਇਹ ਤੈਅ ਹੋ ਜਾਵੇਗਾ ਕਿ ਕਿਸ ਦੀ ਸਰਕਾਰ ਬਣੇਗੀ ਅਤੇ ਪ੍ਰਧਾਨ ਮੰਤਰੀ ਮੋਦੀ ਬਣੇ ਰਹਿਣਗੇ ਜਾਂ ਨਹੀਂ। ਰਾਹੁਲ ਗਾਂਧੀ, ਅਰਵਿੰਦ ਕੇਜਰੀਵਾਲ, ਮਮਤਾ ਬੈਨਰਜੀ, ਤੇਜਸਵੀ ਯਾਦਵ, ਸ਼ਰਦ ਪਵਾਰ ਵਰਗੇ ਨੇਤਾਵਾਂ ਦੀ ਕਿਸਮਤ ਵੀ ਇਸ ਨਤੀਜੇ ਨਾਲ ਤੈਅ ਹੋਵੇਗੀ।




2024 ਦਾ ਚੋਣ ਮੁਕਾਬਲਾ ਨਰਿੰਦਰ ਮੋਦੀ ਬਨਾਮ ਵਿਰੋਧੀ ਧਿਰ ਦਾ ਹੈ। ਸਿਆਸੀ ਨਜ਼ਰੀਏ ਤੋਂ ਇਸ ਨੂੰ ਐਨ.ਡੀ.ਏ. ਬਨਾਮ ਇੰਡੀਆ/ਇੰਡੀ ਗਠਜੋੜ ਦਾ ਨਾਂ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਾਅਵਾ ਕੀਤਾ ਹੈ ਕਿ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ 370 ਸੀਟਾਂ ਮਿਲਣਗੀਆਂ ਅਤੇ ਐਨ.ਡੀ.ਏ. ਨੂੰ 400 ਤੋਂ ਵੱਧ ਸੀਟਾਂ ਮਿਲਣਗੀਆਂ। ਕਾਂਗਰਸ, ਟੀ.ਐਮ.ਸੀ., ਆਮ ਆਦਮੀ ਪਾਰਟੀ, ਸਮਾਜਵਾਦੀ ਪਾਰਟੀ, ਰਾਸ਼ਟਰੀ ਜਨਤਾ ਦਲ, ਐਨ.ਸੀ.ਪੀ. ਸ਼ਰਦ ਪਵਾਰ, ਸ਼ਿਵ ਸੈਨਾ, ਡੀ.ਐਮ.ਕੇ., ਸੀ.ਪੀ.ਆਈ. ਸਮੇਤ ਕਈ ਪਾਰਟੀਆਂ ਐਨ.ਡੀ.ਏ. ਦਾ ਮੁਕਾਬਲਾ ਕਰਨ ਲਈ ਇਕਜੁੱਟ ਹੋ ਗਈਆਂ ਹਨ। 2024 ਦੀਆਂ ਚੋਣਾਂ ਕਾਂਗਰਸ ਪਾਰਟੀ ਲਈ ਬਚਾਅ ਦੀ ਲੜਾਈ ਵਾਂਗ ਹਨ। ਇਸ ਤੋਂ ਇਲਾਵਾ ਖੇਤਰੀ ਪਾਰਟੀਆਂ ਦਾ ਭਵਿੱਖ ਵੀ ਚੋਣ ਨਤੀਜਿਆਂ ’ਤੇ ਨਿਰਭਰ ਕਰਦਾ ਹੈ। ਹੁਣ ਤੱਕ ਪੰਜਾਬ ਵਿੱਚ ਆਮ ਆਦਮੀ ਪਾਰਟੀ ਅਤੇ ਪੱਛਮੀ ਬੰਗਾਲ ਵਿੱਚ ਟੀ.ਐਮ.ਸੀ.ਦੋ ਅਜਿਹੀਆਂ ਪਾਰਟੀਆਂ ਬਣ ਕੇ ਉੱਭਰੀਆਂ ਹਨ ਜੋ ਆਪੋ-ਆਪਣੇ ਰਾਜਾਂ ਵਿੱਚ ਭਾਜਪਾ ਨੂੰ ਸਖ਼ਤ ਮੁਕਾਬਲਾ ਦੇ ਰਹੀਆਂ ਹਨ। ਮਹਾਰਾਸ਼ਟਰ ’ਚ ਸ਼ਿਵ ਸੈਨਾ ਅਤੇ ਐੱਨ.ਸੀ.ਪੀ. ਵਿਚਾਲੇ ਫੁੱਟ ਤੋਂ ਬਾਅਦ ਵਿਰੋਧੀ ਧਿਰ ਦੀ ਸਥਿਤੀ ਕਮਜ਼ੋਰ ਹੋ ਗਈ ਹੈ।

ਭਾਂਵੇਂ ਲੋਕ ਸਭਾ ਚੋਣਾਂ ਵੱਖ- ਵੱਖ ਸਿਆਸੀ ਪਾਰਟੀਆਂ ਲੜ ਰਹੀਆਂ ਹਨ ਪਰ ਮੁੱਖ ਮੁਕਾਬਲਾ ਭਾਜਪਾ ਅਤੇ ਕਾਂਗਰਸ ਵਿਚਾਲੇ ਹੋਣ ਦੀ ਸੰਭਾਵਨਾ ਹੈ। ਦੋਵਾਂ ਪਾਰਟੀਆਂ ਵੱਲੋਂ ਇਹਨਾਂ ਚੋਣਾਂ ਨੂੰ ਜੀਉਣ ਮਰਨ ਦਾ ਸਵਾਲ ਬਣਾ ਦਿੱਤਾ ਗਿਆ ਹੈ। ਇਸ ਸਮੇਂ ਲੋਕ ਸਭਾ ਚੋਣਾਂ ਲਈ ਵੱਖ- ਵੱਖ ਸਿਆਸੀ ਪਾਰਟੀਆਂ ਵੱਲੋਂ ਆਪੋ ਆਪਣੇ ਉਮੀਦਵਾਰਾਂ ਦਾ ਐਲਾਨ ਕਰਨ ਦੀ ਦੌੜ ਲੱਗੀ ਹੋਈ ਹੈ।

(ਬਾਕੀ ਸਫ਼ਾ 30 ’ਤੇ)

## ਭਾਰਤ ਵਿੱਚ ਵਿਸ਼ਵ ਦੇ ਸਭ ਤੋਂ ਵੱਧ ਵੋਟਰ



ਚੋਣ ਕਮਿਸ਼ਨ ਮੁਤਾਬਕ ਭਾਰਤ ਵਿੱਚ 96 ਕਰੋੜ 88 ਲੱਖ ਵੋਟਰਾਂ ਦੇ ਨਾਂ ਦਰਜ ਹਨ। ਇਸ ਦਾ ਮਤਲਬ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਵਿੱਚ 96 ਕਰੋੜ ਤੋਂ ਵੱਧ ਲੋਕਾਂ ਨੂੰ ਇਹ ਫੈਸਲਾ ਕਰਨ ਦਾ ਅਧਿਕਾਰ ਹੋਵੇਗਾ ਕਿ ਕਿਸ ਦੀ ਸਰਕਾਰ ਬਣੇਗੀ, ਇਹ ਇੱਕ ਰਿਕਾਰਡ ਹੈ। ਚੋਣ ਕਮਿਸ਼ਨ ਦੇ ਅਨੁਸਾਰ, ਭਾਰਤ ਵਿੱਚ ਵਿਸ਼ਵ ਵਿੱਚ ਸਭ ਤੋਂ ਵੱਧ ਵੋਟਰ ਹਨ।

ਚੋਣ ਕਮਿਸ਼ਨ ਮੁਤਾਬਕ 2024 ਦੀਆਂ ਲੋਕ ਸਭਾ ਚੋਣਾਂ ਵਿੱਚ 2019 ਦੀਆਂ ਲੋਕ ਸਭਾ ਚੋਣਾਂ ਨਾਲੋਂ 6 ਫੀਸਦੀ ਵੱਧ ਵੋਟਰ ਆਪਣੀ ਵੋਟ ਪਾ ਸਕਣਗੇ। ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਵੋਟ ਪਾਉਣ ਦੇ ਯੋਗ ਲੋਕਾਂ ਵਿੱਚੋਂ 1.73 ਕਰੋੜ ਤੋਂ ਵੱਧ 18 ਤੋਂ 19 ਸਾਲ ਦੀ ਉਮਰ ਦੇ ਹਨ। 18ਵੀਂ ਲੋਕ ਸਭਾ ਦੇ ਮੈਂਬਰਾਂ ਦੀ ਚੋਣ ਲਈ ਸੰਸਦੀ ਚੋਣਾਂ ਦੇ ਨਿਰਵਿਘਨ ਸੰਚਾਲਨ ਨੂੰ ਯਕੀਨੀ ਬਣਾਉਣ ਲਈ 1.5 ਕਰੋੜ ਪੋਲਿੰਗ ਕਰਮਚਾਰੀ ਤਾਇਨਾਤ ਕੀਤੇ ਜਾਣਗੇ।

# ਪਾਕਿ ਨੇ ਕਰਤਾਰਪੁਰ ਲਾਂਘੇ ਦੇ ਦਾਖ਼ਲੇ ਲਈ ਰੱਖੀ 5 ਡਾਲਰ ਫ਼ੀਸ ਕੀਤੀ ਖ਼ਤਮ

## ➤ ਭਾਰਤੀ ਸ਼ਰਧਾਲੂਆਂ ਪਾਸੋਂ 20 ਡਾਲਰ ਯਾਤਰਾ ਖ਼ਰਚ ਵਸੂਲਿਆ ਜਾਵੇਗਾ
## ➤ ਰਮੇਸ਼ ਸਿੰਘ ਅਰੋੜਾ ਵਲੋਂ ਕੌਮਾਂਤਰੀ ਸਲਾਹਕਾਰ ਕਮੇਟੀ ਬਣਾਉਣ ਦਾ ਐਲਾਨ

ਅੰਮ੍ਰਿਤਸਰ/ਏ.ਟੀ.ਨਿਊਜ਼ : ਪਾਕਿਸਤਾਨ ਸਰਕਾਰ ਵੱਲੋਂ ਜ਼ਿਲ੍ਹਾ ਨਾਰੋਵਾਲ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਜਾਣ ਵਾਲੇ ਵਿਦੇਸ਼ੀ ਸਿੱਖ ਯਾਤਰੂਆਂ ਪਾਸੋਂ ਹੁਣ 5 ਡਾਲਰ ਦਾ ਯਾਤਰਾ ਖ਼ਰਚ ਨਹੀਂ ਵਸੂਲਿਆ ਜਾਵੇਗਾ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਸੂਬਾਈ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਇਹ ਐਲਾਨ ਕਰਦਿਆਂ ਦੱਸਿਆ ਕਿ ਵੱਖ-ਵੱਖ ਮੁਲਕਾਂ ਤੋਂ ਪਾਕਿ ਪਹੁੰਚੇ ਵਿਦੇਸ਼ੀ ਯਾਤਰੂਆਂ ਕੋਲੋਂ ਪਹਿਲਾਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਹੁੰਚਣ 'ਤੇ ਪ੍ਰਤੀ ਯਾਤਰੂ 5 ਡਾਲਰ ਜਾਂ 1500 ਪਾਕਿਸਤਾਨੀ ਰੁਪਏ ਦਾਖ਼ਲਾ ਫ਼ੀਸ ਵਸੂਲੀ ਜਾ ਰਹੀ ਸੀ। ਜਿਸ ਨੂੰ ਦੇਸ਼-ਵਿਦੇਸ਼ ਦੀ ਸਿੱਖ ਸੰਗਤ ਵੱਲੋਂ 'ਜਜ਼ੀਆ' ਉਗਰਾਹੁਣ ਦੇ ਬਰਾਬਰ ਦੱਸਿਆ ਜਾ ਰਿਹਾ ਸੀ। ਹਾਲਾਂਕਿ, ਕਰਤਾਰਪੁਰ ਪ੍ਰਾਜੈਕਟ ਮੈਨੇਜਮੈਂਟ ਯੂਨਿਟ (ਪੀ. ਐੱਮ. ਯੂ.) ਵੱਲੋਂ ਭਾਰਤੀ ਸ਼ਰਧਾਲੂਆਂ ਪਾਸੋਂ 20 ਡਾਲਰ ਯਾਤਰਾ ਖ਼ਰਚ ਪਹਿਲਾਂ ਦੀ ਤਰ੍ਹਾਂ ਹੀ ਵਸੂਲਿਆ ਜਾਵੇਗਾ।



ਅਰੋੜਾ ਨੇ ਕਿਹਾ ਕਿ ਸਿੱਖ ਸੰਗਤ ਦੀ ਮੰਗ 'ਤੇ ਇਸ ਵਾਰ ਵਿਸਾਖੀ ਮੌਕੇ ਭਾਰਤੀ ਯਾਤਰੂਆਂ ਨੂੰ ਬੱਸਾਂ ਦੀ ਬਜਾਇ ਵਿਸ਼ੇਸ਼ ਰੇਲ ਗੱਡੀ ਰਾਹੀਂ ਯਾਤਰਾ ਕਰਵਾਈ ਜਾਵੇਗੀ ਤੇ ਦੇਸ਼ ਦੀ ਵੰਡ ਦੇ ਬਾਅਦ ਪਹਿਲੀ ਯਾਤਰੂ ਰੇਲ ਗੱਡੀ ਰਾਹੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣਗੇ। ਉਨ੍ਹਾਂ ਕਿਹਾ ਕਿ ਵਿਸਾਖੀ ਮੌਕੇ 13 ਅਪ੍ਰੈਲ ਨੂੰ ਅਟਾਰੀ ਰਾਹੀਂ ਸੜਕ ਰਸਤੇ ਪੈਦਲ ਵਾਹਗਾ ਪਹੁੰਚਣ ਵਾਲੇ ਯਾਤਰੂਆਂ ਨੂੰ ਉਥੋਂ ਭਾਰੀ ਸੁਰੱਖਿਆ ਹੇਠ ਰੇਲ ਗੱਡੀ ਰਾਹੀਂ ਸਿੱਧਾ ਹਸਨ ਅਬਦਾਲ ਪਹੁੰਚਾਇਆ ਜਾਵੇਗਾ ਤੇ ਜਥੇ ਦੀ 21 ਅਪ੍ਰੈਲ ਨੂੰ ਭਾਰਤ ਵਾਪਸੀ ਹੋਵੇਗੀ।

ਉਨ੍ਹਾਂ ਕਿਹਾ ਕਿ ਨਵੇਂ ਨਿਯਮਾਂ ਮੁਤਾਬਿਕ ਵਿਸਾਖੀ ਮੌਕੇ ਪਹਿਲਾਂ ਬਾਹਰੀ ਮੁਲਕਾਂ ਤੋਂ ਆਏ ਸ਼ਰਧਾਲੂਆਂ ਨੂੰ ਕਮਰੇ ਦਿੱਤੇ ਜਾਣਗੇ ਤੇ ਬਾਕੀ ਬਚੇ ਕਮਰੇ ਪਾਕਿ ਸੰਗਤ ਨੂੰ ਮੁਹੱਈਆ ਕਰਵਾਏ ਜਾਣਗੇ।



ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਪਾਕਿ ਵਿੱਚ ਸਥਿਤ ਇਤਿਹਾਸਕ ਗੁਰਦੁਆਰਿਆਂ ਦੇ ਰੱਖ-ਰਖਾਅ ਅਤੇ ਸਿੱਖ ਯਾਤਰੂਆਂ ਨੂੰ ਹੋਰ ਸਹੂਲਤਾਂ ਮੁਹੱਈਆ ਕਰਨ ਲਈ ਕੌਮਾਂਤਰੀ ਸਲਾਹਕਾਰ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਵਿਦੇਸ਼ੀ ਸਿੱਖ ਭਾਈਚਾਰੇ ਨੂੰ ਪਾਕਿ ਵਿਚਲੇ ਇਤਿਹਾਸਕ ਗੁਰਦੁਆਰਿਆਂ ਦੀ ਨਵ-ਉਸਾਰੀ ਕਰਵਾਉਣ ਦਾ ਵੀ ਸੱਦਾ ਦਿੱਤਾ।

# ਪੰਜਵੀਂ ਵਾਰ ਰੂਸ ਦੇ ਰਾਸ਼ਟਰਪਤੀ ਬਣੇ ਵਲਾਦੀਮੀਰ ਪੁਤਿਨ

## ਪੁਤਿਨ ਨੂੰ ਰਿਕਾਰਡ 7.6 ਕਰੋੜ ਵੋਟਾਂ ਮਿਲਣ ਦਾ ਦਾਅਵਾ

ਮਾਸਕੋ/ਏ.ਟੀ.ਨਿਊਜ਼ : ਵਲਾਦੀਮੀਰ ਪੁਤਿਨ ਤਿੰਨ ਦਿਨ ਚੱਲੀਆਂ ਰਾਸ਼ਟਰਪਤੀ ਚੋਣਾਂ ਵਿੱਚ ਰਿਕਾਰਡ ਵੋਟਾਂ ਨਾਲ ਪੰਜਵੀਂ ਵਾਰ ਰੂਸ ਦੇ ਰਾਸ਼ਟਰਪਤੀ ਚੁਣੇ ਗਏ ਹਨ। ਪੁਤਿਨ ਦੀ ਜਿੱਤ ਰੂਸੀ ਆਗੂ ਦੀ ਦੇਸ਼ ਦੇ ਸਿਆਸੀ ਪ੍ਰਬੰਧ 'ਤੇ ਮੁਕੰਮਲ ਪਕੜ ਨੂੰ ਦਰਸਾਉਂਦੀ ਹੈ। ਪੁਤਿਨ ਪਿਛਲੇ ਕਰੀਬ 25 ਸਾਲਾਂ (ਦਸੰਬਰ 1999) ਤੋਂ ਕਦੇ ਰਾਸ਼ਟਰਪਤੀ ਤੇ ਕਦੇ ਪ੍ਰਧਾਨ ਮੰਤਰੀ ਵਜੋਂ ਰੂਸੀ ਸਿਆਸਤ ਵਿੱਚ ਸਰਗਰਮ ਰਹੇ ਹਨ। ਪੁਤਿਨ ਨੂੰ ਕਰੀਬ 7.6 ਕਰੋੜ ਵੋਟ ਪਏ, ਜੋ ਉਨ੍ਹਾਂ ਨੂੰ ਹੁਣ ਤੱਕ ਮਿਲਦੀਆਂ ਰਹੀਆਂ ਵੋਟਾਂ ਦਾ ਸਭ ਤੋਂ ਵੱਡਾ ਅੰਕੜਾ ਹੈ। ਚੀਨ, ਉੱਤਰੀ ਕੋਰੀਆ ਦੇ ਆਗੂ ਕਿਮ ਜੌਂਗ ਉੱਨ, ਹੌਂਡੂਰਸ, ਨਿਕਾਰਾਗੂਆ ਤੇ ਵੈਨੇਜ਼ੁਏਲਾ ਦੇ ਰਾਸ਼ਟਰਪਤੀਆਂ ਨੇ ਪੁਤਿਨ ਨੂੰ ਜਿੱਤ ਲਈ ਵਧਾਈ ਦਿੱਤੀ ਹੈ। ਸੋਵੀਅਤ ਸੰਘ (ਸਾਂਝੇ ਰੂਸ) ਦੇ ਟੁੱਟਣ ਮਗਰੋਂ ਹੋਂਦ ਵਿੱਚ ਆਏ ਮੱਧ ਏਸ਼ਿਆਈ ਮੁਲਕਾਂ- ਤਾਜਿਕਿਸਤਾਨ ਤੇ ਉਜ਼ਬੇਕਿਸਤਾਨ ਦੇ ਆਗੂਆਂ ਨੇ ਵੀ ਪੁਤਿਨ ਨੂੰ ਵਧਾਈ ਦਿੱਤੀ। ਪੱਛਮੀ ਮੁਲਕਾਂ ਨੇ ਚੋਣਾਂ ਨੂੰ ਮਹਿਜ਼ ਬਣਾਉਟੀ ਦੱਸ ਕੇ ਖਾਰਜ ਕਰ ਦਿੱਤਾ।

ਰੂਸ ਦੇ ਕੇਂਦਰੀ ਚੋਣ ਕਮਿਸ਼ਨ ਨੇ ਅੱਜ ਕਿਹਾ ਕਿ ਦੇਸ਼ ਵਿੱਚ ਹੋਈਆਂ ਰਾਸ਼ਟਰਪਤੀ ਚੋਣਾਂ ਦੌਰਾਨ ਵਲਾਦੀਮੀਰ ਪੁਤਿਨ ਨੇ ਜਿੱਤ ਦਰਜ ਕੀਤੀ ਹੈ ਤੇ ਉਨ੍ਹਾਂ ਨੇ ਰਿਕਾਰਡ ਵੋਟ ਫੀਸਦ ਨਾਲ ਰਾਸ਼ਟਰਪਤੀ ਵਜੋਂ ਪੰਜਵਾਂ ਕਾਰਜਕਾਲ ਹਾਸਲ ਕੀਤਾ ਹੈ। ਪੁਤਿਨ ਸਾਹਮਣੇ ਨਾਂ ਦੇ ਸਿਰਫ਼ ਤਿੰਨ ਉਮੀਦਵਾਰ ਸਨ ਤੇ ਯੂਕਰੇਨ ਜੰਗ ਦਾ ਵਿਰੋਧ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਪੁਤਿਨ ਖ਼ਿਲਾਫ਼ ਚੋਣ ਲੜਨ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ ਸੀ। ਪੁਤਿਨ ਦਸੰਬਰ 1999 ਤੋਂ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਵਜੋਂ ਰੂਸ ਦੀ ਅਗਵਾਈ ਕਰ ਰਹੇ ਹਨ। ਇਸ ਤੋਂ ਪਹਿਲਾਂ ਪੁਤਿਨ ਨੇ ਚੋਣ ਨਤੀਜਿਆਂ ਨੂੰ ਉਨ੍ਹਾਂ ਵਿੱਚ ਲੋਕਾਂ ਦਾ 'ਵਿਸ਼ਵਾਸ' ਤੇ 'ਉਮੀਦ' ਦੱਸਿਆ, ਜਦੋਂਕਿ ਆਲੋਚਕਾਂ ਨੇ



ਨਤੀਜਿਆਂ ਨੂੰ ਚੋਣਾਂ ਦੀ ਪਹਿਲਾਂ ਤੋਂ ਨਿਰਧਾਰਿਤ ਖਸਲਤ ਦਾ ਇੱਕ ਹੋਰ ਪ੍ਰਤੀਬਿੰਬ ਦੱਸਿਆ। ਤਿੰਨ ਦਿਨ ਚੱਲਿਆ ਵੋਟਿੰਗ ਦਾ ਅਮਲ ਖ਼ਤਮ ਹੋਣ ਮਗਰੋਂ ਵਲੰਟੀਅਰਾਂ ਨਾਲ ਗੱਲਬਾਤ ਕਰਦਿਆਂ ਪੁਤਿਨ ਨੇ ਕਿਹਾ, "ਸਾਡੇ ਕੋਲ ਬਹੁਤ ਕੰਮ ਹੈ। ਪਰ ਮੈਂ ਸਾਰਿਆਂ ਨੂੰ ਇਹ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਇਕਜੁੱਟ ਸੀ, ਤਾਂ ਕੋਈ ਵੀ ਸਾਨੂੰ ਡਰਾਉਣ, ਸਾਡੀ ਇੱਛਾ ਸ਼ਕਤੀ ਤੇ ਸਾਡੀ ਅੰਤਰ-ਆਤਮਾ ਨੂੰ ਦਬਾਉਣ ਵਿੱਚ ਸਫ਼ਲ ਨਹੀਂ ਹੋਇਆ।" ਉਨ੍ਹਾਂ ਕਿਹਾ, "ਉਹ ਅਤੀਤ ਵਿੱਚ ਵੀ ਨਾਕਾਮ ਰਹੇ ਤੇ ਉਹ ਭਵਿੱਖ ਵਿੱਚ ਵੀ ਅਸਫ਼ਲ ਰਹਿਣਗੇ।" ਚੋਣਾਂ ਦੌਰਾਨ ਪੁਤਿਨ ਤੇ ਯੂਕਰੇਨ ਜੰਗ ਦੀ ਜਨਤਕ ਤੌਰ 'ਤੇ ਆਲੋਚਨਾ ਕਰਨ 'ਤੇ ਰੋਕ ਸੀ। ਸੁਤੰਤਰ ਮੀਡੀਆ ਨੂੰ ਕਮਜ਼ੋਰ ਕਰ ਦਿੱਤਾ ਗਿਆ ਸੀ। ਪੁਤਿਨ ਦੇ ਸਭ ਤੋਂ ਵੱਡੇ ਸਿਆਸੀ ਵਿਰੋਧੀ ਐਲਕਸੀ ਨਵਲਨੀ ਦੀ ਪਿਛਲੇ ਮਹੀਨੇ ਆਰਕਟਿਕ ਜੇਲ੍ਹ ਵਿੱਚ ਮੌਤ ਹੋ ਗਈ ਸੀ ਤੇ ਰੂਸੀ ਰਾਸ਼ਟਰਪਤੀ ਦੇ ਹੋਰ ਆਲੋਚਕ ਜਾਂ ਜੇਲ੍ਹ ਵਿੱਚ ਜਾਂ ਜਲਾਵਤਨ ਹਨ। ਰੂਸ ਦੇ ਕੇਂਦਰੀ ਚੋਣ ਕਮਿਸ਼ਨ ਨੇ ਕਿਹਾ ਕਿ ਕਰੀਬ 100 ਫੀਸਦ ਖੇਤਰਾਂ ਵਿੱਚ ਪਈਆਂ ਵੋਟਾਂ ਦੀ ਗਿਣਤੀ ਕਰ ਲਈ ਗਈ ਹੈ ਤੇ ਪੁਤਿਨ ਨੂੰ 87.29 ਫੀਸਦ ਵੋਟ ਮਿਲੇ ਹਨ।

ਕਮਿਸ਼ਨ ਦੀ ਮੁਖੀ ਐਲਾ ਪੈਮਫੀਲੋਵਾ ਨੇ ਕਿਹਾ ਕਿ ਪੁਤਿਨ ਨੂੰ ਕਰੀਬ 7.6 ਕਰੋੜ ਲੋਕਾਂ ਨੇ ਵੋਟ ਕੀਤਾ ਹੈ, ਜੋ ਉਨ੍ਹਾਂ ਨੂੰ ਹਾਸਲ ਹੁਣ ਤੱਕ ਦੇ ਸਭ ਤੋਂ ਵੱਧ ਵੋਟ ਹਨ। ਬ੍ਰਿਟੇਨ ਦੇ ਵਿਦੇਸ਼ ਮੰਤਰੀ ਡੇਵਿਡ ਕੈਮਰੂਨ ਨੇ ਐਕਸ 'ਤੇ ਇਕ ਪੋਸਟ ਵਿੱਚ ਕਿਹਾ ਕਿ ਯੂਕਰੇਨੀ ਖੇਤਰ ਵਿੱਚ ਗੈਰਕਾਨੂੰਨੀ ਤਰੀਕੇ ਨਾਲ ਚੋਣਾਂ ਕਰਵਾਉਣ ਮਗਰੋਂ ਰੂਸ ਦੀਆਂ ਚੋਣਾਂ ਸੰਪੰਨ ਹੋ ਗਈਆਂ ਹਨ। ਚੋਣਾਂ ਵਿੱਚ ਵੋਟਰਾਂ ਕੋਲ ਉਮੀਦਵਾਰਾਂ ਦੇ ਮਾਮਲੇ ਵਿੱਚ ਬਦਲ ਦੀ ਕਮੀ ਸੀ ਤੇ ਕੋਈ ਸੁਤੰਤਰ ਓਐੱਸਸੀਈ ਨਿਗਰਾਨ ਵੀ ਨਹੀਂ ਸੀ। ਸੁਤੰਤਰ ਤੇ ਨਿਰਪੱਖ ਚੋਣਾਂ ਨੂੰ ਲੈ ਕੇ ਜਿਹੋ ਜਿਹਾ ਦਿਖ ਰਿਹਾ ਹੈ, ਓਦਾਂ ਦਾ ਕੁਝ ਹੈ ਨਹੀਂ।" ਪੁਤਿਨ ਖ਼ਿਲਾਫ਼ ਕਰੈਮਲਿਨ-ਪੱਖੀ ਪਾਰਟੀਆਂ ਦੇ ਤਿੰਨ ਪ੍ਰਤੀਕਾਤਮਕ ਵਿਰੋਧੀ ਖੜ੍ਹੇ ਸਨ ਜਿਨ੍ਹਾਂ ਪੁਤਿਨ ਦੇ 24 ਸਾਲਾਂ ਦੇ ਸ਼ਾਸਨ ਜਾਂ ਦੋ ਸਾਲ ਪਹਿਲਾਂ ਯੂਕਰੇਨ 'ਤੇ ਕੀਤੇ ਹਮਲੇ ਦੀ ਨੁਕਤਾਚੀਨੀ ਤੋਂ ਪਰਹੇਜ਼ ਕੀਤਾ ਹੈ। ਚੋਣਾਂ ਕੰਟਰੋਲ ਮਾਹੌਲ ਵਿੱਚ ਹੋਈਆਂ ਸਨ ਤੇ ਨਵਲਨੀ ਦੇ ਸਹਿਯੋਗੀਆਂ ਨੇ ਅਪੀਲ ਕੀਤੀ ਸੀ ਕਿ ਜਿਹੜੇ ਲੋਕ ਪੁਤਿਨ ਜਾਂ ਯੂਕਰੇਨ ਜੰਗ ਤੋਂ ਨਾਰਾਜ਼ ਹਨ, ਉਹ ਐਤਵਾਰ ਦੁਪਹਿਰ ਨੂੰ ਪੋਲ ਬੂਥ 'ਤੇ ਪਹੁੰਚਣ। ਇਸ ਮਗਰੋਂ ਰੂਸ ਵਿੱਚ ਤੇ ਵਿਸ਼ਵ ਭਰ ਦੇ ਰੂਸੀ ਸਫਾਰਤਖਾਨਿਆਂ ਵਿੱਚ ਲੋਕਾਂ ਦੀਆਂ ਲੰਮੀਆਂ ਕਤਾਰਾਂ ਦੇਖੀਆਂ ਗਈਆਂ ਸਨ। ਨਵਲਨੀ ਦੀ ਪਤਨੀ ਯੂਲੀਆ ਨਵਲਨਯਾ ਵੀ ਜਰਮਨੀ ਦੇ ਬਰਲਿਨ ਵਿੱਚ ਰੂਸੀ ਸਫਾਰਤਖਾਨੇ ਦੇ ਬਾਹਰ ਲੰਮੀ ਕਤਾਰ ਵਿੱਚ ਖੜ੍ਹੀ ਦੇਖੀ ਗਈ ਸੀ।

# ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਕੈਨੇਡਾ ਵਿਖੇ ਹੋਲਾ-ਮੁਹੱਲਾ ਸਮਾਗਮ ਸ਼ਾਨੋ ਸ਼ੌਕਤ ਨਾਲ ਸੰਪੰਨ

ਨਵੀਂ ਦਿੱਲੀ/ ਮਨਪ੍ਰੀਤ ਸਿੰਘ ਖਾਲਸਾ : ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਮ ਰੰਗਾਂ ਦੀ ਹੋਲੀ ਖੇਡਣ ਦੀ ਥਾਂ 'ਤੇ ਖ਼ਾਲਸਾ ਪੰਥ ਅੰਦਰ ਚੜ੍ਹਦੀ ਕਲਾ ਦਾ ਸੰਚਾਰ ਕਰਨ ਲਈ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਹੋਲਾ ਮਹੱਲਾ ਮਨਾਉਣਾ ਸ਼ੁਰੂ ਕੀਤਾ। ਇਸ ਵਿੱਚ ਦੋ ਦਲ ਬਣਾ ਕੇ ਪਾਤਸ਼ਾਹ ਜੀ ਆਪਣੇ ਸਿੱਖਾਂ ਨੂੰ ਜੰਗੀ ਪੈਂਤੜੇ ਸਿਖਾਉਂਦੇ ਅਤੇ ਦੋਹਾਂ ਦਲਾਂ ਦੇ ਸੂਰਮਿਆਂ ਨੂੰ ਮਾਣ ਸਨਮਾਨ ਦੇਂਦੇ ਸਨ। ਕਲਗੀਧਰ ਪਾਤਸ਼ਾਹ ਵੱਲੋਂ ਚਲਾਈ ਗਈ ਮਹਾਨ ਪ੍ਰੰਪਰਾ 'ਤੇ ਪਹਿਰਾ ਦਿੰਦੇ ਹਰ ਸਾਲ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਵਿਖੇ ਮੁਹੱਲਾ ਕੱਢਿਆ ਜਾਂਦਾ ਹੈ। ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਪੰਜ ਸਿੰਘ ਸਾਹਿਬਾਨ ਅਤੇ ਬਾਣੇ ਵਿੱਚ ਸਜੀਆਂ ਵੱਡੀ ਗਿਣਤੀ ਵਿੱਚ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸਮਾਗਮ ਸ਼ੁਰੂ ਹੋਇਆ ਤੇ ਮੁਹੱਲਾ ਕੱਢਿਆ ਗਿਆ।

ਮੁਹੱਲੇ ਦੀ ਅਗਵਾਈ ਪੰਜ ਸਿੰਘ ਸਾਹਿਬਾਨ ਕਰ ਰਹੇ ਸਨ ਤੇ ਉਹਨਾਂ ਮਗਰ ਘੋੜਿਆਂ 'ਤੇ ਸਵਾਰ ਗੁਰੂ ਕੀਆਂ ਲਾਡਲੀਆਂ ਫੌਜਾਂ ਸੋਭਾ ਪਾ ਰਹੀਆਂ ਸਨ ਤੇ ਪਿੱਛੇ ਪਿੱਛੇ ਗੁਰੂ ਕੀਆਂ ਸੰਗਤਾਂ ਵਾਹਿਗੁਰੂ ਗੁਰਮੰਤਰ ਦਾ ਜਾਪ ਕਰਦੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੇ ਸ਼ਹੀਦੀ ਅਸਥਾਨ 'ਤੇ ਪੁੱਜ ਕੇ ਨਮਸਕਾਰ ਕਰਨ ਉਪਰੰਤ ਸਾਰਾ ਜਲੋ ਭਾਈ ਨਿੱਝਰ ਯਾਦਗਾਰੀ ਬਿਲਡਿੰਗ ਮੂਹਰੇ ਪੁੱਜਾ ਅਤੇ ਜਿਹੜੀ ਬਿਲਡਿੰਗ ਭਾਈ ਨਿੱਝਰ ਨੇ ਕੇਵਲ ਇੱਕ ਸਾਲ ਵਿੱਚ ਤਿਆਰ ਕਰਵਾਈ ਸੀ ਉਸ ਬਿਲਡਿੰਗ ਦਾ ਨਾਮਕਰਨ



ਉਦਘਾਟਨ ਪੰਜ ਸਿੰਘ ਸਾਹਿਬਾਨ ਵੱਲੋਂ ਸ਼ਹੀਦ ਦੇ ਸਤਿਕਾਰਯੋਗ ਪਿਤਾ ਜੀ ਅਤੇ ਭੁਝੰਗੀਆਂ ਵੱਲੋਂ ਵੱਡੀ ਗਿਣਤੀ ਵਿੱਚ ਹਾਜ਼ਰ ਸੰਗਤਾਂ ਦੀ ਹਾਜ਼ਰੀ ਵਿੱਚ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਅਕਾਲ ਖ਼ਾਲਸਾ ਗਤਕਾ ਅਖਾੜਾ ਅਤੇ ਮਾਤਾ ਸਾਹਿਬ ਕੌਰ ਗਤਕਾ ਦੇ ਉਸਤਾਦ ਭਾਈ ਜਗਜੀਤ ਸਿੰਘ ਤੇ ਮਿਲਨਜੀਤ ਕੌਰ ਵੱਲੋਂ ਸਿਖਾਏ ਕੈਨੇਡਾ ਦੇ ਜੰਮਪਲ ਬੱਚੇ ਬੱਚੀਆਂ ਵੱਲੋਂ ਨੀਲੇ ਬਾਣੇ ਪਹਿਨਕੇ ਸ਼ਾਸਤਰਾਂ ਦੇ ਜੌਹਰ ਪ੍ਰਦਰਸ਼ਨ ਸੰਗਤਾਂ ਸਾਹਮਣੇ ਪੇਸ਼ ਕੀਤੇ ਗਏ ਅਤੇ ਵੱਖ ਵੱਖ ਉਮਰ ਵਰਗ ਦੇ ਮੁਕਾਬਲੇ ਕਰਵਾਏ ਗਏ ਤੇ ਜੇਤੂ ਬੱਚਿਆਂ ਨੂੰ ਟੀ ਸ਼ਰਟਾਂ ਇਨਾਮ ਵਜੋਂ ਦਿੱਤੀਆਂ ਗਈਆਂ। ਵੱਡੀ ਗਿਣਤੀ ਵਿੱਚ ਸ਼ਾਮਿਲ ਸੰਗਤਾਂ ਲਈ ਨਿਉਯਾਰਕ ਪੇਂਟ ਵਾਲੇ ਭਾਈ ਸਰਾਏ, ਅਨਮੋਲ ਸਵੀਟ ਦੇ ਭਾਈ ਸਹੋਤਾ ਤੇ ਭਾਈ ਟੁੱਟ ਦੇ ਪਰਿਵਾਰਾਂ ਵੱਲੋ ਆਈਆਂ ਹੋਈਆਂ ਸੰਗਤਾਂ ਵਾਸਤੇ ਖ਼ਾਸ ਪਕਵਾਨ ਤਿਆਰ ਕਰਕੇ ਸੰਗਤਾਂ ਨੂੰ ਛਕਾਏ ਗਏ। ਸਾਰਾ ਦਿਨ ਖਾਲਸਾਈ ਜਾਹੋ-ਜਲਾਲ ਵਿੱਚ ਖ਼ਾਲਸਾਈ ਬੋਲੇ ਤੇ ਸ਼ੇਅਰੋ ਸ਼ੇਅਰੀ ਚੱਲਦੀ ਰਹੀ ਤੇ ਸੰਗਤਾਂ ਅਨੰਦ ਮਾਣਦੀਆਂ ਰਹੀਆਂ।

ਸਾਊਂਡ ਸਿਸਟਮ ਦੀ ਸੇਵਾ ਗੁਰੂ ਘਰ ਦੀ ਟਿਕਟੀਮ ਤੇ ਮੈਨੇਜਰ ਸਾਹਿਬ ਵੱਲੋਂ ਨਿਭਾਈ ਗਈ। ਫੋਟੋਗ੍ਰਾਫੀ ਦੀ ਸੇਵਾ ਭਾਈ ਹਰਜੀਤ ਸਿੰਘ ਅਤੇ ਭਾਈ ਨਰਿੰਦਰ ਸਿੰਘ ਵੱਲੋਂ ਨਿਭਾਈ ਗਈ। ਸਟੇਜ ਸੰਚਾਲਨ ਦੀ ਸੇਵਾ ਗੁਰੂ ਘਰ ਦੇ ਸੈਕਟਰੀਆਂ ਵੱਲੋਂ ਮਿਲ ਕੇ ਨਿਭਾਈ ਗਈ ਅਤੇ ਸਮੂਹ ਸੰਗਤਾਂ ਦਾ ਸਮਾਗਮਾਂ ਵਿੱਚ ਵਧ ਚੜ ਕੇ ਹਿੱਸਾ ਲੈਣ 'ਤੇ ਧੰਨਵਾਦ ਕੀਤਾ ਗਿਆ।

# ਚੋਣ ਬਾਂਡ ਘਪਲੇ ਦਾ ਲੋਕ ਸਭਾ ਚੋਣਾਂ 'ਤੇ ਕਿੰਨਾ ਕੁ ਪਵੇਗਾ ਪ੍ਰਭਾਵ ?

## ਕਿਤੇ ਰਿਸ਼ਵਤ ਦਾ ਦੂਜਾ ਨਾਮ ਤਾਂ ਨਹੀਂ ਬਣ ਗਏ ਚੋਣ ਬਾਂਡ?

## ਕੇਂਦਰੀ ਏਜੰਸੀਆਂ ਦੀ ਕਾਰਵਾਈ ਤੋਂ ਬਾਅਦ ਅਨੇਕਾਂ ਕਾਰੋਬਾਰੀਆਂ ਨੇ ਖ਼ਰੀਦੇ ਸੀ ਚੋਣ ਬਾਂਡ




ਭਾਰਤ ਵਿੱਚ ਇਸ ਸਮੇਂ ਚੋਣ ਬਾਂਡਾਂ ਸਬੰਧੀ ਕਾਫ਼ੀ ਚਰਚਾ ਹੋ ਰਹੀ ਹੈ ਅਤੇ ਸੁਪ੍ਰੀਮ ਕੋਰਟ ਵੱਲੋਂ ਇਸ ਸਬੰਧੀ ਸਟੇਟ ਬੈਂਕ ਆਫ਼ ਇੰਡੀਆ ਨੂੰ ਦਿੱਤੇ ਗਏ ਹੁਕਮਾਂ ਕਾਰਨ ਇਹਨਾਂ ਚੋਣ ਬਾਂਡਾਂ ਬਾਰੇ ਅਨੇਕਾਂ ਤਰਾਂ ਦੀ ਜਾਣਕਾਰੀ ਸਾਹਮਣੇ ਆਈ ਹੈ। ਇਸ ਜਾਣਕਾਰੀ ਅਨੁਸਾਰ ਭਾਜਪਾ ਨੂੰ ਦੇਸ਼ ਵਿੱਚ ਸਭ ਤੋਂ ਜਿਆਦਾ ਚੋਣ ਬਾਂਡ ਮਿਲੇ। ਦੂਜੇ ਪਾਸੇ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂ ਦੋਸ਼ ਲਗਾ ਰਹੇ ਹਨ ਕਿ ਚੋਣ ਬਾਂਡ ਦੇਣ ਵਾਲੇ ਅਨੇਕਾਂ ਕਾਰੋਬਾਰੀ ਅਜਿਹੇ ਹਨ, ਜਿਨ੍ਹਾਂ ਵਿਰੁੱਧ ਜਾਂ ਉਹਨਾਂ ਦੀਆਂ ਕੰਪਨੀਆਂ ਵਿਰੁੱਧ ਕੇਂਦਰੀ ਏਜੰਸੀਆਂ ਵੱਲੋਂ ਕਾਰਵਾਈ ਕੀਤੀ ਗਈ, ਜਿਸ ਤੋਂ ਬਾਅਦ ਇਹਨਾਂ ਕਾਰੋਬਾਰੀਆਂ ਵੱਲੋਂ ਚੋਣ ਬਾਂਡ ਖ਼ਰੀਦੇ ਗਏ। ਵਿਰੋਧੀ ਆਗੂ ਦੋਸ਼ ਲਗਾ ਰਹੇ ਹਨ ਕਿ ਇਸ ਤਰਾਂ ਚੋਣ ਬਾਂਡਾਂ ਦਾ ਸਭ ਤੋਂ ਜਿਆਦਾ ਲਾਭ ਭਾਜਪਾ ਨੂੰ ਹੋਇਆ ਹੈ। ਵਿਰੋਧੀ ਆਗੂਆਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਚੋਣ ਬਾਂਡ ਅਸਲ ਵਿੱਚ ਰਿਸ਼ਵਤ ਦਾ ਹੀ ਆਧੁਨਿਕ ਰੂਪ ਹਨ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਲੈਕਟੋਰਲ ਬਾਂਡ ਨਾਲ ਜੁੜੇ ਖ਼ੁਲਾਸਿਆਂ ਦਾ 19 ਅਪ੍ਰੈਲ ਤੋਂ ਸ਼ੁਰੂ ਹੋ ਰਹੀਆਂ ਆਮ ਚੋਣਾਂ ਦੇ ਆਯੋਜਨ 'ਤੇ ਕੋਈ ਅਸਰ ਪਵੇਗਾ ? ਬਿਜ਼ਨਸ ਸਟੈਂਡਰਡ ਵਿੱਚ ਪ੍ਰਕਾਸ਼ਿਤ ਇੱਕ ਸਰਵੇਖਣ ਦੇ ਅਨੁਸਾਰ, ਜੋ ਕਿ ਕਾਰੋਬਾਰੀ ਨੇਤਾਵਾਂ ਦੀ ਰਾਏ ਨੂੰ ਦਰਸਾਉਂਦਾ ਹੈ, ਇਸ ਸਭ ਦਾ ਚੋਣਾਂ 'ਤੇ ਕੋਈ ਅਸਰ ਨਹੀਂ ਪਵੇਗਾ। ਦਸ ਵੱਡੀਆਂ ਕੰਪਨੀਆਂ ਦੇ ਸੀ.ਈ.ਓਜ਼ ਦੀ ਰਾਏ ਨੂੰ ਦਰਸਾਉਣ ਵਾਲੇ ਸਰਵੇਖਣ ਅਨੁਸਾਰ ਇਹ ਗੜਬੜ ਵਾਲਾ ਚੋਣ ਫੰਡ ਘੋਟਾਲਾ ਨਾ ਤਾਂ ਵੋਟਰਾਂ ਨੂੰ ਪ੍ਰਭਾਵਿਤ ਕਰੇਗਾ ਅਤੇ ਨਾ ਹੀ ਚੋਣਾਂ ਦੇ ਨਤੀਜਿਆਂ 'ਤੇ ਕੋਈ ਅਸਰ ਪਾਵੇਗਾ। ਵੈਸੇ, ਇਸੇ ਸਰਵੇਖਣ ਤੋਂ ਇੱਕ ਹੋਰ ਦਿਲਚਸਪ ਗੱਲ ਵੀ ਸਾਹਮਣੇ ਆਉਂਦੀ ਹੈ, ਜੋ ਭਾਰਤ ਵਿੱਚ ਚਿੱਟੇ ਕਾਰਪੋਰੇਟ ਦਾਨ ਵਿੱਚ ਪਾਰਦਰਸ਼ਤਾ ਦਾ ਢੌਂਗ ਰਗੜਦੀ ਹੈ। ਉਪਰੋਕਤ ਦਾਅਵਾ ਕਰਨ ਵਾਲੀਆਂ ਵੱਡੀਆਂ ਕੰਪਨੀਆਂ ਦੇ ਸੀਈਓਜ਼ ਵਿੱਚੋਂ, ਪੂਰੀ ਤਰ੍ਹਾਂ 50 ਪ੍ਰਤੀਸ਼ਤ ਨੇ ਮੰਨਿਆ ਕਿ ਉਨ੍ਹਾਂ ਕੋਲ ਸਿਆਸੀ ਚੰਦੇ ਬਾਰੇ ਕੋਈ 'ਮੈਨੇਜਿੰਗ ਬੋਰਡ ਪ੍ਰਵਾਨਿਤ' ਨੀਤੀ ਨਹੀਂ ਹੈ। ਦੂਜੇ ਪਾਸੇ, ਸਿਰਫ਼ 40 ਪ੍ਰਤੀਸ਼ਤ ਨੇ ਬੋਰਡ ਦੁਆਰਾ ਪ੍ਰਵਾਨਿਤ ਅਜਿਹੀ ਕਿਸੇ ਵੀ ਨੀਤੀ ਦੀ ਮੌਜੂਦਗੀ ਦੀ ਰਿਪੋਰਟ ਦਿੱਤੀ, ਜਦੋਂ ਕਿ 10 ਪ੍ਰਤੀਸ਼ਤ ਇਸ ਮਾਮਲੇ 'ਤੇ 'ਮੈਨੂੰ ਨਹੀਂ ਪਤਾ' ਕਹਿਣ ਵਾਲੇ ਸਨ। ਇਹ ਸਪੱਸ਼ਟ ਹੈ ਕਿ ਭਾਰਤ ਵਿੱਚ ਚੋਟੀ ਦੇ ਕਾਰਪੋਰੇਟ ਪੱਧਰ 'ਤੇ ਵੀ, ਰਾਜਨੀਤਿਕ ਦਾਨ ਦਾ ਮੁੱਦਾ, ਸਭ ਤੋਂ ਵੱਧ, ਦਾਨ ਦੇ ਬਦਲੇ ਵਿੱਚ ਸਥਾਪਨਾ ਤੋਂ ਵਾਧੂ ਲਾਭ ਪ੍ਰਾਪਤ ਕਰਨ ਦੀ ਕੋਸ਼ਿਸ਼ ਹੈ, ਜਿਸ ਵਿੱਚ ਕਿਸੇ ਵੱਡੀ ਸੰਸਥਾ ਦੁਆਰਾ ਪ੍ਰਵਾਨਿਤ ਕਿਸੇ ਵੀ ਕਿਸਮ ਦੀ ਨੀਤੀ ਜਿਵੇਂ ਕਿ ਬੋਰਡ, ਮਦਦਗਾਰ ਹੋਣ ਦੀ ਬਜਾਏ, ਇਸ ਨੂੰ ਬੋਝ ਸਮਝਿਆ ਜਾਂਦਾ ਹੈ।ਕੇਂਦਰੀ ਏਜੰਸੀਆਂ ਦੁਆਰਾ ਕਾਰਵਾਈ ਦੇ ਬਾਅਦ, ਕੰਪਨੀਆਂ ਨੇ ਬਾਂਡ ਕਿਵੇਂ ਖ਼ਰੀਦੇ ਸਨ, ਇਸ ਬਾਰੇ ਹਰ ਗੁਜ਼ਰਦੇ ਦਿਨ ਦੇ ਨਾਲ ਉਭਰ ਰਹੇ ਸਬੂਤਾਂ ਦੇ ਬਾਵਜੂਦ ਭਾਜਪਾ ਵੱਲੋਂ ਇਸ ਨੂੰ ਛੁਪਾਉਣ ਦੇ ਯਤਨ ਕੀਤੇ ਜਾ ਰਹੇ ਹਨ। ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਕਿਵੇਂ ਵੱਡੀਆਂ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨੇ 1,000 ਕਰੋੜ ਰੁਪਏ ਦੇ ਬਾਂਡ ਖ਼ਰੀਦੇ, ਉਨ੍ਹਾਂ ਵਿੱਚ 7 ਅਜਿਹੀਆਂ ਕੰਪਨੀਆਂ ਵੀ ਸ਼ਾਮਲ ਹਨ, ਜਿਨ੍ਹਾਂ ਦੀਆਂ ਦਵਾਈਆਂ ਟੈਸਟ ਦੇ ਮਾਪਦੰਡਾਂ ਨੂੰ ਪਾਸ ਨਹੀਂ ਕਰਦੀਆਂ ਸਨ। ਮੀਡੀਆ ਵਿੱਚ ਆ ਚੁੱਕਿਆ ਹੈ ਕਿ ਭਾਜਪਾ ਦੇ ਰਾਜ ਸਭਾ ਮੈਂਬਰ ਸੀ.ਐਮ. ਰਮੇਸ਼ ਦੀ ਕੰਪਨੀ ਆਰ.ਪੀ.ਪੀ.ਐਲ. ਵੱਲੋਂ 45 ਕਰੋੜ ਰੁਪਏ ਦੇ ਬਾਂਡ ਖਰੀਦਣ ਦਾ ਕਿੱਸਾ ਬਾਂਡ ਦੀ ਖੇਡ ਨੂੰ ਪੂਰੀ ਤਰ੍ਹਾਂ ਬੇਨਕਾਬ ਕਰਦਾ ਹੈ। ਰਮੇਸ਼ ਦੀ ਕੰਪਨੀ ਨੇ 14 ਜਨਵਰੀ, 2023 ਨੂੰ ਹਿਮਾਚਲ ਪ੍ਰਦੇਸ਼ ਵਿੱਚ ਸੁੰਨੀ ਹਾਈਡਰੋ ਪਾਵਰ ਪ੍ਰੋਜੈਕਟ ਦਾ 1098 ਕਰੋੜ ਰੁਪਏ ਦਾ ਇੰਜੀਨੀਅਰਿੰਗ, ਖਰੀਦ ਅਤੇ ਨਿਰਮਾਣ ਦਾ ਠੇਕਾ ਹਾਸਲ ਕੀਤਾ ਅਤੇ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ ਵਿੱਚ ਇਸ ਨੇ 5 ਕਰੋੜ ਰੁਪਏ ਦੇ ਬਾਂਡ ਖਰੀਦ ਲਏ। ਇਸੇ ਤਰਾਂ ਦੀਆਂ ਬਹੁਤ ਸਾਰੀਆਂ ਕੰਪਨੀਆਂ ਹਨ, ਜਿਨ੍ਹਾਂ ਨੇ ਬਾਂਡ ਖਰੀਦਣ ਤੋਂ ਬਾਅਦ ਭਾਜਪਾ ਸਰਕਾਰ ਤੋਂ ਅਨੇਕਾਂ ਲਾਭ ਲਏ ਜਾਂ ਵੱਡੇ ਪ੍ਰੋਜੈਕਟਾਂ ਦੇ ਠੇਕੇ ਹਾਸਲ ਕੀਤੇ। ਭਾਰਤ ਵਿੱਚ ਇਸ ਸਮੇਂ ਹਾਲਾਤ ਇਹ ਹਨ ਕਿ ਭਾਜਪਾ ਵੱਲੋਂ ਚੋਣ ਬਾਂਡਾਂ ਦੇ ਮਾਮਲੇ ਵਿੱਚ ਵੀ ਰਾਜਸੀ ਲਾਭ ਲੈਣ ਦੇ ਯਤਨ ਕੀਤੇ ਜਾ ਰਹੇ ਹਨ। ਭਾਰਤ ਦਾ ਮੀਡੀਆ ਪੂਰੀ ਤਰਾਂ ਕੇਂਦਰ ਦੀ ਮੋਦੀ ਸਰਕਾਰ ਦੀ ਬੋਲੀ ਬੋਲ ਰਿਹਾ ਹੈ। ਇਸ ਮੀਡੀਆ ਸਹਾਰੇ ਹੀ ਭਾਜਪਾ ਵੱਲੋਂ ਆਪਣੇ ਹੱਕ ਵਿੱਚ ਹਵਾ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ। ਭਾਜਪਾ ਵੱਲੋਂ ਭਾਵੇਂ ਲੋਕ ਸਭਾ ਚੋਣਾਂ ਜਿੱਤਣ ਲਈ ਪੂਰਾ ਜੋਰ ਲਗਾਇਆ ਜਾ ਰਿਹਾ ਹੈ ਪਰ ਜਦੋਂ ਸਾਲ 2004 ਵਿੱਚ 'ਇੰਡੀਆ ਸ਼ਾਈਨਿੰਗ' ਦਾ ਭਰੋਸਾ ਨਹੀਂ ਚੱਲਿਆ ਭਾਵ ਇਹਨਾਂ ਚੋਣਾਂ ਵਿੱਚ ਭਾਜਪਾ ਹਾਰ ਗਈ ਸੀ ਤਾਂ ਹੁਣ 20 ਸਾਲ ਬਾਅਦ ਸਾਲ 2024 ਵਿੱਚ ਕਿਵੇਂ ਕੰਮ ਕਰੇਗਾ ? ਇਸ ਚੋਣ ਬਾਂਡ ਘਪਲੇ ਦਾ ਲੋਕ ਸਭਾ ਚੋਣਾਂ 'ਤੇ ਕਿੰਨਾ ਕੁ ਪ੍ਰਭਾਵ ਪਵੇਗਾ, ਇਸ ਦਾ ਪਤਾ ਤਾਂ ਇਹਨਾਂ ਚੋਣਾਂ ਦੇ ਨਤੀਜਿਆਂ ਤੋਂ ਹੀ ਚੱਲੇਗਾ।

### 'ਵਿਸ਼ਵ ਹਵਾ ਗੁਣਵੱਤਾ' ਰਿਪੋਰਟ ਵਿੱਚ ਦਾਅਵਾ

## ਭਾਰਤ ਬਣਿਆ ਦੁਨੀਆਂ ਦਾ ਤੀਜਾ ਸਭ ਤੋਂ ਪ੍ਰਦੂਸ਼ਿਤ ਦੇਸ਼

ਨਵੀਂ ਦਿੱਲੀ/ਏ.ਟੀ.ਨਿਊਜ਼ :ਭਾਰਤ ਦੁਨੀਆਂ ਦਾ ਤੀਜਾ ਸਭ ਤੋਂ ਪ੍ਰਦੂਸ਼ਿਤ ਦੇਸ਼ ਬਣ ਗਿਆ ਹੈ। ਖ਼ਰਾਬ ਹਵਾ ਗੁਣਵੱਤਾ ਕਾਰਨ ਭਾਰਤ ਦੇ ਗੁਆਂਢੀ ਮੁਲਕ ਬੰਗਲਾਦੇਸ਼ ਅਤੇ ਪਾਕਿਸਤਾਨ ਕ੍ਰਮਵਾਰ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼ ਹਨ। ਸਵਿੱਸ ਸੰਸਥਾ 'ਆਈਕਿਊਏਅਰ' ਵੱਲੋਂ ਜਾਰੀ 'ਵਿਸ਼ਵ ਹਵਾ ਗੁਣਵੱਤਾ' ਰਿਪੋਰਟ ਵਿੱਚ ਇਹ ਜਾਣਕਾਰੀ ਦਿੱਤੀ ਗਈ ਹੈ। ਰਿਪੋਰਟ ਮੁਤਾਬਕ ਭਾਰਤ ਦਾ ਹਵਾ ਪ੍ਰਦੂਸ਼ਣ 54.4 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਹੈ, ਜਿਸ ਦੀ ਸੰਘਣਤਾ ਦਾ ਪੱਧਰ ਪੀਐੱਮ 2.5 ਪਾਇਆ ਗਿਆ ਹੈ। ਇਹ ਹਵਾ ਪ੍ਰਦੂਸ਼ਣ ਵਿਸ਼ਵ ਸਿਹਤ ਸੰਸਥਾ (ਡਬਲਿਊਐੱਚਓ) ਵੱਲੋਂ ਤੈਅ 5 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਦੇ ਮਾਪਦੰਡ ਤੋਂ ਦਸ ਗੁਣਾ ਵੱਧ ਹੈ। ਇਹ ਰਿਪੋਰਟ 134 ਦੇਸ਼ਾਂ ਦੇ 7812 ਸ਼ਹਿਰਾਂ ਦੀ ਹਵਾ ਗੁਣਵਤਾ ਦੇ ਅਧਿਐਨ 'ਤੇ ਆਧਾਰਿਤ ਹੈ। ਬੰਗਲਾਦੇਸ਼ 79.9 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਨਾਲ ਪਹਿਲੇ ਅਤੇ ਪਾਕਿਸਤਾਨ 73.7 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਨਾਲ ਦੂਸਰੇ ਸਥਾਨ 'ਤੇ ਹੈ। ਭਾਰਤ 2022 ਵਿੱਚ 53.3



ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਦੀ ਔਸਤ ਪੀਐੱਮ 2.5 ਸੰਘਣਤਾ ਨਾਲ ਅੱਠਵਾਂ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਸੀ। ਸਿਖਰਲੇ ਸਭ ਤੋਂ ਪ੍ਰਦੂਸ਼ਿਤ 15 ਸ਼ਹਿਰਾਂ ਦੀ ਆਲਮੀ ਸੂਚੀ ਵਿੱਚ ਭਾਰਤੀ ਸ਼ਹਿਰਾਂ ਦਾ ਦਬਦਬਾ ਹੈ। ਇਸ ਦੇ 12 ਸ਼ਹਿਰਾਂ ਦੀ ਹਵਾ ਗੁਣਵੱਤਾ ਸਭ ਤੋਂ ਖ਼ਰਾਬ ਸ਼੍ਰੇਣੀ ਵਿੱਚ ਹੈ। ਬਿਹਾਰ ਦਾ ਬੇਗੂਸਰਾਏ 118.9 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਨਾਲ ਸਭ ਤੋਂ ਪ੍ਰਦੂਸ਼ਿਤ ਮੈਟਰੋਪੋਲੀਟਨ ਖੇਤਰ ਹੈ। ਕੌਮੀ ਰਾਜਧਾਨੀ ਨਵੀਂ ਦਿੱਲੀ ਨੇ 2018 ਤੋਂ ਲਗਾਤਾਰ ਚੌਥੇ ਸਾਲ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਦਾ ਦਰਜਾ ਬਰਕਰਾਰ ਰੱਖਿਆ ਹੈ। ਦਿੱਲੀ ਵਿੱਚ ਹਵਾ ਦੀ ਗੁਣਵੱਤਾ ਇਸ ਸਾਲ ਵਿਗੜ ਗਈ ਕਿਉਂਕਿ ਪੀਐਮ 2.5 ਦਾ ਪੱਧਰ 2022 ਵਿੱਚ 89.1 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਤੋਂ 2023 ਵਿੱਚ 92.7 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ 'ਤੇ ਪਹੁੰਚ ਗਿਆ ਹੈ। ਸਾਲ 2022 ਵਿੱਚ ਬੇਗੂਸਰਾਏ ਦਾ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਵਿੱਚ ਨਾਮ ਨਹੀਂ ਸੀ।

ਨਵੀਂ ਦਿੱਲੀ ਨੂੰ 2018 ਤੋਂ ਲਗਾਤਾਰ ਚੌਥੇ ਸਾਲ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਸ਼ਹਿਰ ਦਾ ਦਰਜਾ ਦਿੱਤਾ ਗਿਆ ਹੈ। ਸਵਿੱਸ ਸੰਗਠਨ 'ਆਈ ਕਿਊ ਏਅਰ' ਵੱਲੋਂ ਕਰਵਾਈ ਗਈ 'ਵਿਸ਼ਵ ਹਵਾ ਗੁਣਵੱਤਾ' ਰਿਪੋਰਟ ਅਨੁਸਾਰ ਦਿੱਲੀ ਵਿੱਚ ਹਵਾ ਦੀ ਗੁਣਵੱਤਾ ਇਸ ਵਾਰ ਵੀ ਖ਼ਰਾਬ ਸ਼੍ਰੇਣੀ ਵਿੱਚ ਰਹੀ ਕਿਉਂਕਿ ਪੀਐੱਮ 2.5 ਸੰਘਣਤਾ ਦਾ ਪੱਧਰ 2023 ਵਿੱਚ 92.7 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਹੋ ਗਿਆ ਜੋ 2022 ਵਿੱਚ 89.1 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਸੀ।

### ਸੰਯੁਕਤ ਰਾਸ਼ਟਰ ਦੁਆਰਾ ਸਪਾਂਸਰਡ ਵਰਲਡ ਹੈਪੀਨੈਸ ਰਿਪੋਰਟ ਪ੍ਰਕਾਸ਼ਿਤ

# ਫਿਨਲੈਂਡ ਹੈ ਲਗਾਤਾਰ ਸੱਤਵੇਂ ਸਾਲ ਦੁਨੀਆਂ ਦਾ ਸਭ ਤੋਂ ਖ਼ੁਸ਼ਹਾਲ ਦੇਸ਼

ਹੇਲਸਿੰਕੀ/ਏ.ਟੀ.ਨਿਊਜ਼: ਫਿਨਲੈਂਡ ਦੁਨੀਆਂ ਦਾ ਸਭ ਤੋਂ ਖੁਸ਼ਹਾਲ ਦੇਸ਼ ਹੈ ਅਤੇ ਉਸ ਨੇ ਲਗਾਤਾਰ ਸੱਤਵੀਂ ਵਾਰ ਇਹ ਦਰਜਾ ਹਾਸਲ ਕੀਤਾ ਹੈ। ਇਸ ਦਾ ਦਾਅਵਾ ਸੰਯੁਕਤ ਰਾਸ਼ਟਰ ਦੀ ਸਾਲਾਨਾ ਵਿਸ਼ਵ ਖੁਸ਼ੀ ਰਿਪੋਰਟ ਵਿੱਚ ਕੀਤਾ ਗਿਆ ਹੈ। ਇਹ ਰਿਪੋਰਟ ਅੱਜ ਬੁੱਧਵਾਰ ਨੂੰ ਜਾਰੀ ਕੀਤੀ ਗਈ ਹੈ। ਇਹ ਰਿਪੋਰਟ 140 ਤੋਂ ਵਧ ਦੇਸ਼ਾਂ ਦਾ ਅਧਿਐਨ ਕਰਨ ਤੋਂ ਬਾਅਦ ਜਾਰੀ ਕੀਤੀ ਗਈ ਹੈ।



ਜੇ ਹੁਣ ਭਾਰਤ ਦੀ ਗੱਲ ਕਰੀਏ ਤਾਂ ਇਸ ਰਿਪੋਰਟ ਅਨੁਸਾਰ ਖੁਸ਼ੀ/ਖ਼ੁਸ਼ਹਾਲੀ ਦੇ ਮਾਮਲੇ ਵਿੱਚ ਭਾਰਤ 126ਵੇਂ ਸਥਾਨ 'ਤੇ ਹੈ। ਇਸ ਸੂਚੀ ਵਿੱਚ ਤਾਲਿਬਾਨ ਸ਼ਾਸਨ ਵਾਲਾ ਅਫ਼ਗਾਨਿਸਤਾਨ ਸਭ ਤੋਂ ਹੇਠਲੇ ਸਥਾਨ 'ਤੇ ਹੈ ਜਦੋਂਕਿ ਡੈਨਮਾਰਕ, ਆਈਸਲੈਂਡ ਅਤੇ ਸਵੀਡਨ ਵਿਸ਼ਵ ਖੁਸ਼ੀ ਦੀ ਰੈਂਕਿੰਗ ਵਿੱਚ ਫਿਨਲੈਂਡ ਤੋਂ ਬਾਅਦ ਆਉਂਦੇ ਹਨ। ਨੌਰਡਿਕ ਦੇਸ਼ਾਂ ਨੇ 10 ਸਭ ਤੋਂ ਖੁਸ਼ਹਾਲ ਦੇਸ਼ਾਂ ਵਿੱਚ ਆਪਣਾ ਸਥਾਨ ਬਰਕਰਾਰ ਰੱਖਿਆ ਹੈ। ਵਰਲਡ ਹੈਪੀਨੈਸ ਰਿਪੋਰਟ ਦੇ ਪ੍ਰਕਾਸ਼ਿਤ ਹੋਣ ਤੋਂ ਬਾਅਦ ਇੱਕ ਦਹਾਕੇ ਤੋਂ ਵੱਧ ਸਮੇਂ ਤੱਕ, ਸੰਯੁਕਤ ਰਾਜ ਅਮਰੀਕਾ ਅਤੇ ਜਰਮਨੀ ਚੋਟੀ ਦੇ 20 ਖੁਸ਼ਹਾਲ ਦੇਸ਼ਾਂ ਵਿੱਚ ਸ਼ਾਮਲ ਸਨ, ਪਰ ਇਹ ਪਹਿਲੀ ਵਾਰ ਹੈ ਕਿ ਨਵੀਂ ਰੈਂਕਿੰਗ ਵਿੱਚ ਅਮਰੀਕਾ 23ਵੇਂ ਅਤੇ ਜਰਮਨੀ 24ਵੇਂ ਸਥਾਨ 'ਤੇ ਆਇਆ ਹੈ। ਕੋਸਟਾ ਰੀਕਾ ਅਤੇ ਕੁਵੈਤ ਨੇ 12ਵੇਂ ਅਤੇ 13ਵੇਂ ਸਥਾਨ 'ਤੇ ਚੋਟੀ ਦੇ 20 ਦੇਸ਼ਾਂ 'ਚ ਪ੍ਰਵੇਸ਼ ਕਰ ਲਿਆ ਹੈ।

2006-10 ਤੋਂ ਬਾਅਦ ਖੁਸ਼ੀ ਸੂਚਕ ਅੰਕ ਵਿੱਚ ਸਭ ਤੋਂ ਵੱਧ ਗਿਰਾਵਟ ਅਫ਼ਗਾਨਿਸਤਾਨ, ਲੇਬਨਾਨ ਅਤੇ ਜਾਰਡਨ ਵਿੱਚ ਦੇਖੀ ਗਈ, ਜਦੋਂ ਕਿ ਪੂਰਬੀ ਯੂਰਪੀਅਨ ਦੇਸ਼ਾਂ ਸਰਬੀਆ, ਬੁਲਗਾਰੀਆ ਅਤੇ ਲਾਤਵੀਆ ਵਿੱਚ ਸਭ ਤੋਂ ਵੱਧ ਵਾਧਾ ਦਰਜ ਕੀਤਾ ਗਿਆ। ਜ਼ਿਕਰਯੋਗ ਹੈ ਕਿ ਖੁਸ਼ਹਾਲੀ ਦਰਜਾਬੰਦੀ ਵਿਅਕਤੀਆਂ ਦੇ ਜੀਵਨ ਸੰਤੁਸ਼ਟੀ ਦੇ ਸਵੈ-ਮੁਲਾਂਕਣ ਦੇ ਨਾਲ-ਨਾਲ ਪ੍ਰਤੀ ਵਿਅਕਤੀ ਜੀ.ਡੀ.ਪੀ., ਸਮਾਜਿਕ ਸਹਾਇਤਾ, ਸਿਹਤਮੰਦ ਜੀਵਨ ਸੰਭਾਵਨਾ, ਆਜ਼ਾਦੀ, ਉਦਾਰਤਾ, ਅਤੇ ਭ੍ਰਿਸ਼ਟਾਚਾਰ 'ਤੇ ਅਧਾਰਤ ਹੈ। ਫਿਨਲੈਂਡ ਦੀ ਹੇਲਸਿੰਕੀ ਯੂਨੀਵਰਸਿਟੀ ਦੀ ਖੁਸ਼ੀ ਖੋਜਕਰਤਾ ਜੈਨੀਫਰ ਡੀ. ਪਾਓਲਾ ਨੇ ਦੱਸਿਆ ਕਿ ਫਿਨਲੈਂਡ ਵਿੱਚ ਰਹਿਣ ਵਾਲੇ ਲੋਕ ਕੁਦਰਤ ਨਾਲ ਨੇੜਲਾ ਸਬੰਧ ਰੱਖਦੇ ਹਨ।

*ਅਮਰੀਕੀ ਸਕੂਲ 'ਚ ਵਿਦਿਆਰਥੀ ਵੱਲੋਂ ਕੀਤੀਆਂ 4 ਹੱਤਿਆਵਾਂ ਦਾ ਮਾਮਲਾ*

# ਅਦਾਲਤ ਵੱਲੋਂ ਵਿਦਿਆਰਥੀ ਦਾ ਪਿਤਾ ਦੋਸ਼ੀ ਕਰਾਰ, ਅਪ੍ਰੈਲ ਵਿੱਚ ਸੁਣਾਈ ਜਾਵੇਗੀ ਸਜ਼ਾ



ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ: ਜੇਮਜ ਕਰੂੰਬਲੇ ਜੋ ਉਸ ਨਬਾਲਗ ਵਿਦਿਆਰਥੀ ਦਾ ਪਿਤਾ ਹੈ ਜਿਸ ਨੇ ਅਮਰੀਕਾ ਦੇ ਮਿਸ਼ੀਗਨ ਰਾਜ ਵਿਚ ਆਕਸਫੋਰਡ ਹਾਈ ਸਕੂਲ ਵਿੱਚ 30 ਨਵੰਬਰ 2021 ਨੂੰ ਘਰੋਂ ਲਿਆਂਦੀ ਗੰਨ ਨਾਲ ਗੋਲੀਆਂ ਮਾਰ ਕੇ 4 ਵਿਦਿਆਰਥੀਆਂ ਦੀ ਹੱਤਿਆ ਕਰ ਦਿੱਤੀ ਸੀ ਤੇ ਇੱਕ ਅਧਿਆਪਕ ਸਮੇਤ 6 ਹੋਰ ਵਿਦਿਆਰਥੀਆਂ ਨੂੰ ਜ਼ਖ਼ਮੀ ਕਰ ਦਿੱਤਾ ਸੀ, ਨੂੰ ਅਦਾਲਤ ਵੱਲੋਂ ਦੋਸ਼ੀ ਕਰਾਰ ਦੇਣ ਦੀ ਖ਼ਬਰ ਹੈ। ਕਰੂੰਬਲੇ ਨੂੰ 4 ਦੋਸ਼ਾਂ ਤਹਿਤ ਗ਼ੈਰ ਇਰਾਦਾ ਹੱਤਿਆਵਾਂ ਲਈ ਦੋਸ਼ੀ ਕਰਾਰ ਦਿੱਤਾ ਗਿਆ।

ਇੱਕ ਮਹੀਨਾ ਪਹਿਲਾਂ ਅਦਾਲਤ ਨੇ ਵਿਦਿਆਰਥੀ ਦੀ ਮਾਂ ਜੈਨੀਫਰ ਕਰੂੰਬਲੇ ਨੂੰ ਵੀ ਇਨਾਂ ਦੋਸ਼ਾਂ ਤਹਿਤ ਹੀ ਦੋਸ਼ੀ ਕਰਾਰ ਦਿੱਤਾ ਸੀ। ਇਸ ਤੋਂ ਪਹਿਲਾਂ ਆਪਣੀ ਬਹਿਸ ਮੁਕੰਮਲ ਕਰਦਿਆਂ ਸਰਕਾਰੀ ਵਕੀਲ ਨੇ ਕਿਹਾ ਕਿ ਜੇਮਜ ਕਰੂੰਬਲੇ ਦੀ ਸਿਰੇ ਦੀ ਲਾਪਰਵਾਹੀ ਕਾਰਨ ਇਹ ਘਟਨਾ ਵਾਪਰੀ ਸੀ ਜਿਸ ਨੇ ਹਮਲੇ ਤੋਂ ਇੱਕ ਦਿਨ ਪਹਿਲਾਂ ਆਪਣੇ ਪੁੱਤਰ ਨੂੰ 9 ਐਮ ਐਮ ਦੀ ਗੰਨ ਲਿਆ ਕੇ ਦਿੱਤੀ ਸੀ ਪਰੰਤੂ ਉਹ ਗੰਨ ਦੀ ਸੰਭਾਲ ਕਰਨ ਵਿੱਚ ਅਸਫਲ ਰਿਹਾ ਤੇ ਉਸ ਨੇ ਆਪਣੇ ਪੁੱਤਰ ਦੀ ਮਾਨਸਿਕ ਹਾਲਤ ਨੂੰ ਵੀ ਨਹੀਂ ਸਮਝਿਆ। ਅਦਾਲਤ ਨੇ ਪਤੀ ਪਤਨੀ ਨੂੰ ਸਜ਼ਾ ਸਣਾਉਣ ਲਈ 9 ਅਪ੍ਰੈਲ ਦੀ ਤਰੀਕ ਨਿਸ਼ਚਤ ਕੀਤੀ ਹੈ। ਜੱਜ ਨੇ ਕਿਹਾ ਕਿ 9 ਅਪ੍ਰੈਲ ਨੂੰ ਸਵੇਰੇ 9 ਵਜੇ ਸਜ਼ਾ ਸੁਣਾਈ ਜਾਵੇਗੀ। ਫੈਸਲੇ ਉਪਰੰਤ ਜੇਮਜ ਕਰੂੰਬਲੇ ਨੂੰ ਹੱਥਕੜੀ ਲਾ ਕੇ ਅਦਾਲਤ ਤੋਂ ਬਾਹਰ ਲਿਜਾਇਆ ਗਿਆ। ਫੈਸਲਾ ਸੁਣਾਉਣ ਸਮੇਂ ਪੀੜਤ ਮਾਪੇ ਵੀ ਹਾਜ਼ਰ ਸਨ।

# ਡਿਸਪੋਜ਼ੇਬਲ ਈ-ਸਿਗਰੇਟ ਦੀ ਵਿਕਰੀ 'ਤੇ ਪਾਬੰਦੀ ਲਗਾਏਗੀ ਨਿਊਜ਼ੀਲੈਂਡ ਸਰਕਾਰ




ਵੈਲਿੰਟਨ/ਏ.ਟੀ.ਨਿਊਜ਼ :- ਸਿਗਰਟਨੋਸ਼ੀ ਪੂਰੀ ਦੁਨੀਆਂ ਵਿੱਚ ਹੀ ਵੱਡੀ ਸਮੱਸਿਆ ਬਣੀ ਹੋਈ ਹੈ। ਭਾਵੇਂ ਕਿ ਸਿਗਰਟਾਂ ਦੀਆਂ ਡੱਬੀਆਂ 'ਤੇ ਇਸ ਦੀ ਵਰਤੋ ਸਬੰਧੀ ਚਿਤਾਵਨੀ ਵੀ ਲਿਖੀ ਹੁੰਦੀ ਹੈ ਪਰ ਫਿਰ ਵੀ ਵਿਸ਼ਵ ਦੇ ਵੱਡੀ ਗਿਣਤੀ ਇਲਾਕਿਆਂ ਵਿੱਚ ਸਿਗਰਟਾਂ ਅਤੇ ਈ- ਸਿਗਰਟਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਨਾਬਾਲਗ ਬੱਚੇ ਅਕਸਰ ਆਪਣੇ ਭਵਿੱਖ ਨੂੰ ਸਿਗਰਟਾਂ ਦੇ ਧੂੰਏਂ ਵਿੱਚ ਹੀ ਉਡਾ ਦਿੰਦੇ ਹਨ। ਵਿਸ਼ਵ ਵਿੱਚ ਕੁਝ ਦੇਸ਼ ਅਜਿਹੇ ਹਨ ਜਿਥੇ ਕਿ ਸਿਗਰਟ ਤੇ ਈ-ਸਿਗਰਟ ਦੀ ਵਰਤੋਂ ਸਬੰਧੀ ਅਨੇਕਾਂ ਚਿਤਾਵਨੀਆਂ ਜਾਰੀ ਕੀਤੀਆਂ ਜਾਂਦੀਆਂ ਹਨ। ਹੁਣ ਨਿਊਜ਼ੀਲੈਂਡ ਸਰਕਾਰ ਵੱਲੋਂ ਆਪਣੇ ਦੇਸ਼ਵਾਸੀਆਂ ਨਾਲ ਵਾਅਦਾ ਕੀਤਾ ਗਿਆ ਹੈ ਕਿ ਉਸ ਵੱਲੋਂ ਨਿਊਜ਼ੀਲੈਂਡ ਵਿੱਚ ਡਿਸਪੋਜ਼ੇਬਲ ਈ-ਸਿਗਰੇਟ ਦੀ ਵਿਕਰੀ 'ਤੇ ਪਾਬੰਦੀ ਲਗਾਈ ਜਾਵੇਗੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਨਿਊਜ਼ੀਲੈਂਡ ਦੇ ਸਰਕਾਰੀ ਸੂਤਰਾਂ ਨੇ ਦਸਿਆ ਕਿ ਨਿਊਜ਼ੀਲੈਂਡ ਸਰਕਾਰ ਵੱਲੋਂ ਈ-ਸਿਗਰਟਾਂ ਵੇਚਣ ਵਾਲੇ ਰਿਟੇਲਰਾਂ ਨੂੰ ਬਿਹਤਰ ਢੰਗ ਨਾਲ ਨਿਯਮਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਨਿਊਜ਼ੀਲੈਂਡ ਸਰਕਾਰ ਵੱਲੋਂ 18 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਨੂੰ ਈ-ਸਿਗਰਟ ਵੇਚਣ ਵਾਲੇ ਰਿਟੇਲਰਾਂ 'ਤੇ ਜੁਰਮਾਨੇ ਨੂੰ ਵਧਾਇਆ ਜਾਵੇਗਾ। ਵੇਪਿੰਗ ਰਿਟੇਲਰਾਂ ਦੇ ਲਾਇਸੈਂਸ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਸਾਰੇ ਡਿਸਪੋਸੇਬਲ ਵੈਪਾਂ 'ਤੇ ਪਾਬੰਦੀ ਲਗਾਈ ਜਾਵੇਗੀ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਨਿਊਜ਼ੀਲੈਂਡ ਸਰਕਾਰ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਤੰਬਾਕੂ ਦੀ ਵਿਕਰੀ 'ਤੇ ਪਾਬੰਦੀ ਲਗਾਉਣ ਵਾਲੇ ਵਿਸ਼ਵ-ਪਹਿਲੇ ਕਾਨੂੰਨ ਨੂੰ ਵਾਪਸ ਲੈਣ ਕਾਰਨ ਕਾਫ਼ੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ। ਜਿਸ ਕਰਕੇ ਹੁਣ ਨਿਊਜ਼ੀਲੈਂਡ ਸਰਕਾਰ ਨੇ ਕਿਹਾ ਹੈ ਕਿ ਉਹ ਸਿਗਰਟਨੋਸ਼ੀ ਨੂੰ ਘਟਾਉਣ ਲਈ ਵਚਨਬੱਧ ਹੈ ਪਰ ਸਿਰਫ਼ ਇੱਕ ਵੱਖਰੀ ਪਹੁੰਚ ਅਪਣਾਈ ਜਾ ਰਹੀ ਹੈ, ਜਿਸ ਵਿੱਚ ਵੈਪਿੰਗ ਦੇ ਨਾਲ ਸੰਬਧਿਤ ਹੋਰ ਨਿਯਮ ਸ਼ਾਮਲ ਹਨ।ਸਿਹਤ ਮੰਤਰੀ ਕੇ. ਸੀ. ਕੋਸਟੇਲੋ ਨੇ ਕਿਹਾ ਕਿ ਜਦੋਂ ਕਿ ਵੈਪਿੰਗ ਨੇ ਸਾਡੀ ਸਿਗਰਟਨੋਸ਼ੀ ਦੀਆਂ ਦਰਾਂ ਵਿੱਚ ਮਹੱਤਵਪੂਰਨ ਗਿਰਾਵਟ ਵਿੱਚ ਯੋਗਦਾਨ ਪਾਇਆ ਹੈ, ਤਾਂ ਨੌਜਵਾਨਾਂ ਵਿੱਚ ਵਾਸ਼ਪੀਕਰਨ ਵਿੱਚ ਤੇਜ਼ੀ ਨਾਲ ਵਾਧਾ ਮਾਪਿਆਂ, ਅਧਿਆਪਕਾਂ ਅਤੇ ਸਿਹਤ ਪੇਸ਼ੇਵਰਾਂ ਲਈ ਇੱਕ ਅਸਲ ਚਿੰਤਾ ਦਾ ਵਿਸ਼ਾ ਰਿਹਾ ਹੈ।ਕੋਸਟੇਲੋ ਨੇ ਕਿਹਾ ਕਿ ਗੱਠਜੋੜ ਸਰਕਾਰ 2025 ਤੱਕ ਰੋਜ਼ਾਨਾ ਸਿਗਰਟਨੋਸ਼ੀ ਕਰਨ ਵਾਲੀ ਆਬਾਦੀ ਦੇ 5% ਤੋਂ ਘੱਟ ਦੇ ਸਿਗਰਟਨੋਸ਼ੀ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਨੌਜਵਾਨਾਂ ਦੇ ਵੈਪਿੰਗ ਨਾਲ ਨਜਿੱਠਣ ਅਤੇ ਸਿਗਰਟਨੋਸ਼ੀ ਦੀਆਂ ਦਰਾਂ ਨੂੰ ਘਟਾਉਣ ਲਈ ਵਚਨਬੱਧ ਹੈ।

ਜ਼ਿਕਰਯੋਗ ਹੈ ਕਿ ਪੂਰੀ ਦੁਨੀਆਂ ਵਿੱਚ ਹੀ ਸਿਗਰਟ ਤੇ ਈ ਸਿਗਰਟ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ।

# ਲਦਾਖ ਨੂੰ ਪੂਰਨ ਰਾਜ ਦਾ ਦਰਜਾ ਦਿਵਾਉਣ ਦੀ ਮੰਗ ਤੇਜ਼

## ਵਾਤਾਵਰਣ ਪ੍ਰੇਮੀ ਸੋਨਮ ਵਾਂਗਚੁਕ ਵੱਲੋਂ ਮਰਨ ਵਰਤ ਜਾਰੀ



ਜੰਮੂ/ਏ.ਟੀ.ਨਿਊਜ਼: ਪੂਰਨ ਰਾਜ ਦਾ ਦਰਜਾ ਅਤੇ ਸੰਵਿਧਾਨਕ ਸੁਰੱਖਿਆ ਦੀ ਮੰਗ ਨੂੰ ਲੈ ਕੇ ਬੁੱਧਵਾਰ ਨੂੰ ਲਦਾਖ ਬੰਦ ਰਿਹਾ। ਇਸ ਦੌਰਾਨ ਲੇਹ ਦੇ ਐਨ.ਡੀ.ਐਸ. ਗਰਾਊਂਡ ਵਿੱਚ ਹੋਈ ਰੋਸ ਰੈਲੀ ਵਿੱਚ ਇਕੱਠੇ ਹੋਏ ਲੋਕਾਂ ਨੇ ਭਾਰਤ ਮਾਤਾ ਕੀ ਜੈ ਦੇ ਨਾਅਰਿਆਂ ਨਾਲ ਲਦਾਖ ਵਿੱਚ ਜ਼ਮੀਨ ਅਤੇ ਨੌਕਰੀਆਂ ਦੇ ਅਧਿਕਾਰਾਂ ਦੀ ਰਾਖੀ ਅਤੇ ਕੇਂਦਰ ਸਰਕਾਰ ਤੋਂ ਇਨਸਾਫ਼ ਦੀ ਮੰਗ ਕੀਤੀ। ਪੂਰਨ ਰਾਜ ਦਾ ਦਰਜਾ ਦੇਣ ਅਤੇ ਸੰਵਿਧਾਨ ਦੀ ਛੇਵੀਂ ਅਨੁਸੂਚੀ ਨੂੰ ਲਾਗੂ ਕਰਨ ਦੀ ਮੰਗ ਨੂੰ ਲੈ ਕੇ ਕੇਂਦਰੀ ਸ਼ਾਸਿਤ ਪ੍ਰਦੇਸ਼ ਲਦਾਖ ਦੀ ਮਸ਼ਹੂਰ ਵਾਤਾਵਰਣ ਕਾਰਕੁਨ ਸੋਨਮ ਵਾਂਗਚੁਕ ਦਾ ਵਰਤ ਦੋ ਹਫ਼ਤੇ ਪੂਰਾ ਹੋਣ ਵਾਲਾ ਹੈ।ਕੇਂਦਰ ਸਰਕਾਰ ਨਾਲ ਇਸ ਦਿਸ਼ਾ ਵਿੱਚ ਗੱਲਬਾਤ ਅਸਫਲ ਹੋਣ ਤੋਂ ਬਾਅਦ, ਵਾਂਗਚੁਕ ਨੇ 6 ਮਾਰਚ ਨੂੰ ਆਪਣਾ ਵਰਤ ਸ਼ੁਰੂ ਕੀਤਾ।ਕੜਾਕੇ ਦੀ ਠੰਡ ਅਤੇ ਹੇਠਾਂ ਸਿਫ਼ਰ ਤਾਪਮਾਨ ਦੇ ਬਾਵਜੂਦ, ਉਨ੍ਹਾਂ ਦੇ ਪ੍ਰਦਰਸ਼ਨਾਂ ਵਿੱਚ ਹਿੱਸਾ ਲੈਣ ਵਾਲੇ ਲੋਕਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ।

ਦੱਸ ਦੇਈਏ ਕਿ ਇਸ ਤੋਂ ਪਹਿਲਾਂ ਲਦਾਖ ਪਿਛਲੇ ਮਹੀਨੇ 4 ਫਰਵਰੀ ਨੂੰ ਵੀ ਬੰਦ ਰਿਹਾ ਸੀ। ਪਹਿਲਾਂ ਲਦਾਖ ਦੀਆਂ ਸਮਾਜਿਕ ਜਥੇਬੰਦੀਆਂ ਹੀ ਇਨ੍ਹਾਂ ਮੁੱਦਿਆਂ ਨੂੰ ਉਠਾਉਂਦੀਆਂ ਸਨ, ਹੁਣ ਵਿਰੋਧੀ ਸਿਆਸੀ ਪਾਰਟੀਆਂ ਵੀ ਇਨ੍ਹਾਂ ਨਾਲ ਜੁੜਨ ਲੱਗ ਪਈਆਂ ਹਨ। 4 ਮਾਰਚ ਨੂੰ ਨਵੀਂ ਦਿੱਲੀ ਵਿੱਚ ਲਦਾਖ ਦੀਆਂ ਜਥੇਬੰਦੀਆਂ ਦੀ ਕੇਂਦਰੀ ਗ੍ਰਹਿ ਮੰਤਰਾਲੇ ਨਾਲ ਚੌਥੇ ਦੌਰ ਦੀ ਗੱਲਬਾਤ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉਨ੍ਹਾਂ ਦੇ ਮਸਲੇ ਹੱਲ ਕਰਨ ਦਾ ਭਰੋਸਾ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਗ੍ਰਹਿ ਮੰਤਰਾਲੇ ਦੀ ਇੱਕ ਕਮੇਟੀ ਇਸ ਮਾਮਲੇ ਵਿੱਚ ਕਾਰਵਾਈ ਕਰੇਗੀ। ਪਰ ਸਿਆਸੀ ਹੁਲਾਰਾ ਦੇਣ ਲਈ ਬੁੱਧਵਾਰ ਨੂੰ ਲਦਾਖ 'ਚ ਬੰਦ ਰੱਖਿਆ ਗਿਆ।

ਕੇਂਦਰ ਨਾਲ ਗੱਲਬਾਤ ਲਈ ਬਣਾਈ ਗਈ ਸਬ-ਕਮੇਟੀ ਦੇ ਮੈਂਬਰ ਛਿਰਿੰਗ ਦੋਰਜੇ ਨੇ ਵੀ ਬੰਦ ਦੌਰਾਨ ਹੋਈ ਰੈਲੀ ਵਿੱਚ ਹਿੱਸਾ ਲਿਆ। ਦਿੱਲੀ ਤੋਂ ਲੇਹ ਪਹੁੰਚੇ ਦੋਰਜੇ ਨੇ ਕਿਹਾ ਕਿ ਕੇਂਦਰ ਨੇ ਸਾਨੂੰ ਉਹ ਦੇਣ ਦੀ ਕੋਸ਼ਿਸ਼ ਕੀਤੀ ਜੋ ਅਸੀਂ ਨਹੀਂ ਚਾਹੁੰਦੇ ਸੀ। ਉਨ੍ਹਾਂ ਕਿਹਾ ਕਿ ਅਸੀਂ ਕੇਂਦਰ ਸਰਕਾਰ ਅੱਗੇ ਆਪਣਾ ਮਾਮਲਾ ਚੰਗੀ ਤਰ੍ਹਾਂ ਪੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸੀਂ ਪੂਰੀ ਕੋਸ਼ਿਸ਼ ਕੀਤੀ ਸੀ ਕਿ ਚੋਣ ਜ਼ਾਬਤਾ ਲਾਗੂ ਹੋਣ ਤੋਂ ਪਹਿਲਾਂ ਕੇਂਦਰ ਕੋਈ ਫੈਸਲਾ ਲਵੇ।

**ਸਾਡਾ ਅਧਿਕਾਰ ਹੈ ਸੰਵਿਧਾਨਕ ਸੁਰੱਖਿਆ**

ਛਿਰਿੰਗ ਦੋਰਜੇ ਨੇ ਕਿਹਾ ਕਿ ਰਾਜ ਦਾ ਦਰਜਾ ਅਤੇ ਸੰਵਿਧਾਨਕ ਸੁਰੱਖਿਆ ਲਦਾਖ ਦੇ ਲੋਕਾਂ ਦਾ ਅਧਿਕਾਰ ਹੈ, ਅਸੀਂ ਇਸ ਨੂੰ ਲੈ ਕੇ ਰਹਾਂਗੇ। ਉਨ੍ਹਾਂ ਕਿਹਾ ਕਿ ਅਗਲੇ ਦਿਨਾਂ ਵਿੱਚ ਅਸੀਂ ਕਾਰਗਿਲ ਡੈਮੋਕ੍ਰੇਟਿਕ ਅਲਾਇੰਸ ਨਾਲ ਮਿਲ ਕੇ ਆਪਣੇ ਮੁੱਦਿਆਂ ਨੂੰ ਲੈ ਕੇ ਹੋਰ ਰਣਨੀਤੀ ਬਣਾਵਾਂਗੇ। ਹੁਣ ਤੱਕ ਹੋਈ ਚਾਰ ਦੌਰ ਦੀ ਗੱਲਬਾਤ: ਲਦਾਖ ਦੇ ਮੁੱਦਿਆਂ ਨੂੰ ਲੈ ਕੇ ਗੱਲਬਾਤ ਦੀ ਪ੍ਰਕਿਰਿਆ (**ਬਾਕੀ ਸਫ਼ਾ** 30 'ਤੇ)

# ਜਸ਼ਨਪ੍ਰੀਤ ਨੇ ਯੂਨੀਵਰਸਿਟੀ ਆਫ਼ ਵਿਨੀਪੈਗ ਦੀਆਂ ਚੋਣਾਂ 'ਚ ਜਿੱਤੀ ਪ੍ਰਧਾਨਗੀ ਦੀ ਚੋਣ



ਵਿਨੀਪੈਗ/ਏ.ਟੀ.ਨਿਊਜ਼ : ਯੂਨੀਵਰਸਿਟੀ ਆਫ਼ ਵਿਨੀਪੈਗ (ਕੈਨੇਡਾ) 'ਚ ਕਰੀਮੀਨਲ ਜਸਟਿਸ ਵਿੱਚ ਬੈਚਲਰ ਆਫ਼ ਆਰਟਸ ਦੀ ਪੜ੍ਹਾਈ ਕਰ ਰਹੇ ਅਤੇ ਮਨੋਰੰਜਨ ਤੇ ਅਥਲੈਟਿਕਸ ਦੇ ਡਾਇਰੈਕਟਰ ਲਹਿਰਾਗਾਗਾ ਦੇ ਗੁਰਦਰਸ਼ਨ ਸਿੰਘ (ਮੱਖਣ) ਅਤੇ ਪਰਮਿੰਦਰ ਕੌਰ ਦੇ ਪੁੱਤਰ ਜਸ਼ਨਪ੍ਰੀਤ ਸਿੰਘ (ਭਰੀ) ਨੇ ਯੂਨੀਵਰਸਿਟੀ ਵਿਖੇ ਹੋਈਆਂ ਯੂਨੀਵਰਸਿਟੀ ਆਫ਼ ਵਿਨੀਪੈਗ ਸਟੂਡੈਂਟਸ ਐਸੋਸੀਏਸ਼ਨ (ਯੂਵਸਾ) ਦੀਆਂ ਚੋਣਾਂ ਵਿੱਚ ਆਪਣੇ ਵਿਰੋਧੀਆਂ ਨੂੰ ਹਰਾ ਕੇ ਪ੍ਰਧਾਨਗੀ ਦੀ ਚੋਣ ਜਿੱਤ ਕੇ ਪੰਜਾਬ ਅਤੇ ਲਹਿਰਾ ਹਲਕੇ ਦਾ ਨਾਂ ਰੋਸ਼ਨ ਕੀਤਾ ਹੈ।

ਕੈਨੇਡਾ ਵਿਖੇ ਵਿਦਿਆਰਥੀ ਚੋਣਾਂ ਵਿੱਚ ਪ੍ਰਧਾਨ ਦੀ ਚੋਣ ਜਿੱਤਣ ਉਪਰੰਤ ਜਸ਼ਨਪ੍ਰੀਤ ਸਿੰਘ (ਭਰੀ) ਨੇ ਕਿਹਾ ਕਿ ਚੋਣਾਂ ਦੌਰਾਨ ਉਨ੍ਹਾਂ ਨੂੰ ਪੰਜਾਬ ਦੇ ਨਾਲ-ਨਾਲ ਹੋਰ ਦੇਸ਼ਾਂ ਦੇ ਵਿਦਿਆਰਥੀਆਂ ਦਾ ਪੂਰਨ ਸਹਿਯੋਗ ਮਿਲਿਆ ਹੈ ਜਿਸ ਦੇ ਚੱਲਦਿਆਂ ਉਹ ਆਪਣੇ ਚਾਰ ਵਿਰੋਧੀਆਂ ਨੂੰ ਪਛਾੜਦੇ ਹੋਏ 32.2 ਫ਼ੀਸਦੀ ਵੋਟਾਂ ਹਾਸਲ ਕਰ ਕੇ ਪ੍ਰਧਾਨ ਦੀ ਚੋਣ ਜਿੱਤਣ ਵਿੱਚ ਸਫ਼ਲ ਹੋਏ ਹਨ। ਉਨ੍ਹਾਂ ਕਿਹਾ ਕਿ ਉਹ ਬਤੌਰ ਪ੍ਰਧਾਨ ਵਿਦਿਆਰਥੀਆਂ ਦੇ ਭਵਿੱਖ ਅਤੇ ਹਿੱਤਾਂ ਦੀ ਰਾਖੀ ਲਈ, ਜੋ ਵੀ ਸੰਭਵ ਹੋਇਆ, ਕਰਨਗੇ। ਸਮੁੱਚੇ ਪੰਜਾਬ ਖ਼ਾਸ ਕਰ ਕੇ ਲਹਿਰਾ ਇਲਾਕੇ ਦੇ ਕੈਨੇਡਾ ਆ ਕੇ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ।

ਦੂਜੇ ਪਾਸੇ ਸਾਬਕਾ ਕੌਂਸਲਰ ਗੁਰਲਾਲ ਸਿੰਘ, ਸ਼ੈਲਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਸੁਨੀਲ ਕੁਮਾਰ ਤੋਤੂ ਅਤੇ ਸਮਾਜ ਸੇਵੀ ਰਿੰਕੂ ਨੇ ਜਸ਼ਨਪ੍ਰੀਤ ਸਿੰਘ ਦੇ ਮਾਤਾ-ਪਿਤਾ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਕੈਨੇਡਾ ਵਿਖੇ (**ਬਾਕੀ ਸਫ਼ਾ** 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਰਿਸ਼ਵਤ ਦੇਣ ਦੇ ਇਲਜ਼ਾਮਾਂ ਨੂੰ ਲੈ ਕੇ ਅਮਰੀਕਾ 'ਚ ਅਡਾਨੀ ਗਰੁੱਪ ਖ਼ਿਲਾਫ਼ ਜਾਂਚ ਸ਼ੁਰੂ

## ਬਲੂਮਬਰਗ ਦੀ ਰਿਪੋਰਟ ਵਿੱਚ ਦਾਅਵਾ ਕਿ ਅਮਰੀਕੀ ਵਕੀਲ ਇਸ ਮਾਮਲੇ ਦੀ ਕਰ ਰਹੇ ਨੇ ਜਾਂਚ

ਭਾਰਤ ਦੇ ਦਿੱਗਜ ਉਦਯੋਗਪਤੀ ਗੌਤਮ ਅਡਾਨੀ ਇੱਕ ਹੋਰ ਸੰਕਟ ਵਿੱਚ ਫਸਦੇ ਨਜ਼ਰ ਆ ਰਹੇ ਹਨ। ਸਾਹਮਣੇ ਆਈ ਜਾਣਕਾਰੀ ਮੁਤਾਬਕ ਰਿਸ਼ਵਤ ਦੇਣ ਦੇ ਇਲਜ਼ਾਮਾਂ ਨੂੰ ਲੈ ਕੇ ਅਮਰੀਕਾ ਵਿੱਚ ਅਡਾਨੀ ਗਰੁੱਪ ਖ਼ਿਲਾਫ਼ ਜਾਂਚ ਚੱਲ ਰਹੀ ਹੈ। ਅਮਰੀਕਾ ਦੀ ਮਸ਼ਹੂਰ ਮੀਡੀਆ ਸੰਸਥਾ ਬਲੂਮਬਰਗ ਨੇ ਇਸ ਸਬੰਧੀ ਲੰਬੀ ਰਿਪੋਰਟ ਪ੍ਰਕਾਸ਼ਿਤ ਕੀਤੀ ਹੈ।

ਬਲੂਮਬਰਗ ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਰਿਪੋਰਟ ਮੁਤਾਬਕ ਇਸ ਜਾਂਚ ਦੇ ਜ਼ਰੀਏ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕੀ ਅਡਾਨੀ ਗਰੁੱਪ ਦੀ ਕਿਸੇ ਕੰਪਨੀ ਜਾਂ ਉਸ ਨਾਲ ਜੁੜੇ ਕਿਸੇ ਵਿਅਕਤੀ ਨੇ ਊਰਜਾ ਪ੍ਰੋਜੈਕਟ ਲੈਣ ਲਈ ਭਾਰਤੀ ਅਧਿਕਾਰੀਆਂ ਨੂੰ ਰਿਸ਼ਵਤ ਦਿੱਤੀ ਹੈ ਜਾਂ ਨਹੀਂ।

ਬਲੂਮਬਰਗ ਦੀ ਰਿਪੋਰਟ ਵਿੱਚ ਸੂਤਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਅਮਰੀਕੀ ਵਕੀਲ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ। ਇਹ ਜਾਂਚ ਨਿਊਯਾਰਕ ਦੇ ਪੂਰਬੀ ਜ਼ਿਲ੍ਹੇ ਦੇ ਯੂ. ਐਸ. ਅਟਾਰਨੀ ਦਫ਼ਤਰ ਅਤੇ ਵਾਸ਼ਿੰਗਟਨ ਵਿੱਚ ਨਿਆਂ ਵਿਭਾਗ ਦੀ ਫਰਾਡ ਯੂਨਿਟ ਦੁਆਰਾ ਕੀਤੀ ਜਾ ਰਹੀ ਹੈ। ਅਡਾਨੀ ਗਰੁੱਪ ਤੋਂ ਇਲਾਵਾ ਭਾਰਤੀ ਨਵਿਆਉਣਯੋਗ ਊਰਜਾ ਕੰਪਨੀ ਅਜ਼ੂਰ ਪਾਵਰ ਗਲੋਬਲ ਲਿਮਿਟਿਡ ਦੇ ਖ਼ਿਲਾਫ਼ ਵੀ ਇਸ ਮਾਮਲੇ 'ਚ ਜਾਂਚ ਚੱਲ ਰਹੀ ਹੈ। ਬਲੂਮਬਰਗ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਡਾਨੀ ਸਮੂਹ ਨੇ ਇੱਕ ਈਮੇਲ ਬਿਆਨ ਵਿੱਚ ਆਪਣਾ ਪੱਖ ਦਿੰਦੇ ਹੋਏ ਕਿਹਾ ਸੀ ਕਿ ਸਾਡੇ ਕੋਲ ਆਪਣੇ ਚੇਅਰਮੈਨ ਖ਼ਿਲਾਫ਼ ਅਜਿਹੀ ਕਿਸੇ ਜਾਂਚ ਬਾਰੇ ਕੋਈ ਜਾਣਕਾਰੀ ਨਹੀਂ ਹੈ।



ਇੱਕ ਵਪਾਰਕ ਸਮੂਹ ਦੇ ਰੂਪ ਵਿੱਚ, ਅਡਾਨੀ ਸਮੂਹ ਕਨੂੰਨ ਦੇ ਅਨੁਸਾਰ ਉੱਚੇ ਮਿਆਰਾਂ ਦੇ ਨਾਲ ਕੰਮ ਕਰਦਾ ਹੈ, ਅਸੀਂ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਭ੍ਰਿਸ਼ਟਾਚਾਰ ਵਿਰੋਧੀ ਅਤੇ ਰਿਸ਼ਵਤਖੋਰੀ ਵਿਰੋਧੀ ਕਾਨੂੰਨਾਂ ਦੇ ਅਧੀਨ ਹਾਂ ਅਤੇ ਉਨ੍ਹਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਹਾਂ। ਇਸ ਬਲੂਮਬਰਗ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਬਰੁਕਲਿਨ ਅਤੇ ਵਾਸ਼ਿੰਗਟਨ ਵਿੱਚ ਨਿਆਂ ਵਿਭਾਗ ਦੇ ਪ੍ਰਤੀਨਿਧੀਆਂ ਨੇ ਇਸ ਮਾਮਲੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਅਜ਼ੂਰ ਪਾਵਰ ਗਲੋਬਲ ਲਿਮਿਟੇਡ ਨੇ ਆਪਣਾ ਪੱਖ ਰਖਣ ਲਈ ਇਨ੍ਹਾਂ ਦੋਸ਼ਾਂ ਦਾ ਜਵਾਬ ਨਹੀਂ ਦਿੱਤਾ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਗੌਤਮ ਅਡਾਨੀ, ਉਸਦੀ ਕੰਪਨੀ ਅਤੇ ਅਜ਼ੂਰ 'ਤੇ ਨਿਆਂ ਵਿਭਾਗ ਦੁਆਰਾ ਕਿਸੇ ਗਲਤ ਕੰਮ ਦਾ ਦੋਸ਼ ਨਹੀਂ ਲਗਾਇਆ ਗਿਆ ਹੈ, ਅਤੇ ਜਾਂਚ ਵਿੱਚ ਹਮੇਸ਼ਾ ਮੁਕੱਦਮਾ ਨਹੀਂ ਚਲਾਇਆ ਜਾਂਦਾ। ਅਡਾਨੀ ਸਮੂਹ ਭਾਰਤ ਦਾ ਪ੍ਰਮੁੱਖ ਵਪਾਰਕ ਸਮੂਹ ਹੈ, ਜੋ ਬੰਦਰਗਾਹਾਂ, ਹਵਾਈ ਅੱਡਿਆਂ, ਪਾਵਰ ਲਾਈਨਾਂ ਅਤੇ ਹਾਈਵੇ ਵਿਕਾਸ ਵਿੱਚ ਮੋਹਰੀ ਭੂਮਿਕਾ ਨਿਭਾ ਰਿਹਾ ਹੈ। ਇਹ ਤੇਜ਼ੀ ਨਾਲ ਵਧ ਰਿਹਾ ਸਮੂਹ ਦੁਨੀਆਂ ਭਰ ਤੋਂ ਪੂੰਜੀ ਨੂੰ ਆਕਰਸ਼ਿਤ ਕਰਦਾ ਹੈ। ਅਮਰੀਕੀ ਕਾਨੂੰਨ ਫੈਡਰਲ ਪ੍ਰੌਸੀਕਿਊਟਰਾਂ ਨੂੰ ਵਿਦੇਸ਼ੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਕਰਨ ਦੀ ਇਜਾਜ਼ਤ ਦਿੰਦਾ ਹੈ ਜੇਕਰ ਉਹ ਅਮਰੀਕੀ ਨਿਵੇਸ਼ਕਾਂ ਜਾਂ ਬਾਜ਼ਾਰਾਂ ਨਾਲ ਕੁਝ ਖਾਸ ਸਬੰਧਿਤ ਹੋਵੇ ।

ਬਲੂਮਬਰਗ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਗੌਤਮ ਅਡਾਨੀ ਦੇ ਵਿਸ਼ਾਲ ਕਾਰੋਬਾਰੀ ਸਾਮਰਾਜ ਨੂੰ ਪਿਛਲੇ ਸਾਲ ਦੀ ਸ਼ੁਰੂਆਤ ਵਿੱਚ ਸ਼ਾਰਟ ਸੈਲਰ ਦੇ ਹਿੰਡਨਬਰਗ ਰਿਸਰਚ ਦੇ ਦਾਅਵਿਆਂ ਨਾਲ ਝਟਕਾ ਲਗਾ ਸੀ।

ਹਿੰਡਨਬਰਗ ਨੇ ਦਾਅਵਾ ਕੀਤਾ ਸੀ ਕਿ ਅਡਾਨੀ ਸਮੂਹ ਨੇ ਆਪਣੇ ਸਟਾਕ ਦੀ ਕੀਮਤ ਵਿੱਚ ਹੇਰਾਫੇਰੀ ਕੀਤੀ ਅਤੇ ਲੇਖਾ-ਜੋਖਾ ਕਰਨ ਵਿੱਚ ਧੋਖਾਧੜੀ ਕੀਤੀ। ਇਸ ਦੇ ਜਵਾਬ ਵਿੱਚ ਅਡਾਨੀ ਸਮੂਹ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਸੀ। ਹਿੰਡਨਬਰਗ ਰਿਸਰਚ ਦੇ ਸਾਹਮਣੇ ਆਉਣ ਤੋਂ ਬਾਅਦ ਅਡਾਨੀ ਗਰੁੱਪ ਦੇ ਸ਼ੇਅਰਾਂ ਵਿੱਚ ਕਾਫੀ ਗਿਰਾਵਟ ਆਈ ਸੀ। ਹਾਲਾਂਕਿ, ਬਾਅਦ ਵਿੱਚ ਹਿੰਡਨਬਰਗ ਖੋਜ ਦੇ ਦਾਅਵੇ ਸਹੀ ਸਾਬਤ ਨਹੀਂ ਹੋ ਸਕੇ। ਅਡਾਨੀ ਸਮੂਹ ਇਸ ਸੰਕਟ ਤੋਂ ਉਭਰਿਆ ਹੈ ਅਤੇ ਇਸ ਦੇ ਸ਼ੇਅਰਾਂ ਦੀ ਕੀਮਤ ਪਹਿਲਾਂ ਵਾਂਗ ਫਿਰ ਵਧ ਗਈ ਹੈ।

ਬਲੂਮਬਰਗ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਦੇ ਬਾਵਜੂਦ, ਹਿੰਡੇਨਬਰਗ ਰਿਸਰਚ ਦੀ ਰਿਪੋਰਟ ਨੇ ਅਮਰੀਕੀ ਨਿਆਂ ਵਿਭਾਗ ਅਤੇ ਸਕਿਓਰਿਟੀਜ਼ ਐਂਡ ਐਕਸਚੇਂਜ ਕਮਿਸ਼ਨ ਨੂੰ ਕੁਝ ਦਾਅਵਿਆਂ ਦੀ ਜਾਂਚ ਕਰਨ ਲਈ ਪ੍ਰੇਰਿਆ। ਸੂਤਰਾਂ ਮੁਤਾਬਕ ਅਡਾਨੀ ਗਰੁੱਪ ਦੀ ਜਾਂਚ ਹੁਣ ਆਖਰੀ ਪੜਾਅ 'ਤੇ ਹੈ। ਅਡਾਨੀ ਸਮੂਹ ਅਤੇ ਅਜ਼ੂਰ ਭਾਰਤ ਹਰੀ-ਊਰਜਾ ਖੇਤਰ ਵਿੱਚ ਅਹਿਮ ਸਥਾਨ ਰਖਦੇ ਹਨ। ਅਡਾਨੀ ਸਮੂਹ ਆਪਣੇ ਆਪ ਨੂੰ ਨਵਿਆਉਣਯੋਗ ਊਰਜਾ ਦੇ ਖੇਤਰ ਵਿੱਚ ਵਿਸ਼ਵ ਦੀ ਚੋਟੀ ਦੀ ਕੰਪਨੀ ਵਜੋਂ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

# ਮਿਜ਼ਾਈਲ ਹੋਵੇ ਜਾਂ ਡਰੋਨ, ਪਲਕ ਝਪਕਦਿਆਂ ਹੀ ਹੋ ਜਾਣਗੇ ਨਸ਼ਟ

## ਇੰਗਲੈਂਡ ਦੇ ਲੇਜ਼ਰ ਹਥਿਆਰ ਬਦਲ ਦੇਣਗੇ ਜੰਗ ਦਾ ਰੁਖ



ਲੰਡਨ/ਏ.ਟੀ.ਨਿਊਜ਼: ਯੂਕਰੇਨ ਤੋਂ ਲੈ ਕੇ ਤਾਈਵਾਨ ਤੱਕ ਦੁਨੀਆਂ ਵਿੱਚ ਤਣਾਅ ਆਪਣੇ ਸਿਖਰ 'ਤੇ ਹੈ। ਇੱਕ ਪਾਸੇ ਰੂਸੀ ਫ਼ੌਜ ਯੂਕਰੇਨ ਵਿੱਚ ਲਗਾਤਾਰ ਭਿਆਨਕ ਹਮਲੇ ਕਰ ਰਹੀ ਹੈ, ਉਥੇ ਹੀ ਦੂਜੇ ਪਾਸੇ ਤਾਇਵਾਨ 'ਤੇ ਵੀ ਚੀਨੀ ਹਮਲੇ ਦੇ ਬੱਦਲ ਮੰਡਰਾ ਰਹੇ ਹਨ। ਯੂਕਰੇਨ ਜੰਗ ਵਿੱਚ ਰੂਸ ਦੇ ਐਸ-400 ਅਤੇ ਅਮਰੀਕਾ ਦੀ ਪੈਟ੍ਰੀਅਟ ਮਿਜ਼ਾਈਲ ਰੱਖਿਆ ਪ੍ਰਣਾਲੀ ਵਿਚਾਲੇ ਜ਼ਬਰਦਸਤ ਟੱਕਰ ਹੋ ਰਹੀ ਹੈ। ਇਸ ਦੌਰਾਨ ਬ੍ਰਿਟੇਨ ਨੇ ਇਸ ਹਫਤੇ ਇੱਕ ਨਵੇਂ ਲੇਜ਼ਰ ਹਥਿਆਰ ਦਾ ਸਫਲ ਪ੍ਰੀਖਣ ਕੀਤਾ ਹੈ। ਬ੍ਰਿਟੇਨ ਨੇ ਕਿਹਾ ਕਿ ਉਸ ਦੀ ਫੌਜ ਸਿਰਫ਼ 13 ਡਾਲਰ ਵਿੱਚ ਇਸ ਹਥਿਆਰ ਦੀ ਮਦਦ ਨਾਲ ਕਿਸੇ ਵੀ ਖਤਰਨਾਕ ਮਿਜ਼ਾਈਲ ਅਤੇ ਜਹਾਜ਼ ਨੂੰ ਨਸ਼ਟ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਬ੍ਰਿਟਿਸ਼ ਫ਼ੌਜ ਨੂੰ ਲੱਖਾਂ ਡਾਲਰ ਦੀ ਬਚਤ ਹੋਵੇਗੀ। ਇਸ ਨਾਲ ਭਵਿੱਖ ਵਿੱਚ ਐਸ-400 ਵਰਗੀਆਂ ਮਿਜ਼ਾਈਲ ਰੱਖਿਆ ਪ੍ਰਣਾਲੀਆਂ ਦੀ ਛੁਟੀ ਹੋ ਸਕਦੀ ਹੈ।

ਬ੍ਰਿਟੇਨ ਦੇ ਰੱਖਿਆ ਮੰਤਰਾਲੇ ਨੇ ਇੱਕ ਵੀਡੀਓ ਜਾਰੀ ਕੀਤਾ ਹੈ ਜਿਸ ਵਿੱਚ ਦਿਖਾਇਆ ਗਿਆ ਹੈ ਕਿ ਕਿਵੇਂ ਡਰੈਗਨ ਫਾਇਰ ਲੇਜ਼ਰ ਵੈਪਨ ਸਿਸਟਮ ਨੇ ਸਕਾਟਲੈਂਡ ਵਿੱਚ ਇੱਕ ਹਵਾਈ ਜਹਾਜ਼ ਨੂੰ ਸਫਲਤਾਪੂਰਵਕ ਨਸ਼ਟ ਕੀਤਾ। ਇਹ ਟੈਸਟ ਜਨਵਰੀ ਵਿੱਚ ਕੀਤਾ ਗਿਆ ਸੀ। ਇਸ ਵੀਡੀਓ ਵਿੱਚ ਕਿਹਾ ਗਿਆ ਹੈ, ਇਹ ਹਵਾਈ ਰੱਖਿਆ ਲਈ ਸੰਭਵ ਤੌਰ 'ਤੇ ਗੇਮਚੇਂਜਰ ਹੋ ਸਕਦਾ ਹੈ। ਵੀਡੀਓ ਵਿੱਚ ਦੇਖਿਆ ਜਾ ਰਿਹਾ ਹੈ ਕਿ ਰਾਤ ਨੂੰ ਸਕਾਈ ਡਰੈਗਨ ਵੈਪਨ ਵਿਚੋਂ ਇੱਕ ਚਮਕਦਾਰ ਲੇਜ਼ਰ ਬੀਮ ਨਿਕਲ ਰਹੀ ਹੈ ਅਤੇ ਇਸ ਨੇ ਜਹਾਜ਼ ਨੂੰ ਤਬਾਹ ਕਰ ਦਿੱਤਾ। ਬ੍ਰਿਟੇਨ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਇਹ ਲੇਜ਼ਰ ਹਥਿਆਰ ਬਹੁਤ ਦੂਰੀ ਤੋਂ ਸਿੱਕੇ ਵਰਗੀ ਛੋਟੀ ਚੀਜ਼ ਨੂੰ ਵੀ ਨਸ਼ਟ ਕਰਨ ਦੀ ਤਾਕਤ ਰੱਖਦਾ ਹੈ।

**ਲੇਜ਼ਰ ਹਥਿਆਰਾਂ ਨਾਲ ਬਚਣਗੇ ਅਰਬਾਂ ਡਾਲਰ !**

ਬ੍ਰਿਟੇਨ ਨੇ ਇਸ ਹਥਿਆਰ ਬਾਰੇ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ। ਬ੍ਰਿਟੇਨ ਨੇ ਅਜੇ ਵੀ ਇਸ ਲੇਜ਼ਰ ਹਥਿਆਰ ਦੀ ਸਹੀ ਰੇਂਜ ਨੂੰ ਗੁਪਤ ਰੱਖਿਆ ਹੈ। ਇਹ ਲੇਜ਼ਰ ਹਥਿਆਰ ਮੋਟੀਆਂ ਧਾਤ ਦੀਆਂ ਕੰਧਾਂ ਨੂੰ ਵੀ ਕੱਟ ਸਕਦਾ ਹੈ, ਜਿਸ ਨਾਲ ਨਿਸ਼ਾਨੇ ਨੂੰ ਆਸਾਨੀ ਨਾਲ ਨਸ਼ਟ ਕੀਤਾ ਜਾ ਸਕਦਾ ਹੈ। ਬ੍ਰਿਟੇਨ ਨੇ ਕਿਹਾ ਕਿ ਸਭ ਤੋਂ ਚੰਗੀ ਗੱਲ ਇਹ ਹੈ ਕਿ ਇਸ ਦੀ ਵਰਤੋਂ 'ਤੇ ਬਹੁਤ ਘੱਟ ਖਰਚ ਆਉਂਦਾ ਹੈ। ਜਦੋਂ ਕਿ ਜੇਕਰ ਮਿਜ਼ਾਈਲਾਂ ਨਾਲ ਜਵਾਬੀ ਹਮਲਾ ਹੁੰਦਾ ਹੈ ਤਾਂ ਇਹ ਬਹੁਤ ਮਹਿੰਗਾ ਹੁੰਦਾ ਹੈ। ਅਮਰੀਕਾ ਦੀ ਹਵਾਈ ਰੱਖਿਆ ਪ੍ਰਣਾਲੀ ਨੂੰ ਇਸ ਵੇਲੇ ਹਰ ਜਵਾਬੀ ਹਮਲੇ ਲਈ 20 ਲੱਖ ਡਾਲਰ ਦੀਆਂ ਮਿਜ਼ਾਈਲਾਂ ਦਾਗਣੀਆਂ ਪੈਂਦੀਆਂ ਹਨ, ਪਰ ਬ੍ਰਿਟੇਨ ਇਹ ਕੰਮ ਸਿਰਫ 13 ਡਾਲਰ ਵਿੱਚ ਲੇਜ਼ਰ ਹਥਿਆਰ ਨਾਲ ਕਰ ਸਕਦਾ ਹੈ।

# ਭਾਰਤ-ਚੀਨ ਵਿਚਾਲੇ ਅਰੁਣਾਚਲ ਪ੍ਰਦੇਸ਼ ਕਾਰਨ ਵਧਿਆ ਵਿਵਾਦ

## ਚੀਨੀ ਫ਼ੌਜ ਦਾ ਦਾਅਵਾ 'ਅਰੁਣਾਚਲ ਪ੍ਰਦੇਸ਼ ਚੀਨ ਦਾ ਅੰਦਰੂਨੀ ਹਿੱਸਾ'

ਪੇਈਚਿੰਗ/ਏ.ਟੀ.ਨਿਊਜ਼ : ਭਾਰਤ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਰੁਣਾਚਲ ਪ੍ਰਦੇਸ਼ ਦੀ ਯਾਤਰਾ 'ਤੇ ਚੀਨ ਦੇ ਇਤਰਾਜ਼ ਨੂੰ ਖਾਰਜ ਕਰਨ ਦੇ ਕੁਝ ਦਿਨਾਂ ਬਾਅਦ ਚੀਨ ਦੀ ਫ਼ੌਜ ਨੇ ਅਰੁਣਾਚਲ ਪ੍ਰਦੇਸ਼ 'ਤੇ ਆਪਣੇ ਦਾਅਵੇ ਨੂੰ ਦੁਹਰਾਇਆ ਹੈ। ਉਸ ਨੇ ਇਸ ਖੇਤਰ ਨੂੰ 'ਚੀਨ ਦਾ ਅੰਦਰੂਨੀ ਹਿੱਸਾ' ਕਰਾਰ ਦਿੱਤਾ ਹੈ। ਗਲੋਬਲ ਟਾਈਮਜ਼ ਮੀਡੀਆ ਦੀ ਖ਼ਬਰ ਅਨੁਸਾਰ ਚੀਨੀ ਰੱਖਿਆ ਮੰਤਰਾਲੇ ਦੇ ਬੁਲਾਰੇ ਸੀਨੀਅਰ ਕਰਨਲ ਝਾਂਗ ਜ਼ਿਆਓਗਾਂਗ ਨੇ ਕਿਹਾ ਕਿ ਜ਼ਿਜ਼ਾਂਗ (ਤਿੱਬਤ ਦਾ ਚੀਨੀ ਨਾਮ) ਦਾ ਦੱਖਣੀ ਹਿੱਸਾ ਚੀਨ ਦੇ ਖੇਤਰ ਦਾ ਇੱਕ ਅਨਿੱਖੜਵਾਂ ਅੰਗ ਹੈ ਅਤੇ ਪੇਈਚਿੰਗ 'ਭਾਰਤ ਵੱਲੋਂ ਅਣਅਧਿਕਾਰਤ ਤੌਰ 'ਤੇ ਸਥਾਪਤ ਅਰੁਣਾਚਲ ਪ੍ਰਦੇਸ਼' ਨੂੰ ਕਦੇ ਸਵੀਕਾਰ ਨਹੀਂ ਕਰਦਾ ਤੇ ਇਸ ਦਾ ਦ੍ਰਿੜ੍ਹਤਾ ਨਾਲ ਵਿਰੋਧ ਕਰਦਾ ਹੈ। ਝਾਂਗ ਨੇ ਅਰੁਣਾਚਲ ਪ੍ਰਦੇਸ਼ ਵਿੱਚ ਸੇਲਾ ਸੁਰੰਗ ਰਾਹੀਂ ਭਾਰਤ ਵੱਲੋਂ ਫੌਜੀ ਤਿਆਰੀ ਵਧਾਉਣ ਦੇ ਜਵਾਬ ਵਿੱਚ ਇਹ ਟਿੱਪਣੀ ਕੀਤੀ। ਪੇਈਜਿੰਗ ਨੇ ਇਸ ਖੇਤਰ ਦਾ ਨਾਂ ਜ਼ਾਂਗਨਾਨ ਵੀ ਰੱਖਿਆ ਹੈ। ਅਰੁਣਾਚਲ ਪ੍ਰਦੇਸ਼ 'ਤੇ ਦੱਖਣੀ ਤਿੱਬਤ ਦੇ ਹਿੱਸੇ ਦੇ ਰੂਪ ਵਿੱਚ ਦਾਅਵਾ ਕਰਨ ਵਾਲਾ ਚੀਨ ਭਾਰਤੀ ਆਗੂਆਂ ਦੇ ਰਾਜ ਦੇ ਦੌਰਿਆਂ 'ਤੇ ਲਗਾਤਾਰ ਇਤਰਾਜ਼ ਜਤਾਉਂਦਾ ਹੈ। ਜਦੋਂ ਕਿ ਭਾਰਤ ਨੇ ਅਰੁਣਾਚਲ ਪ੍ਰਦੇਸ਼ 'ਤੇ ਚੀਨ ਦੇ ਖੇਤਰੀ ਦਾਅਵਿਆਂ ਨੂੰ ਵਾਰ-ਵਾਰ ਰੱਦ ਕਰਦਿਆਂ ਸੂਬੇ ਨੂੰ ਭਾਰਤ ਦਾ ਅਨਿੱਖੜਵਾਂ ਅੰਗ ਦੱਸਿਆ ਹੈ। ਪੇਈਚਿੰਗ ਨੇ ਇਸ ਖੇਤਰ ਦਾ ਨਾਂ ਜਾਗਨਾਂਨ ਰੱਖਿਆ ਹੈ। ਜਦੋਂ ਕਿ ਭਾਰਤ ਨੇ ਖੇਤਰ ਦੇ 'ਨਾਮਕਰਨ' ਦੇ ਕਾਰਜ ਨੂੰ ਇਹ ਕਹਿੰਦਿਆਂ ਖਾਰਜ ਕਰ ਦਿੱਤਾ ਕਿ ਇਸ ਨਾਲ ਅਸਲੀਅਤ ਨਹੀਂ ਬਦਲਦੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 9 ਮਾਰਚ ਨੂੰ ਅਰੁਣਾਚਲ ਪ੍ਰਦੇਸ਼ ਵਿੱਚ 13,000 ਫੁੱਟ ਦੀ ਉਚਾਈ 'ਤੇ ਬਣੀ ਸੇਲਾ ਸੁਰੰਗ ਰਾਸ਼ਟਰ ਨੂੰ ਸਮਰਪਿਤ ਕੀਤੀ ਸੀ ਜੋ ਰਣਨੀਤਕ ਤੌਰ 'ਤੇ ਤਵਾਂਗ ਨੂੰ ਹਰ ਮੌਸਮ ਵਿੱਚ ਸੰਪਰਕ ਪ੍ਰਦਾਨ ਕਰੇਗੀ ਅਤੇ ਸਰਹੱਦੀ ਖੇਤਰ ਦੇ ਨਾਲ ਸੈਨਿਕਾਂ ਦੀ ਬਿਹਤਰ ਆਵਾਜਾਈ ਨੂੰ ਯਕੀਨੀ ਬਣਾਉਣ 'ਚ ਮਦਦਗਾਰ ਹੋਵੇਗੀ। ਮੋਦੀ ਦੇ ਦੌਰੇ ਦਾ ਜ਼ਿਕਰ ਕੀਤੇ ਬਿਨਾਂ ਝਾਂਗ ਨੇ ਕਿਹਾ, "ਭਾਰਤੀ ਪੱਖ ਦੀ ਕਾਰਵਾਈ ਸਰਹੱਦ 'ਤੇ ਤਣਾਅਪੂਰਨ ਸਥਿਤੀਆਂ ਨੂੰ ਘੱਟ ਕਰਨ ਲਈ ਦੋਵਾਂ ਪੱਖਾਂ ਵੱਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਦੇ ਉਲਟ ਹਨ।

# ਕੈਨੇਡਾ 'ਚ ਨਹੀਂ ਰੁਕ ਰਹੀਆਂ ਕਾਰ ਚੋਰੀ ਦੀਆਂ ਘਟਨਾਵਾਂ

## ਪੁਲਿਸ ਤੇ ਪ੍ਰਸ਼ਾਸਨ ਵੱਲੋਂ ਦਿੱਤੇ ਜਾ ਰਹੇ ਹਾਸੋਹੀਣੇ ਬਿਆਨ ਚਰਚਾ ਦਾ ਵਿਸ਼ਾ ਬਣੇ



ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਦੇ ਟੋਰਾਂਟੋ ਖੇਤਰ ਵਿੱਚ ਕਾਰ ਚੋਰੀ ਦੀਆਂ ਘਟਨਾਵਾਂ ਪਿਛਲੇ ਸਾਲ ਦੇ ਮੁਕਾਬਲੇ ਚਾਰ ਗੁਣਾ ਵਧ ਗਈਆਂ ਹਨ ਅਤੇ ਪੁਲਿਸ ਪ੍ਰਸ਼ਾਸਨ ਇਸ ਨੂੰ ਰੋਕਣ 'ਚ ਨਾਕਾਮ ਸਾਬਤ ਹੋਇਆ ਹੈ। ਇਸ ਮਾਮਲੇ 'ਤੇ ਪੁਲਿਸ ਪ੍ਰਸ਼ਾਸਨ ਕੋਈ ਠੋਸ ਕਾਰਵਾਈ ਕਰਨ 'ਚ ਤਾਂ ਕਾਮਯਾਬ ਨਹੀਂ ਹੋ ਸਕਿਆ ਪਰ ਇਸ ਦੇ ਉਲਟ ਪੁਲਿਸ ਵੱਲੋਂ ਦਿੱਤੇ ਜਾ ਰਹੇ ਹਾਸੋਹੀਣੇ ਬਿਆਨ ਖ਼ੂਬ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਜਾਣਕਾਰੀ ਅਨੁਸਾਰ ਰੋਜ਼ਾਨਾ ਕਾਰ ਚੋਰੀ ਦੀ ਔਸਤਨ 24 ਘਟਨਾਵਾਂ ਵਾਪਰਨ 'ਤੇ ਪੁਲਿਸ ਅਫਸਰ ਮਾਰਕੋ ਰਿਸੈਡੀ ਨੇ ਈਟੋਬੀਕੋ 'ਚ ਇਕੱਠ ਵਿੱਚ ਬੋਲਦਿਆਂ ਕਿਹਾ ਕਿ ਕਾਰ ਚੋਰਾਂ ਨੂੰ ਘਰਾਂ 'ਚ ਵੜਨ ਤੋਂ ਰੋਕਣ ਲਈ ਕਾਰਾਂ ਦੀਆਂ ਚਾਬੀਆਂ ਘਰਾਂ ਦੇ ਬਾਹਰ ਟੰਗ ਕੇ ਸੌਣਾ ਚਾਹੀਦਾ ਹੈ।

ਪੁਲਿਸ ਦੀ ਨਾਕਾਮੀ ਦੇ ਅਜਿਹੇ ਬਿਆਨ ਬਾਰੇ ਜਦ ਪੱਤਰਕਾਰਾਂ ਨੇ ਓਂਟਾਰੀਓ ਦੇ ਮੁੱਖ ਮੰਤਰੀ ਡੱਗ ਫੋਰਡ ਨਾਲ ਗੱਲ ਕੀਤੀ ਤਾਂ ਉਨ੍ਹਾਂ ਅਜਿਹੀਆਂ ਘਟਨਾਵਾਂ ਨਾਲ ਸਖਤੀ ਨਾਲ ਨਿਪਟਣ ਦੀ ਬਜਾਏ ਪ੍ਰਤੀਕਰਮ ਦਿੱਤਾ ਕਿ ਚੋਰਾਂ ਦਾ ਥਕੇਵਾਂ ਲਾਹੁਣ ਲਈ ਚਾਬੀਆਂ ਦੇ ਕੋਲ ਮੇਜ਼ 'ਤੇ ਦੁੱਧ ਤੇ ਬਿਸਕੁਟ ਵੀ ਰੱਖਣੇ ਚਾਹੀਦੇ ਨੇ। ਪਿਛਲੇ ਦੋ ਦਿਨਾਂ ਤੋਂ ਪ੍ਰਸ਼ਾਸਨ ਦੇ ਅਜਿਹੇ ਬਿਆਨਾਂ ਦੀ ਇਥੇ ਖ਼ੂਬ ਚਰਚਾ ਹੋ ਰਹੀ ਹੈ ਤੇ ਇਹ ਸਵਾਲ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਪ੍ਰਸ਼ਾਸਨ ਸਰਕਾਰ ਦੇ ਕਹਿਣ 'ਤੇ ਚੱਲ ਰਿਹਾ ਹੈ ਕਿ ਕਾਰ ਚੋਰਾਂ ਦੇ?

ਇਥੇ ਦੱਸਣਾ ਬਣਦਾ ਹੈ ਕਿ ਚੋਰ ਮਹਿੰਗੀਆਂ ਕਾਰਾਂ ਚੋਰੀ ਕਰਕੇ ਤੁਰੰਤ ਬੰਦਰਗਾਹ 'ਤੇ ਲਿਜਾਂਦੇ ਹਨ ਜਿਥੇ ਕਾਰਾਂ ਨੂੰ ਪਹਿਲਾਂ ਤੋਂ ਤਿਆਰ ਖੜ੍ਹੇ ਕਨਟੇਨਰਾਂ ਵਿੱਚ ਲੱਦ ਕੇ ਜਹਾਜ਼ 'ਤੇ ਮੱਧ ਪੂਰਬੀ ਦੇਸ਼ਾਂ 'ਚ ਭੇਜ ਦਿੱਤਾ ਜਾਂਦਾ ਹੈ। ਉਨ੍ਹਾਂ ਦੇਸ਼ਾਂ ਵਿੱਚ ਇਹਨਾਂ ਕਾਰਾਂ ਦੀ ਵਧਦੀ ਮੰਗ ਦਾ ਫਾਇਦਾ ਉਠਾਇਆ ਜਾ ਰਿਹਾ ਹੈ। ਕੁਝ ਮਹੀਨੇ ਪਹਿਲਾਂ ਫੜੇ ਚੋਰਾਂ ਤੋਂ ਜਾਣਕਾਰੀ ਮਿਲੀ ਸੀ ਕਿ ਉਨ੍ਹਾਂ ਲਈ ਕਾਰ ਦੇ ਫੌਬ ਘੜਨੇ ਤੇ ਕੰਪਿਊਟਰਾਈਜ਼ ਸਿਸਟਮ ਦੀ ਰਿਸੈਟਿੰਗ ਚੋਰੀ ਕਰਨ ਮੌਕੇ ਰੁਕਾਵਟ ਨਹੀਂ ਬਣਦੀ। ਸਰਕਾਰ ਵੱਲੋਂ ਦਬਾਅ ਬਣਾਏ ਜਾਣ ਦੇ ਬਾਵਜੂਦ ਪੁਲਿਸ ਕਾਰਾਂ ਚੋਰੀ ਕਰਨ ਦੀਆਂ ਘਟਨਾਵਾਂ ਨੂੰ ਨੱਥ ਨਹੀਂ ਪਾ ਸਕੀ। ਉਪਰੋਂ ਪੁਲਿਸ ਅਫ਼ਸਰਾਂ ਦੇ ਅਜਿਹੇ ਬਿਆਨ ਲੋਕਾਂ ਦੀ ਨਿਰਾਸ਼ਾ ਵਿੱਚ ਹੋਰ ਵਾਧਾ ਕਰ ਰਹੇ ਹਨ।

# ਅਮਰੀਕਾ 'ਚ ਫ਼ਿਰਕੂ ਹਿੰਦੂ ਧੜੇ ਖ਼ਿਲਾਫ਼ ਕਾਰਵਾਈ ਦੀ ਹੋਈ ਮੰਗ

## ਮਨੁੱਖੀ ਅਧਿਕਾਰ ਸੰਗਠਨਾਂ ਨੇ ਭਾਰਤ ਵਿੱਚ ਗਿਰਜਾਘਰਾਂ ਨੂੰ ਢਾਹੁਣ ਲਈ ਫ਼ੰਡ ਇਕੱਠਾ ਕਰਨ ਦੇ ਲਗਾਏ ਦੋਸ਼















ਮਨੁੱਖੀ ਅਧਿਕਾਰ ਸੰਗਠਨਾਂ ਨੇ ਅਮਰੀਕਾ ਵਿੱਚ ਕੱਟੜਪੰਥੀ ਹਿੰਦੂਤਵੀ ਸੰਗਠਨਾਂ ਦੀ ਵਧਦੀ ਸਰਗਰਮੀ 'ਤੇ ਡੂੰਘੀ ਚਿੰਤਾ ਜ਼ਾਹਿਰ ਕੀਤੀ ਹੈ। ਮਨੁੱਖੀ ਅਧਿਕਾਰ ਸੰਗਠਨਾਂ ਦੇ ਗੱਠਜੋੜ ਨੇ ਅੰਦਰੂਨੀ ਮਾਲ ਸੇਵਾ (ਆਈ.ਆਰ.ਐਸ.) ਦੇ ਨਾਲ-ਨਾਲ ਟੈਕਸਾਸ ਸਥਿਤ ਗਲੋਬਲ ਹਿੰਦੂ ਹੈਰੀਟੇਜ ਫ਼ਾਊਂਡੇਸ਼ਨ, ਨਾਮ ਦੇ ਇੱਕ ਅਜਿਹੇ ਹੀ ਨਫ਼ਰਤ ਫ਼ੈਲਾਉਣ ਵਾਲੇ ਧੜੇ ਨੂੰ ਲੈਕੇ ਟੈਕਸਾਸ ਅਤੇ ਮਿਸੀਸਿਪੀ ਦੇ ਅਟਾਰਨੀ ਜਨਰਲ ਕੋਲ ਸ਼ਿਕਾਇਤਾਂ ਦਰਜ ਕਰਵਾਈਆਂ ਹਨ।

ਗਲੋਬਲ ਹਿੰਦੂ ਹੈਰੀਟੇਜ ਫ਼ਾਊਂਡੇਸ਼ਨ ਨੇ ਦਸੰਬਰ 2022 ਵਿੱਚ ਪ੍ਰੈਸ ਦਾ ਧਿਆਨ ਖਿੱਚਿਆ ਜਦੋਂ ਇਸਨੇ ਭਾਰਤ ਵਿੱਚ ਚਰਚਾਂ ਨੂੰ ਢਾਹੁਣ ਲਈ ਫ਼੍ਰਿਸਕੋ, ਟੈਕਸਾਸ ਵਿੱਚ ਇੱਕ ਫ਼ੰਡ ਇਕੱਠਾ ਕਰਨ ਦੀ ਮੁਹਿੰਮ ਬਾਰੇ ਮੇਜ਼ਬਾਨੀ ਕੀਤੀ। ਮਾਮਲੇ ਦੀ ਹੋਰ ਜਾਂਚ ਤੋਂ ਪਤਾ ਲੱਗਾ ਕਿ ਇਸ ਫ਼ੰਡ ਦੀ ਵਰਤੋਂ ਭਾਰਤ ਵਿੱਚ ਮੁਸਲਿਮ ਕਾਰੋਬਾਰਾਂ ਨੂੰ ਬੰਦ ਕਰਾਉਣ, ਮੁਸਲਿਮ -ਈਸਾਈ-ਵਿਰੋਧੀ ਸਾਜ਼ਿਸ਼ੀ ਕਾਰਵਾਈਆਂ ਨੂੰ ਉਤਸ਼ਾਹਿਤ ਕਰਨ, ਅਮਰੀਕਾ ਵਿੱਚ ਪ੍ਰਮੁੱਖ ਮੁਸਲਿਮ ਵਿਰੋਧੀ ਭਾਰਤੀ ਸਿਆਸਤਦਾਨਾਂ ਨੂੰ ਉਤਸ਼ਾਹਿਤ ਕਰਨ, ਭਾਰਤ ਵਿੱਚ ਮੁਸਲਮਾਨਾਂ ਅਤੇ ਈਸਾਈਆਂ ਦੇ ਕਥਿਤ ਜਬਰੀ ਧਰਮ ਪਰਿਵਰਤਨ ਮੁਹਿੰਮ ਨੂੰ ਰੋਕਣ ਵਿਰੁੱਧ ਇਕੱਠਾ ਕੀਤਾ ਗਿਆ। ਮਨੁੱਖੀ ਅਧਿਕਾਰ ਸੰਗਠਨਾਂ ਨੇ ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ (ਵੀਐਚਪੀ) ਵਿਰੁੱਧ ਵਿਰੋਧ ਪ੍ਰਦਰਸ਼ਨ ਕੀਤੇ ਜੋ ਭਾਰਤ ਵਿੱਚ ਮੁਸਲਮਾਨਾਂ ਅਤੇ ਈਸਾਈਆਂ ਵਿਰੁੱਧ ਹਿੰਸਾ ਲਈ ਜ਼ਿੰਮੇਵਾਰ ਹਨ। ਗਲੋਬਲ ਹਿੰਦੂ ਹੈਰੀਟੇਜ ਫ਼ਾਊਂਡੇਸ਼ਨ ਵਿਰੁੱਧ ਸ਼ਿਕਾਇਤ ਦਾਇਰ ਕਰਨ ਵਾਲੇ ਮਨੁੱਖੀ ਅਧਿਕਾਰ ਸਮੂਹਾਂ ਅਤੇ ਅੰਤਰਜਾਤੀ ਸੰਗਠਨਾਂ ਦੇ ਗੱਠਜੋੜ ਵਿੱਚ ਇੰਡੀਅਨ ਅਮਰੀਕਨ ਮੁਸਲਿਮ ਕੌਂਸਲ, ਹਿੰਦੂਜ਼ ਫ਼ਾਰ ਹਿਊਮਨ ਰਾਈਟਸ, ਕੌਂਸਲ ਆਨ ਅਮਰੀਕਨ ਇਸਲਾਮਿਕ ਰਿਲੇਸ਼ਨਜ਼ ਡੀ.ਐਫ਼.ਡਬਲਯੂ. ਚੈਪਟਰ, ਨੌਰਥ ਅਮਰੀਕਨ ਮਨੀਪੁਰ ਟਰਾਈਬਲ ਐਸੋਸੀਏਸ਼ਨ, ਟੈਕਸਾਸ ਅੰਬੇਡਕਰਵਾਦੀ ਬੋਧ ਸੰਘ, ਅਤੇ ਵਰਲਡ ਵਿਦਾਊਟ ਜੈਨੋਸਾਈਡ ਸ਼ਾਮਲ ਹਨ। ਇਹ ਸੰਸਥਾਵਾਂ ਦਲੀਲ ਦਿੰਦੀਆਂ ਹਨ ਕਿ ਗਲੋਬਲ ਹਿੰਦੂ ਹੈਰੀਟੇਜ ਫ਼ਾਊਂਡੇਸ਼ਨ ਦੀਆਂ ਗਤੀਵਿਧੀਆਂ ਨੂੰ ਫ਼ਿਰਕੂ ਜ਼ਹਿਰ ਫ਼ੈਲਾਉਣ ਕਰਕੇ ਅਮਰੀਕਨ ਟੈਕਸ-ਮੁਕਤ ਸਥਿਤੀ ਲਾਭ ਲੈਣ ਤੋਂ ਰੋਕਣਾ ਚਾਹੀਦਾ ਹੈ। ਇਸ ਦੀਆਂ ਨਫ਼ਰਤ ਫ਼ੈਲਾਉਣ ਵਾਲੀਆਂ ਗਤੀਵਿਧੀਆਂ ਚੈਰੀਟੇਬਲ ਜਾਂ ਧਾਰਮਿਕ ਸੰਸਥਾਵਾਂ ਦੀ ਨੈਤਿਕਤਾ ਤੇ ਸਿਧਾਂਤ ਤੋਂ ਬਾਹਰ ਹਨ। ਇਸ ਲਈ ਗਲੋਬਲ ਹਿੰਦੂ ਹੈਰੀਟੇਜ ਫ਼ਾਊਂਡੇਸ਼ਨ ਨੂੰ ਦਿੱਤੇ ਜਾਣ ਵਾਲੇ ਸਰਕਾਰੀ ਲਾਭਾਂ ਤੋਂ ਵਾਂਝਾ ਰੱਖਿਆ ਜਾਣਾ ਚਾਹੀਦਾ ਹੈ।

ਰਸ਼ੀਦ ਅਹਿਮਦ, ਆਈ.ਏ.ਐਮ.ਸੀ. ਦੇ ਕਾਰਜਕਾਰੀ ਨਿਰਦੇਸ਼ਕ ਨੇ ਕਿਹਾ ਕਿ ਆਈ.ਆਰ.ਐਸ. ਅਤੇ ਯੂ.ਐਸ. ਸਰਕਾਰ ਨੂੰ, ਕਿਸੇ ਵੀ ਤਰੀਕੇ ਨਾਲ, ਭਾਰਤ ਵਿੱਚ ਮੁਸਲਿਮ ਵਿਰੋਧੀ ਅਤੇ ਈਸਾਈ ਵਿਰੋਧੀ ਮੁਹਿੰਮਾਂ ਨੂੰ ਫ਼ੰਡ ਦੇਣ ਨਾਲ ਜੁੜੇ ਨਫ਼ਰਤੀ ਫ਼ਿਰਕੂ ਸੰਗਠਨਾਂ ਦੀ ਸਹਾਇਤਾ ਨਹੀਂ ਕਰਨੀ ਚਾਹੀਦੀ। ਗਲੋਬਲ ਹਿੰਦੂ ਹੈਰੀਟੇਜ ਫ਼ਾਊਂਡੇਸ਼ਨ ਦੀਆਂ ਗਤੀਵਿਧੀਆਂ ਸਪੱਸ਼ਟ ਤੌਰ 'ਤੇ ਗੈਰ-ਮੁਨਾਫ਼ਾ ਸਮੂਹਾਂ ਨੂੰ ਨਿਯੰਤ੍ਰਿਤ ਕਰਨ ਵਾਲੇ ਮੌਜੂਦਾ ਕਾਨੂੰਨਾਂ ਦੀ ਉਲੰਘਣਾ ਕਰਦੀਆਂ ਹਨ ਅਤੇ ਇਸਦੀ ਟੈਕਸ-ਮੁਕਤ ਸਥਿਤੀ ਇਸਨੂੰ ਵਿਦੇਸ਼ਾਂ ਵਿੱਚ ਆਪਣੀ ਨਫ਼ਰਤ ਨੂੰ ਵਧਾਉਣ ਦੀ ਮੁਹਿੰਮ ਵਿੱਚ ਮਦਦ ਕਰਦੀ ਹੈ। ਗਲੋਬਲ ਹਿੰਦੂ ਹੈਰੀਟੇਜ ਫ਼ਾਊਂਡੇਸ਼ਨ ਦੀ ਟੈਕਸ-ਮੁਕਤ ਸਥਿਤੀ ਨੂੰ ਤੁਰੰਤ ਰੱਦ ਕੀਤਾ ਜਾਣਾ ਚਾਹੀਦਾ ਹੈ।

ਜਾਰਜਟਾਊਨ ਯੂਨੀਵਰਸਿਟੀ ਦੇ ਬ੍ਰਿਜ ਇਨੀਸ਼ੀਏਟਿਵ ਦੇ ਅਨੁਸਾਰ, ਗਲੋਬਲ ਹਿੰਦੂ ਹੈਰੀਟੇਜ ਫ਼ਾਊਂਡੇਸ਼ਨ ਨੇ ਭਾਰਤ ਵਿੱਚ ਗਊ ਰੱਖਿਅਕ ਸਮੂਹਾਂ ਦੇ ਨਾਲ ਸਹਿਯੋਗ ਕੀਤਾ ਜੋ ਮੁਸਲਮਾਨਾਂ ਉਪਰ ਬੀਫ਼ ਖਾਣ ਤੇ ਵੇਚਣ ਦਾ ਬਹਾਨਾ ਬਣਾਕੇ ਮੁਸਲਮਾਨ ਭਾਈਚਾਰੇ ਉਪਰ ਹਿੰਸਕ ਹਮਲੇ ਕਰ ਰਹੇ ਸਨ। ਉਸਨੇ ਇਸ਼ਤਿਹਾਰਬਾਜ਼ੀ ਰਾਹੀਂ ਕਈ ਮੁਹਿੰਮਾਂ ਵੀ ਚਲਾਈਆਂ ਹਨ, ਵੱਖ-ਵੱਖ ਭਾਰਤੀ ਰਾਜਾਂ ਵਿੱਚ ਮੁਸਲਿਮ ਪੂਜਾ 'ਤੇ ਪਾਬੰਦੀ ਲਗਾਉਣ, ਮੁਸਲਿਮ ਕਾਰੋਬਾਰਾਂ ਨੂੰ ਬੰਦ ਕਰਨ, ਈਸਾਈਆਂ ਨੂੰ ਕਿਰਾਏ 'ਤੇ ਮਕਾਨ ਦੇਣ ਤੋਂ ਹਿੰਦੂ ਭਾਈਚਾਰੇ ਨੂੰ ਰੋਕਣ ਅਤੇ ਮੁਸਲਮਾਨਾਂ ਨੂੰ ਹਿੰਦੂ ਮੰਦਰਾਂ ਵਿੱਚ ਦਾਖਲ ਹੋਣ ਤੋਂ ਰੋਕਣ ਦੀਆਂ ਅਪੀਲਾਂ ਕੀਤੀਆਂ ਹਨ।

2022 ਵਿੱਚ, ਸੰਗਠਨ ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਵਿੱਚ ਮੰਦਰ ਦੇ ਅਧਿਕਾਰੀਆਂ ਅਤੇ ਸਥਾਨਕ ਪੁਲਿਸ ਦੀ ਸਹਾਇਤਾ ਨਾਲ ਮੰਦਰ ਦੇ ਆਲੇ ਦੁਆਲੇ ਦੇ ਖੇਤਰ ਵਿੱਚੋਂ ਮੁਸਲਮਾਨ ਦੁਕਾਨਦਾਰਾਂ ਨੂੰ ਬਾਹਰ ਕੱਢਿਆ ਸੀ। ਉਥੇ ਮੁਸਲਮਾਨਾਂ ਦੀਆਂ 13 ਦੁਕਾਨਾਂ ਬੰਦ ਕਰ ਦਿੱਤੀਆਂ ਗਈਆਂ ਸਨ। ਹਾਲ ਹੀ ਵਿੱਚ ਗਲੋਬਲ ਹਿੰਦੂ ਹੈਰੀਟੇਜ ਫ਼ਾਊਂਡੇਸ਼ਨ ਬਲਾਗ ਪੋਸਟ ਵਿੱਚ ਉਨ੍ਹਾਂ ਪੱਤਰਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ ਜੋ ਹਿੰਦੂ ਫ਼ਾਊਂਡੇਸ਼ਨ ਵੱਲੋਂ ਭਾਰਤੀ ਪੁਲਿਸ ਅਧਿਕਾਰੀਆਂ ਨੂੰ ਭੇਜੇ ਸਨ , ਜਿਸ ਵਿੱਚ ਉਹਨਾਂ ਨੂੰ ਦੂਜੇ ਖੇਤਰਾਂ ਤੋਂ ਮੁਸਲਿਮ ਵਿਕਰੇਤਾਵਾਂ ਨੂੰ ਹਟਾਉਣ ਦੀ ਅਪੀਲ ਕੀਤੀ ਗਈ ਸੀ। ਇਸੇ ਤਰ੍ਹਾਂ, 2020 ਵਿੱਚ, ਹਿੰਦੂ ਸੰਗਠਨਾਂ ਨੇ ਆਂਧਰਾ ਪ੍ਰਦੇਸ਼ ਵਿੱਚ ਇੱਕ ਹਸਪਤਾਲ ਨੂੰ ਬੇਨਤੀ ਕੀਤੀ ਸੀ ਕਿ ਉਹ ਆਪਣੇ ਸਾਰੇ ਕਰਮਚਾਰੀਆਂ ਦੇ ਧਾਰਮਿਕ ਵਿਸ਼ਵਾਸ ਦੀ ਜਾਂਚ ਕਰੇ ਤਾਂ ਸਾਰੀਆਂ ਈਸਾਈ ਨਰਸਾਂ ਨੂੰ ਹਟਾ ਦਿਤਾ ਜਾਵੇ।

### ਅਮਰੀਕੀ ਸੰਸਦ ਮੈਂਬਰ ਥਾਨੇਦਾਰ ਸਿੱਖਾਂ ਤੇ ਮਨੁੱਖੀ ਅਧਿਕਾਰਾਂ ਦੀਆਂ ਗਤੀਵਿਧੀਆਂ ਤੋਂ ਨਾਰਾਜ਼

ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰ ਸ਼੍ਰੀ ਥਾਨੇਦਾਰ ਅੱਜ ਕੱਲ੍ਹ ਸਿੱਖਾਂ ਤੇ ਮਨੁੱਖੀ ਅਧਿਕਾਰਾਂ ਦੀਆਂ ਗਤੀਵਿਧੀਆਂ ਤੋਂ ਬਹੁਤ ਔਖਾ ਹੈ। ਉਸਨੇ ਨਵੀਂ ਛੁਰਲੀ ਛਡਦਿਆਂ ਕਿਹਾ ਕਿ ਹਾਲ ਹੀ ਵਿੱਚ ਅਮਰੀਕਾ ਵਿੱਚ 'ਹਿੰਦੂ ਫ਼ੋਬੀਆ' ਵਿੱਚ ਵਾਧਾ ਦੇਖਿਆ ਗਿਆ ਹੈ, ਜਿਸ ਨਾਲ ਲੜਨ ਦੀ ਲੋੜ ਹੈ, (ਬਾਕੀ ਸਫ਼ਾ 30 'ਤੇ)

# ਕਦੋਂ ਤੱਕ ਮਧੋਲੀਆਂ ਜਾਣਗੀਆਂ ਮਾਸੂਮ ਕਲੀਆਂ ?

## ਕੰਜਕਾਂ ਦੀ ਪੂਜਾ ਕਰਨ ਵਾਲੇ ਦੇਸ਼ ਵਿੱਚ ਬਾਲੜੀਆਂ ਨਾਲ ਵਾਪਰ ਰਹੀਆਂ ਨੇ ਬਲਾਤਕਾਰ ਦੀਆਂ ਘਟਨਾਵਾਂ

ਸੰਗਰੂਰ ਨੇੜੇ ਅਹਿਮਦਗੜ੍ਹ ਦੇ ਰੋਹਿੜਾ ਇਲਾਕੇ ਵਿੱਚ ਬੀਤੇ ਦਿਨ ਇੱਕ ਮਜ਼ਦੂਰ ਵੱਲੋਂ ਆਪਣੇ ਸਾਥੀ ਮਜ਼ਦੂਰ ਦੀ ਸਾਢੇ ਤਿੰਨ ਸਾਲ ਦੀ ਧੀ ਦੀ ਜ਼ਬਰ ਜਨਾਹ ਤੋਂ ਬਾਅਦ ਹੱਤਿਆ ਕਰ ਦਿੱਤੀ ਗਈ। ਇਸ ਤੋਂ ਦੋ ਦਿਨ ਪਹਿਲਾਂ ਸਾਹਨੇਵਾਲ ਇਲਾਕੇ ਵਿੱਚ 6ਵੀਂ ਜਮਾਤ 'ਚ ਪੜ੍ਹਦੀ ਇੱਕ ਨਾਬਾਲਗ ਲੜਕੀ ਨੂੰ ਉਸ ਦੇ ਹੀ ਗੁਆਂਢ ਵਿੱਚ ਰਹਿੰਦੇ ਦੋ ਸਕੇ ਭਰਾਵਾਂ ਵੱਲੋਂ ਜ਼ਬਰ ਜਨਾਹ ਕਰਕੇ ਗਰਭਵਤੀ ਕਰਨ ਦਾ ਮਾਮਲਾ ਸਾਹਮਣੇ ਆਇਆ ਸੀ , ਜਿਸ ਤੋਂ ਇਹ ਸੱਚਾਈ ਉੱਭਰ ਕੇ ਆਉਂਦੀ ਹੈ ਕਿ ਅੱਜ ਦੇ ਆਧੁਨਿਕ ਸਮਾਜ ਵਿੱਚ ਵੀ ਮਾਸੂਮ ਲੜਕੀਆਂ ਸੁਰੱਖਿਅਤ ਨਹੀਂ ਹਨ ਅਤੇ ਅੱਜ ਵੀ ਮਾਸੂਮ ਕਲੀਆਂ ਨੂੰ ਮਧੋਲਣ ਵਾਲੇ ਗੁੰਡਾ ਅਨਸਰ ਸਾਡੇ ਆਲ਼ੇ ਦੁਆਲ਼ੇ ਹੀ ਹਰਲ ਹਰਲ ਕਰਦੇ ਫਿਰਦੇ ਹਨ।

ਲੰਘੇ ਦਿਨਾਂ ਦੌਰਾਨ ਵਾਪਰੀਆਂ ਇਹ ਘਟਨਾਵਾਂ ਤਾਂ ਸਾਹਮਣੇ ਆ ਗਈਆਂ ਹਨ, ਪਰ ਵੱਡੀ ਗਿਣਤੀ ਅਜਿਹੀਆਂ ਘਟਨਾਵਾਂ ਤਾਂ ਸਾਹਮਣੇ ਵੀ ਨਹੀਂ ਆਉਂਦੀਆਂ ਅਤੇ ਪੀੜਤ ਲੜਕੀ ਦੇ ਮਾਪੇ ਬਦਨਾਮੀ ਹੋਣ ਦੇ ਡਰੋ ਜਾਂ ਤਾਂ ਚੁੱਪ ਕਰਕੇ ਰਹਿ ਜਾਂਦੇ ਹਨ ਜਾਂ ਫਿਰ ਆਪਣਾ ਘਰ ਵੇਚ ਕੇ ਕਿਸੇ ਹੋਰ ਸ਼ਹਿਰ ਵਿੱਚ ਚਲੇ ਜਾਂਦੇ ਹਨ।



ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਵੱਲੋਂ ਦਸੰਬਰ 2023 ਨੂੰ ਪੰਜਾਬ ਸਮੇਤ ਪੂਰੇ ਦੇਸ਼ ਦੇ ਰਾਜਾਂ ਦੀ ਸਥਿਤੀ ਬਾਰੇ ਰਿਪੋਰਟ ਪੇਸ਼ ਕੀਤੀ ਗਈ ਸੀ। ਇਸ ਰਿਪੋਰਟ ਦੇ ਅੰਕੜਿਆਂ ਨੇ ਲੋਕਾਂ ਦੀ ਚਿੰਤਾ ਵਧਾ ਦਿੱਤੀ ਸੀ। ਹਾਲਾਂਕਿ ਇਸ ਨਾਲ ਕੁਝ ਰਾਹਤ ਵੀ ਮਿਲੀ । ਇਸ ਰਿਪੋਰਟ ਮੁਤਾਬਕ ਪੰਜਾਬ ਵਿੱਚ ਬਲਾਤਕਾਰ ਦੇ ਮਾਮਲਿਆਂ ਵਿੱਚ 10.80 ਫੀਸਦੀ ਦਾ ਵਾਧਾ ਹੋਇਆ ਹੈ। ਸਾਲ 2021 ਵਿੱਚ ਬਲਾਤਕਾਰ ਦੇ 464 ਕੇਸਾਂ ਦੇ ਮੁਕਾਬਲੇ ਸਾਲ 2022 ਵਿੱਚ 517 ਕੇਸ ਦਰਜ ਹੋਏ ਸਨ। ਇਹ ਵੀ ਸਾਹਮਣੇ ਆਇਆ ਹੈ ਕਿ ਇਨ੍ਹਾਂ ਕੁੱਲ ਕੇਸਾਂ ਵਿੱਚੋਂ 514 ਮੁਲਜ਼ਮ ਬਲਾਤਕਾਰ ਪੀੜ੍ਹਤਾਂ ਦੇ ਜਾਣਕਾਰ ਸਨ।

ਇਸ ਦਾ ਮਤਲਬ ਹੈ ਕਿ 99.4 ਫੀਸਦੀ ਮਾਮਲਿਆਂ ਵਿੱਚ ਪੀੜ੍ਹਤਾਂ ਬਲਾਤਕਾਰੀਆਂ ਨੂੰ ਪਹਿਲਾਂ ਤੋਂ ਹੀ ਜਾਣਦੀਆਂ ਸਨ। ਇਸ ਦੇ ਮੁਕਾਬਲੇ ਗੁਆਂਢੀ ਸੂਬੇ ਹਰਿਆਣਾ ਵਿੱਚ 1786 ਔਰਤਾਂ ਨਾਲ ਬਲਾਤਕਾਰ ਹੋਇਆ, ਜੋ ਕਿ ਪੰਜਾਬ ਨਾਲੋਂ ਤਿੰਨ ਗੁਣਾ ਵੱਧ ਹੈ। ਇਸ ਦੇ ਨਾਲ ਹੀ ਪੰਜਾਬ ਵਿੱਚ ਸਾਲ 2022 ਦੌਰਾਨ 670 ਕਤਲ ਕੇਸ ਦਰਜ ਹੋਏ ਹਨ ਅਤੇ ਸਾਲ 2021 ਦੇ ਮੁਕਾਬਲੇ ਇਸ ਵਿੱਚ 7.6 ਫੀਸਦੀ ਦੀ ਕਮੀ ਆਈ ਹੈ, ਜੋ ਕਿ ਕੁਝ ਰਾਹਤ ਵਾਲੀ ਗੱਲ ਹੈ।

ਨਾਬਾਲਗ ਲੜਕੀਆਂ ਨਾਲ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰਨੀਆਂ ਕੋਈ ਨਵਾਂ ਵਰਤਾਰਾ ਨਹੀਂ ਸਗੋਂ ਇਹ ਤਾਂ ਸਦੀਆਂ ਤੋਂ ਚਲਦਾ ਆਇਆ ਹੈ। ਪੁਰਾਣੇ ਸਮੇਂ ਵਿੱਚ ਲੜਕੀ ਜੰਮਣ ਨੂੰ ਬਹੁਤ ਮਾੜਾ ਸਮਝਿਆ ਜਾਂਦਾ ਸੀ, ਇਸ ਕਰਕੇ ਹੀ ਜੰਮਦੇ ਸਾਰ ਹੀ ਲੜਕੀ ਨੂੰ ਘੜੇ ਵਿੱਚ ਪਾ ਕੇ ਮਿੱਟੀ ਵਿੱਚ ਦਬਾ ਦਿੱਤਾ ਜਾਂਦਾ ਸੀ ਜਾਂ ਗਲਾ ਘੋਟ ਕੇ ਮਾਰ ਦਿੱਤਾ ਜਾਂਦਾ ਸੀ। ਇਸੇ ਤਰ੍ਹਾਂ ਹੀ ਬਾਲ ਵਿਆਹ ਦੀ ਰਵਾਇਤ ਵੀ ਉਸ ਸਮੇਂ ਜਾਰੀ ਸੀ। ਅਕਸਰ ਵੱਡੀ ਗਿਣਤੀ ਲੋਕ ਆਪਣੀਆਂ ਨਾਬਾਲਗ ਬੱਚੀਆਂ ਦੇ ਵਿਆਹ ਕਰ ਦਿੰਦੇ ਸਨ ਤੇ ਬਹਾਨਾ ਇਹ ਲਾਉਂਦੇ ਸਨ ਕਿ ਜੇ ਉਹਨਾਂ ਦੀਆਂ ਨਾਬਾਲਗ ਕੁੜੀਆਂ ਪੇਕਿਆਂ ਘਰ ਹੀ ਜਵਾਨ ਹੋ ਜਾਣਗੀਆਂ ਤਾਂ ਉਹਨਾਂ ਨੂੰ ਮੁਗ਼ਲ ਸੈਨਿਕ ਜਾਂ ਡਾਕੂ ਚੁੱਕ ਕੇ ਲੈ ਜਾਣਗੇ। ਇਸ ਕਰਕੇ ਅਨੇਕਾਂ ਲੋਕ ਆਪਣੀਆਂ ਨਾਬਾਲਗ ਧੀਆਂ ਨੂੰ ਬਚਪਨ ਵਿੱਚ ਹੀ ਵਿਆਹ ਦਿੰਦੇ ਸਨ ਤਾਂ ਕਿ ਜਵਾਨ ਹੋਣ ਤੱਕ ਉਹ ਕੁੜੀਆਂ ਮਾਵਾਂ ਬਣ ਜਾਣ। ਇਸ ਤਰ੍ਹਾਂ ਬਾਲ ਵਿਆਹ ਦੀ ਕੁਪ੍ਰਥਾ ਆਰੰਭ ਹੋ ਗਈ ਸੀ। ਅੱਜ ਦੇ ਆਧੁਨਿਕ ਜ਼ਮਾਨੇ ਵਿੱਚ ਭਾਵੇਂ ਬਾਲ ਵਿਆਹ ਦੀ ਕੁਪ੍ਰਥਾ ਸਮਾਪਤ ਹੋ ਗਈ ਹੈ ਪਰ ਮਾਸੂਮ ਲੜਕੀਆਂ ਨਾਲ ਧੱਕੇਸ਼ਾਹੀ ਅਤੇ ਜਿਨਸੀ ਸ਼ੋਸ਼ਣ ਹੋਣ ਦੀਆਂ ਘਟਨਾਵਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ।

ਸਿਰਫ਼ ਪੰਜਾਬ ਹੀ ਨਹੀਂ ਸਗੋਂ ਪੂਰੇ ਭਾਰਤ ਵਿੱਚ ਹੀ ਛੋਟੀਆਂ ਬੱਚੀਆਂ ਤੋਂ ਲੈ ਕੇ ਬਜ਼ੁਰਗ ਔਰਤਾਂ ਨਾਲ ਵੀ ਬਲਾਤਕਾਰ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਭਾਰਤ ਨੂੰ ਕੰਜਕਾਂ ਪੂਜਣ ਅਤੇ ਦੇਵੀ ਪੂਜਾ ਕਰਨ ਵਾਲਾ ਦੇਸ਼ ਕਿਹਾ ਜਾਂਦਾ ਹੈ ਪਰ ਇਸ ਦੇਸ਼ ਵਿੱਚ ਹੀ ਹਰ ਦਿਨ ਬਾਲੜੀਆਂ ਤੋਂ ਲੈ ਕੇ ਬੁੱਢੀਆਂ ਔਰਤਾਂ ਨਾਲ ਬਲਾਤਕਾਰ ਦੀਆਂ ਵਾਪਰ ਰਹੀਆਂ ਘਟਨਾਵਾਂ ਦੇਸ਼ ਦਾ ਹੋਰ ਚਿਹਰਾ ਸਾਹਮਣੇ ਲਿਆਉਂਦੀਆਂ ਹਨ। ਕਈ ਵਾਰ ਤਾਂ ਮਹਿਲਾਵਾਂ ਨਾਲ ਬਲਾਤਕਾਰ ਕਰਨ ਵਾਲੇ ਉਹਨਾਂ ਦੇ ਜਾਣ ਪਹਿਚਾਣ ਵਾਲੇ ਹੀ ਹੁੰਦੇ ਹਨ। ਇਸ ਤੋਂ ਇਲਾਵਾ ਨਾਬਾਲਗ ਲੜਕੀਆਂ ਨੂੰ ਵਰਗਲਾ ਕੇ ਜਾਂ ਵਿਆਹ ਦਾ ਝਾਂਸਾ ਦੇ ਕੇ ਵੀ ਉਹਨਾਂ ਦਾ ਜਿਨਸੀ ਸ਼ੋਸ਼ਣ ਕੀਤਾ ਜਾਂਦਾ ਹੈ।

ਭਾਵੇਂ ਬਲਾਤਕਾਰ ਦੇ ਦੋਸ਼ੀਆਂ ਨੂੰ ਮਾਣਯੋਗ ਅਦਾਲਤ ਰਾਹੀਂ ਸਖ਼ਤ ਸਜ਼ਾਵਾਂ ਦੇਣ ਦੀ ਵਿਵਸਥਾ ਹੈ ਪਰ ਜ਼ਿਆਦਾਤਰ ਦੋਸ਼ੀ ਸ਼ੱਕ ਦੇ ਲਾਭ ਲੈ ਕੇ ਜਾਂ ਠੋਸ ਸਬੂਤ ਨਾ ਹੋਣ ਦੀ ਸੂਰਤ ਵਿੱਚ ਬਚ ਜਾਂਦੇ ਹਨ। ਇਸ ਤੋਂ ਇਲਾਵਾ ਭਾਰਤ ਵਿੱਚ ਮਹਿਲਾਵਾਂ ਨਾਲ ਬਲਾਤਕਾਰ ਹੋਣ ਦੇ ਵੱਡੀ ਗਿਣਤੀ ਮਾਮਲੇ ਪੈਸੇ ਨਾਲ, ਤਾਕਤ ਨਾਲ ਜਾਂ ਡਰਾ ਧਮਕਾ ਕੇ ਵੀ ਦਬਾਅ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਬਲਾਤਕਾਰ ਦੀਆਂ ਪੀੜ੍ਹਤ ਲੜਕੀਆਂ ਅਕਸਰ ਆਪਣੀ ਬਦਨਾਮੀ ਦੇ ਡਰੋਂ ਵੀ ਅਜਿਹੀਆਂ ਘਟਨਾਵਾਂ ਸਬੰਧੀ ਚੁੱਪ ਰਹਿੰਦੀਆਂ ਹਨ ਅਤੇ ਉਹਨਾਂ ਦੇ ਮਾਪੇ ਵੀ ਬਦਨਾਮੀ ਦੇ ਡਰ ਕਾਰਨ ਚੁੱਪ ਹੋ ਜਾਂਦੇ ਹਨ।

ਭਾਰਤ ਦੀ ਸੱਤਾਧਾਰੀ ਪਾਰਟੀ ਭਾਜਪਾ ਵੱਲੋਂ ਭਾਰਤ ਨੂੰ ਇਸ ਸਮੇਂ ਵਿਸ਼ਵ ਦੀ ਮਹਾਂ ਸ਼ਕਤੀ ਬਣਾਉਣ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਇਸੇ ਦੇਸ਼ ਵਿੱਚ ਬਾਲੜੀਆਂ ਤੋਂ ਲੈ ਕੇ ਬਜ਼ੁਰਗ ਔਰਤਾਂ ਨਾਲ ਵਾਪਰ ਰਹੀਆਂ ਬਲਾਤਕਾਰ ਦੀਆਂ ਘਟਨਾਵਾਂ ਆਧੁਨਿਕ ਭਾਰਤ ਦਾ ਵੱਖਰਾ ਹੀ ਰੂਪ ਦਿਖਾ ਰਹੀਆਂ ਹਨ।

## ਭਾਰਤ ਦਾ ਚੋਣ ਇਤਿਹਾਸ

# ਸ਼ਿਆਮ ਸ਼ਰਨ ਨੇਗੀ ਸੀ ਭਾਰਤ ਦਾ ਪਹਿਲਾ ਵੋਟਰ

## ਚੋਣ ਕਮਿਸ਼ਨ ਨੇ ਬਣਾਇਆ ਸੀ ਬ੍ਰਾਂਡ ਅੰਬੈਸਡਰ

ਭਾਰਤ ਦੇ ਆਜ਼ਾਦ ਹੋਣ ਤੋਂ ਚਾਰ ਸਾਲ ਬਾਅਦ ਪਹਿਲੀ ਵਾਰ ਅਕਤੂਬਰ 1951 ਵਿਚ ਚੋਣਾਂ ਹੋਈਆਂ ਸਨ। ਆਜ਼ਾਦ ਭਾਰਤ ਵਿਚ ਸਭ ਤੋਂ ਪਹਿਲਾਂ ਕਿੰਨੌਰ ਵਿੱਚ ਵੋਟਿੰਗ ਹੋਈ ਸੀ। ਭਾਰਤ ਦੇ ਚੋਣ ਇਤਿਹਾਸ ਵਿੱਚ ਪਹਿਲੇ ਵੋਟਰ ਸ਼ਿਆਮ ਸ਼ਰਨ ਨੇਗੀ ਸਨ ਅਤੇ ਉਹਨਾਂ ਨੇ ਪਹਿਲੀ ਵਾਰ 25 ਅਕਤੂਬਰ 1951 ਨੂੰ ਵੋਟ ਪਾਈ ਸੀ। ਅਸਲ ਵਿੱਚ ਪੂਰੇ ਭਾਰਤ ਵਿੱਚ ਫਰਵਰੀ 1952 ਵਿੱਚ ਪਹਿਲੀ ਵਾਰ ਚੋਣਾਂ ਹੋਈਆਂ ਸਨ ਅਤੇ ਹਿਮਾਚਲ ਵਿੱਚ ਵੀ ਸਾਲ 1952 ਵਿੱਚ ਚੋਣਾਂ ਹੋਣੀਆਂ ਸਨ ਪਰ ਕਈ ਲੋਕਾਂ ਨੇ ਇਸ ਗੱਲ ’ਤੇ ਇਤਰਾਜ਼ ਜਤਾਇਆ ਕਿ ਜਨਵਰੀ, ਫਰਵਰੀ ਅਤੇ ਮਾਰਚ ਵਿੱਚ ਬਰਫ਼ਬਾਰੀ ਹੁੰਦੀ ਹੈ ਅਤੇ ਕੜਾਕੇ ਦੀ ਠੰਢ ਹੁੰਦੀ ਹੈ। ਇਸ ਤਰ੍ਹਾਂ ਦੇ ਮੌਸਮ ਵਿੱਚ ਕੋਈ ਵੀ ਵਿਅਕਤੀ ਵੋਟ ਨਹੀਂ ਪਾ ਸਕੇਗਾ। ਇਸ ਲਈ ਕਿੰਨਰਾਂ ਨੂੰ ਇਸ ਤੋਂ ਵੱਖ ਕਰ ਦੇਣਾ ਚਾਹੀਦਾ ਹੈ। ਇਸ ਤੋਂ ਬਾਅਦ ਅਕਤੂਬਰ 1951 ਵਿੱਚ ਇੱਥੇ ਚੋਣਾਂ ਹੋਈਆਂ। ਉਸ ਸਮੇਂ ਅੱਜ ਵਰਗੀਆਂ ਸਹੂਲਤਾਂ ਨਹੀਂ ਸਨ। ਸ਼ਿਆਮ ਸ਼ਰਨ ਨੇਗੀ ਦੀ ਇਹਨਾਂ ਚੋਣਾਂ ਦੌਰਾਨ ਚੋਣ ਡਿਊਟੀ ਵੀ ਲਗਾਈ ਗਈ ਸੀ। ਇਸ ਸਮੇਂ ਉਨ੍ਹਾਂ ਵਿੱਚ ਵੋਟ ਪਾਉਣ ਲਈ ਭਾਰੀ ਉਤਸ਼ਾਹ ਸੀ ਪਰ ਉਸਦਾ ਬੂਥ ਕਲਪਾ ਵਿੱਚ ਸੀ। ਵੋਟਾਂ ਵਾਲੇ ਦਿਨ ਉਹ ਸਵੇਰੇ ਉੱਠ ਕੇ ਵੋਟ ਪਾਉਣ ਲਈ ਪੋਲਿੰਗ ਸਟੇਸ਼ਨ ਪਹੁੰਚ ਗਿਆ। ਉਨ੍ਹਾਂ ਚੋਣ ਡਿਊਟੀ ’ਤੇ ਤਾਇਨਾਤ ਮੁਲਾਜ਼ਮਾਂ ਨੂੰ ਕਿਹਾ ਕਿ ਉਨ੍ਹਾਂ ਨੇ ਚੋਣ ਡਿਊਟੀ ’ਤੇ ਜਾਣਾ ਹੈ, ਇਸ ਲਈ ਉਹ ਜਲਦੀ ਵੋਟ ਪਾਉਣ। ਚੋਣ ਡਿਊਟੀ ’ਤੇ ਤਾਇਨਾਤ ਕਰਮਚਾਰੀਆਂ ਨੇ ਉਸ ਦੀ ਬੇਨਤੀ ਨੂੰ ਸਵੀਕਾਰ ਕਰ ਲਿਆ ਅਤੇ ਉਸ ਨੂੰ ਜਲਦੀ ਵੋਟ ਪਾਉਣ ਦੀ ਇਜਾਜ਼ਤ ਦੇ ਦਿੱਤੀ। ਉਸ ਸਮੇਂ ਨੇਗੀ ਦੀ ਉਮਰ 31 ਸਾਲ ਸੀ। ਉਸ ਨੂੰ ਪਤਾ ਨਹੀਂ ਸੀ ਕਿ ਕਾਹਲੀ ਵਿੱਚ ਆਪਣੀ ਵੋਟ ਪਾ ਕੇ ਉਹ ਇਤਿਹਾਸ ਵਿੱਚ ਆਪਣਾ ਨਾਂ ਦਰਜ ਕਰਵਾਉਣ ਜਾ ਰਿਹਾ ਹੈ।



**ਕਈ ਸਾਲਾਂ ਬਾਅਦ ਸੱਚ ਸਾਹਮਣੇ ਆਇਆ**

ਸ਼ਿਆਮ ਸ਼ਰਨ ਨੇਗੀ ਵੱਲੋਂ ਪਹਿਲੀ ਵਾਰ ਵੋਟ ਪਾਉਣ ਦਾ ਸੱਚ ਕਈ ਸਾਲਾਂ ਬਾਅਦ ਸਾਹਮਣੇ ਆਇਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਹਿਮਾਚਲ ਪ੍ਰਦੇਸ਼ ਦੀ ਮੁੱਖ ਚੋਣ ਅਧਿਕਾਰੀ ਮਨੀਸ਼ਾ ਨੰਦਾ ਨੇ ਪਹਿਲੀ ਵਾਰ ਤੱਥਾਂ ਦੀ ਜਾਂਚ ਕੀਤੀ। ਉਨ੍ਹਾਂ ਦੀ ਬਦੌਲਤ ਹੀ ਸ਼ਿਆਮ ਸ਼ਰਨ ਨੇਗੀ ਨੂੰ ਨਵੀਂ ਪਛਾਣ ਮਿਲੀ।। ਉਨ੍ਹਾਂ ਦਿਨਾਂ ਵਿੱਚ ਚੋਣ ਕਮਿਸ਼ਨ ਸਭ ਤੋਂ ਪਹਿਲਾਂ ਆਮ ਚੋਣਾਂ ਵਿੱਚ ਵੋਟ ਪਾਉਣ ਵਾਲਿਆਂ ਦੀ ਪਛਾਣ ਕਰ ਰਿਹਾ ਸੀ। ਮਨੀਸ਼ਾ ਨੰਦਾ ਨੂੰ ਪਤਾ ਸੀ ਕਿ ਆਜ਼ਾਦ ਭਾਰਤ ਵਿੱਚ ਸਭ ਤੋਂ ਪਹਿਲਾਂ ਕਿੰਨੌਰ ਵਿੱਚ ਵੋਟਿੰਗ ਹੋਈ ਸੀ। ਇੱਕ ਦਿਨ ਉਸਨੂੰ ਫੋਟੋ ਵੋਟਰ ਸ਼ਨਾਖਤੀ ਕਾਰਡ ਦਾ ਰਿਕਾਰਡ ਮਿਲਿਆ। ਇਸ ਵਿੱਚ 90 ਸਾਲ ਦੇ ਇੱਕ ਵੋਟਰ ਦਾ ਨਾਮ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਤਤਕਾਲੀ ਜ਼ਿਲ੍ਹਾ ਡਿਪਟੀ ਕਮਿਸ਼ਨਰ ਐਮ.ਸੁਧਾ ਦੇਵੀ ਨੂੰ ਤੱਥਾਂ ਦੀ ਪੁਸ਼ਟੀ ਕਰਨ ਲਈ ਕਿਹਾ, ਅੰਤ ਵਿੱਚ ਇਸਦੀ ਪੁਸ਼ਟੀ ਹੋ ਗਈ।

**ਚੋਣ ਕਮਿਸ਼ਨ ਨੇ ਬਣਾਇਆ ਬ੍ਰਾਂਡ ਅੰਬੈਸਡਰ**

ਸ਼ਿਆਮ ਸ਼ਰਨ ਨੇਗੀ ਨੇ ਉਸ ਸਮੇਂ ਨੌਵੀਂ ਜਮਾਤ ਤੱਕ ਪੜ੍ਹਾਈ ਕੀਤੀ ਸੀ। 1940 ਤੋਂ 1946 ਤੱਕ ਉਸਨੇ ਜੰਗਲਾਤ ਵਿਭਾਗ ਵਿੱਚ ਵਣ ਗਾਰਡ ਵਜੋਂ ਕੰਮ ਕੀਤਾ ਅਤੇ ਫਿਰ ਸਕੂਲ ਅਧਿਆਪਕ ਬਣ ਗਿਆ। 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਗੂਗਲ ਇੰਡੀਆ ਨੇ ਉਨ੍ਹਾਂ ’ਤੇ ਇਕ ਛੋਟੀ ਡਾਕੂਮੈਂਟਰੀ ਬਣਾਈ ਸੀ। ਚੋਣ ਕਮਿਸ਼ਨ ਨੇ ਉਨ੍ਹਾਂ ਨੂੰ ਬ੍ਰਾਂਡ ਅੰਬੈਸਡਰ ਬਣਾਇਆ ਅਤੇ ਸਾਰਿਆਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕੀਤਾ। ਚੋਣ ਕਮਿਸ਼ਨ ਉਸ ਨੂੰ ਕਿਨੌਰ ਦੇ ਕਲਪਾ ਬੂਥ ’ਤੇ ਵੋਟ ਪਾਉਣ ਲਈ ਘਰੋਂ ਲੈ ਜਾਂਦਾ ਸੀ। ਸ਼ਿਆਮ ਸ਼ਰਨ ਨੇਗੀ ਦੀ ਮੌਤ 5 ਨਵੰਬਰ 2022 ਨੂੰ 106 ਸਾਲ ਦੀ ਉਮਰ ਵਿੱਚ ਹੋਈ ਸੀ। ਉਸਨੇ ਆਪਣੀ ਮੌਤ ਤੋਂ ਦੋ ਦਿਨ ਪਹਿਲਾਂ, 2 ਨਵੰਬਰ 2022 ਨੂੰ ਆਪਣੇ ਘਰ ਤੋਂ ਪੋਸਟਲ ਬੈਲਟ ਰਾਹੀਂ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਲਈ ਆਪਣੀ ਆਖਰੀ ਵੋਟ ਪਾਈ ਸੀ।



### ਪਹਿਲੀ ਲੋਕ ਸਭਾ

ਚੋਣਾਂ 25 ਅਕਤੂਬਰ 1951 ਤੋਂ 21 ਫਰਵਰੀ 1952 ਤੱਕ ਹੋਈਆਂ।

17 ਅਪ੍ਰੈਲ 1952 ਨੂੰ ਪਹਿਲੀ ਲੋਕ ਸਭਾ ਹੋਂਦ ਵਿੱਚ ਆਈ।

13 ਮਈ 1952 ਨੂੰ ਪਹਿਲੀ ਬੈਠਕ ਰੱਖੀ ਗਈ।

ਸਪੀਕਰ: ਗਣੇਸ਼ ਵਾਸੁਦੇਵ ਮਾਵਲੰਕਰ

ਡਿਪਟੀ ਸਪੀਕਰ: ਐਮ ਅਨੰਤਸਾਯਾਨਮ ਆਇੰਗਰ

4 ਅਪ੍ਰੈਲ 1952 ਨੂੰ ਪਹਿਲੀ ਲੋਕ ਸਭਾ ਭੰਗ ਕਰ ਦਿੱਤੀ ਗਈ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



## ਮਾਮਲਾ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿੱਚ ਤਬਦੀਲ ਕਰਨ ਦਾ

# ਅੰਮ੍ਰਿਤਸਰ 'ਚ ਸਰਕਾਰੀ ਰੋਕਾਂ ਦੇ ਬਾਵਜੂਦ ਹੋਇਆ ਪੰਥਕ ਇਕੱਠ, 8 ਮਤੇ ਕੀਤੇ ਪਾਸ





ਅੰਮ੍ਰਿਤਸਰ/ਏ.ਟੀ.ਨਿਊਜ਼ : ਆਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ 'ਵਾਰਿਸ ਪੰਜਾਬ ਦੇ' ਮੁਖੀ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਦੀ ਪੰਜਾਬ ਵਿੱਚ ਜੇਲ੍ਹ ਤਬਦੀਲੀ ਲਈ ਅੰਮ੍ਰਿਤਸਰ ਵਿਖੇ ਸੱਦੇ ਗਏ ਪੰਥਕ ਇਕੱਠ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਆਗੂ ਸ਼ਾਮਿਲ ਹੋਏ । ਇਸ ਮੌਕੇ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਜਾਰੀ ਕੀਤਾ ਗਿਆ ਸੰਦੇਸ਼ ਸਿੱਖ ਇਤਿਹਾਸਕਾਰ ਸੁਖਪ੍ਰੀਤ ਸਿੰਘ ਉਦੋਕੇ ਨੇ ਪੜ੍ਹਕੇ ਸੁਣਾਇਆ, ਜਿਸ ਵਿੱਚ ਕਿਹਾ ਗਿਆ ਕਿ ਪਿਛਲੇ ਸਮੇਂ ਦੌਰਾਨ ਵਾਪਰੀਆਂ ਘਟਨਾਵਾਂ ਤੋਂ ਭਾਰਤ ਦੇ ਹਾਕਮਾਂ ਦਾ ਸਿੱਖ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ। ਸਰਕਾਰਾਂ ਵੱਲੋਂ ਨਜ਼ਰਬੰਦ ਸਿੰਘਾਂ ਦੀਆਂ ਹੱਕੀ ਮੰਗਾਂ ਪ੍ਰਤੀ ਪ੍ਰਗਟਾਈ ਜਾ ਰਹੀ ਬੇਰੁਖ਼ੀ ਤੇ ਕਠੋਰਤਾ ਜੱਗ ਜ਼ਾਹਿਰ ਹੋ ਗਈ ਹੈ । ਸਰਕਾਰਾਂ ਵੱਲੋਂ ਧਾਰਨ ਕੀਤੇ ਗਏ ਇਸ ਸਿੱਖ ਵਿਰੋਧੀ ਤੇ ਗੈਰ-ਮਾਨਵੀ ਵਤੀਰੇ ਨੂੰ ਦੇਖਦੇ ਹੋਏ ਸਾਨੂੰ ਆਪਸੀ ਵਿਰੋਧਾਂ ਤੇ ਵਖਰੇਵਿਆਂ ਤੋਂ ਉਪਰ ਉਠ ਕੇ ਇਕਜੁੱਟ ਹੋਣ ਦੀ ਲੋੜ ਤੇ ਅਹਿਮੀਅਤ ਨੂੰ ਪਛਾਣਨ ਦੀ ਲੋੜ ਹੈ। ਉਨ੍ਹਾਂ ਪੰਥਕ ਜਥੇਬੰਦੀਆਂ ਤੇ ਸੰਸਥਾਵਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਸਟੇਜ ਤੋਂ ਕਿਸੇ ਵੀ ਸਿੱਖ ਜਥੇਬੰਦੀ, ਸੰਸਥਾ ਤੇ ਸ਼ਖ਼ਸੀਅਤ ਖ਼ਿਲਾਫ਼ ਬੋਲਣ ਤੋਂ ਪੂਰੀ ਤਰ੍ਹਾਂ ਗੁਰੇਜ ਕੀਤਾ ਜਾਵੇ। ਸਰਕਾਰਾਂ ਆਪਣੇ ਭੜਕਾਊ ਏਜੰਟਾਂ ਜਰੀਏ ਸਾਡੇ ਸੰਘਰਸ਼ ਨੂੰ ਗਲਤ ਦਿਸ਼ਾ ਤੇ ਰੰਗਤ ਦੇਣ ਦੇ ਯਤਨ ਕਰ ਸਕਦੀਆਂ ਹਨ ।

### ਅੱਠ ਮਤੇ ਪ੍ਰਵਾਨ

ਪਹਿਲੇ ਮਤੇ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੂੰ ਐੱਨ.ਐੱਸ.ਏ. ਲਗਾ ਕੇ ਪੰਜਾਬ ਤੋਂ 3000 ਕਿਲੋਮੀਟਰ ਦੂਰ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਕਰਨ ਤੇ ਭਾਈ ਗੁਰਪ੍ਰੀਤ ਸਿੰਘ ਸਮੇਤ ਹੋਰ ਸਾਥੀਆਂ ਨੂੰ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ 'ਚ ਝੂਠੇ ਕੇਸ ਪਾ ਕੇ ਡੱਕਣ ਦੀ ਨਿੰਦਾ ਕੀਤੀ ਗਈ । ਦੂਸਰੇ ਮਤੇ 'ਚ ਡਿਬਰੂਗੜ੍ਹ ਜੇਲ੍ਹ 'ਚ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਮੁਲਾਕਾਤ ਸਮੇਂ ਡਿਉੜੀ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਦੀ ਬੈਰਕ ਤੇ ਬਾਥਰੂਮ ਵਗ਼ੈਰਾ 'ਚ ਕੈਮਰੇ ਲਗਾਉਣ ਨੂੰ ਮੌਲਿਕ ਅਧਿਕਾਰਾਂ ਦੀ ਉਲੰਘਣਾ ਦੱਸਿਆ ਗਿਆ ਤੇ ਮੰਗ ਕੀਤੀ ਗਈ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿੱਚ ਤਬਦੀਲ ਕੀਤਾ ਤੇ ਉਨ੍ਹਾਂ 'ਤੇ ਲਗਾਈ ਗਈ ਐੱਨ.ਐੱਸ.ਏ. ਵਧਾਉਣ ਦੀ ਸਖ਼ਤ ਨਿਖੇਧੀ ਕਰਦੇ ਹੋਏ ਐੱਨ. ਐੱਸ. ਏ. ਖਤਮ ਕਰਨ ਦੀ ਮੰਗ ਕੀਤੀ ਗਈ। ਤੀਸਰੇ ਮਤੇ ਵਿੱਚ ਸ਼੍ਰੋਮਣੀ ਕਮੇਟੀ ਸਮੇਤ ਸਮੁੱਚੇ ਪੰਥਕ ਤੇ ਪੰਜਾਬ ਹਿਤੈਸ਼ੀ ਜਥੇਬੰਦੀਆਂ ਨੂੰ ਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਗਈ ਕਿ ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਤੱਕ ਤੇ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀ ਸਿੰਘਾਂ ਦੀ ਪੰਜਾਬ ਵਾਪਸੀ ਤੇ ਰਿਹਾਈ ਵਾਸਤੇ, ਧੜੇਬੰਦੀਆਂ ਤੋਂ ਉੱਪਰ ਉੱਠ ਕੇ ਸੰਘਰਸ਼ ਕੀਤਾ ਜਾਵੇ । ਚੌਥੇ ਮਤੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਵੱਲੋਂ ਵਾਰ-ਵਾਰ ਮੰਗ ਕਰਨ ਤੇ ਦਿੱਤੇ ਅਲਟੀਮੇਟਮ ਅਨੁਸਾਰ ਵੀ ਭਾਰਤ ਸਰਕਾਰ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਦੇ ਵਤੀਰੇ ਦੀ ਨਿੰਦਾ ਕੀਤੀ ਗਈ । 5ਵੇਂ ਮਤੇ ਵਿੱਚ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਅਪ੍ਰੈਲ ਵਿੱਚ ਦਮਦਮਾ ਸਾਹਿਬ, ਅਨੰਦਪੁਰ ਸਾਹਿਬ ਤੇ ਫ਼ਤਹਿਗੜ੍ਹ ਸਾਹਿਬ ਤੋਂ ਆਰੰਭੇ ਜਾ ਰਹੇ 'ਬੰਦੀ ਛੋੜ ਅਰਦਾਸ ਮਾਰਚ' ਬੰਦੀ ਸਿੰਘਾਂ ਦੇ ਪਰਿਵਾਰ ਤੇ ਸਿੱਖ ਸੰਗਤਾਂ ਵੱਧ ਚੜ੍ਹਕੇ ਹਿੱਸਾ ਲੈਣ ਦੀ ਅਪੀਲ ਕੀਤੀ ਤੇ ਇਸ ਸੰਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਨੂੰ ਤੁਰੰਤ ਫ਼ੈਸਲਾ ਲੈਣ ਦੀ ਅਪੀਲ ਕੀਤੀ ਕੀਤੀ ਗਈ । 6ਵੇਂ ਮਤੇ ਵਿੱਚ ਸਰਕਾਰ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਰੱਖੀਆਂ ਮੰਗਾਂ ਨੂੰ ਅਣਗੋਲਿਆਂ ਕਰਨ ਕਰਕੇ ਜੋ ਡਿਬਰੂਗੜ੍ਹ ਜੇਲ੍ਹ ਵਿੱਚ ਭੁੱਖ ਹੜਤਾਲ ਚੱਲ ਰਹੀ ਹੈ, ਸੰਬੰਧੀ ਪੰਜ ਗੁਰਸਿੱਖਾਂ ਨੂੰ ਡਿਬਰੂਗੜ੍ਹ ਭੇਜ ਕੇ ਭੁੱਖ ਹੜਤਾਲ ਸਮਾਪਤ ਕਰਵਾਈ ਜਾਵੇ ਤੇ ਇਸੇ ਤਰ੍ਹਾਂ ਪੰਜਾਬ ਦੀਆਂ ਜੇਲ੍ਹਾਂ ਵਿੱਚ ਭਾਈ ਗੁਰਪ੍ਰੀਤ ਸਿੰਘ ਸਮੇਤ ਬਾਕੀ ਬੰਦੀ ਸਿੰਘਾਂ ਵਲੋਂ ਚੱਲ ਰਹੀ ਭੁੱਖ ਹੜਤਾਲ ਨੂੰ ਖਤਮ ਕਰਨ ਦੀ ਅਪੀਲ ਕੀਤੀ ਗਈ । 7ਵੇਂ ਮਤੇ 'ਚ ਪੰਜਾਬ ਤੇ ਭਾਰਤ ਸਰਕਾਰ ਵੱਲੋਂ ਪੁਲਿਸ ਮੁਲਾਜਮਾਂ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਨੂੰ ਡਿਬਰੂਗੜ੍ਹ ਭੇਜਣਾ ਤੇ ਉਥੇ ਕੈਦ ਸਿੰਘਾਂ ਵਿਚੋਂ ਚਾਰ ਨੂੰ ਭੁਲੇਖੇ ਵਿੱਚ ਰੱਖ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਂਅ 'ਤੇ ਉਨ੍ਹਾਂ ਦੀ ਭੁੱਖ ਹੜਤਾਲ ਖਤਮ ਕਰਵਾਉਣ ਨੂੰ ਗੁਰਮਤਿ ਮਰਿਆਦਾ ਦੀ ਉਲੰਘਣਾ ਦੱਸਦੇ ਹੋਏ ਇਸ ਸੰਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਖ਼ਤ ਨੋਟਿਸ ਲੈਣ ਦੀ ਅਪੀਲ ਕੀਤੀ ਗਈ । 8ਵੇਂ ਮਤੇ ਵਿੱਚ ਇਕੱਠ ਦੌਰਾਨ ਪਹੁੰਚ ਰਹੇ ਪੰਥਕ ਆਗੂਆਂ ਨੂੰ ਘਰਾਂ ਵਿੱਚ ਕੈਦ ਕਰਨਾ, ਰਾਹਾਂ ਵਿੱਚ ਰੋਕ ਉਨ੍ਹਾਂ ਨਾਲ ਧੱਕੇਸ਼ਾਹੀ ਕਰਨ, ਸਰਕਾਰੀ ਜ਼ਬਰ ਤੇ ਸਿੱਖ ਹੱਕਾਂ ਦੀ ਗੱਲ ਕਰਨ ਵਾਲੇ ਸਿੱਖਾਂ ਦੇ ਸੋਸ਼ਲ ਮੀਡੀਆ ਅਕਾਊਂਟ ਬੰਦ ਕਰਨ ਦੀ ਨਿੰਦਾ ਕੀਤੀ ਗਈ ਤੇ ਇਸ ਧੱਕੇਸ਼ਾਹੀ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ । ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਭਗਵੰਤ ਮਾਨ ਨੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਕੇਂਦਰ ਦੇ ਹਵਾਲੇ ਕੀਤਾ ਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਕੇਂਦਰ ਸਾਡਾ ਸਮਰਥਨ ਚਾਹੁੰਦਾ ਹੈ ਤੇ ਅਸੀਂ ਉਹ ਸਮਰਥਨ ਦਿੱਤਾ ਹੈ ਤੇ ਜਦੋਂ ਉਹ ਇਹ ਸਮਰਥਨ ਚਾਹੁਣਗੇ ਉਹ ਦੇਣਗੇ । ਖਹਿਰਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਮੇਰੇ ਖ਼ਿਲਾਫ਼ ਵੀ ਐੱਨ.ਡੀ.ਪੀ.ਐੱਸ. ਐਕਟ ਤਹਿਤ ਕਥਿਤ ਝੂਠਾ ਮਾਮਲਾ ਦਰਜ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਉਹ ਇਕੱਠ 'ਚ ਪ੍ਰਵਾਨ ਕੀਤੇ ਗਏ ਮਤਿਆਂ ਦਾ ਸਮਰਥਨ ਕਰਦੇ ਹਨ । ਇਸ ਦੌਰਾਨ ਐਡਵੋਕੇਟ ਇਮਾਨ ਸਿੰਘ ਖਾਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਲੱਖਾ ਸਿਧਾਣਾ ਤੇ ਭਾਨਾ ਸਿੱਧੂ ਨੂੰ ਵੀ ਰੋਕਿਆ ਸੀ ਤੇ ਲੱਖਾ ਸਿਧਾਣਾ ਦੀ ਕਥਿਤ ਤੌਰ 'ਤੇ ਪੱਗ ਲਾਹੁਣ ਦਾ ਯਤਨ ਕੀਤਾ ਗਿਆ ਹੈ । ਉਨ੍ਹਾਂ ਪੰਜਾਬ ਸਰਕਾਰ ਦੀ ਨਿਖੇਧੀ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਇਸ ਇਕੱਠ ਤੋਂ ਡਰਦੀ ਹੈ । ਇਸ ਦੌਰਾਨ ਉਨ੍ਹਾਂ ਪੁਲਿਸ ਅਧਿਕਾਰੀਆਂ ਤੇ ਸਿੰਘਾਂ ਦਰਮਿਆਨ ਹੋਏ ਤਕਰਾਰ ਦੀ ਨਿੰਦਾ ਕੀਤੀ । ਭਾਈ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਨੇ ਕਿਹਾ ਕਿ ਇਸ ਪੰਥਕ ਇਕੱਠ ਕਾਰਨ ਪੰਜਾਬ ਪੁਲਿਸ ਵਲੋਂ ਬੱਸਾਂ ਰੋਕੀਆਂ ਗਈਆਂ ਤੇ ਆਮ ਸੰਗਤ ਨੂੰ ਵੀ ਪ੍ਰੇਸ਼ਾਨ ਕੀਤਾ ਗਿਆ ਹੈ, ਪਰ ਇਸ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਸੰਗਤਾਂ ਇਕੱਠ ਵਿੱਚ ਸ਼ਾਮਿਲ ਹੋਈਆਂ । ਉਨ੍ਹਾਂ ਇਹ ਵੀ ਖੁਲਾਸਾ ਕੀਤਾ ਗਿਆ ਭਾਈ ਅੰਮਿਜ਼ਪਾਲ ਸਿੰਘ ਨਾਲ ਜੇਲ੍ਹ ਵਿਚ ਰਾਬਤਾ ਨਹੀਂ ਹੋ ਰਿਹਾ ਤੇ ਭਾਈ ਅੰਮ੍ਰਿਤਪਾਲ ਦੀ ਹਾਲਤ ਖ਼ਰਾਬ ਹੈ ਤੇ ਉਨ੍ਹਾਂ ਨੂੰ ਖ਼ੂਨ ਦੀਆਂ ਉਲਟੀਆਂ ਆ ਰਹੀਆਂ ਹਨ, ਪਰ ਡਿਬਰੂਗੜ੍ਹ ਜੇਲ੍ਹ ਦਾ ਅਮਲਾ ਉਸ ਦੀ ਸਾਰ ਨਹੀਂ ਲੈ ਰਿਹਾ । ਉਧਰ ਪੰਥਕ ਇਕੱਠ ਨੂੰ ਲੈ ਕੇ ਅਕਾਲੀ ਦਲ ਅੰਮ੍ਰਿਤਸਰ ਦੇ ਜਨ: ਸਕੱਤਰ ਉਪਕਾਰ ਸਿੰਘ ਸੰਧੂ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ, ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਭੁਪਿੰਦਰ ਸਿੰਘ, ਦਿਲਬਾਗ ਸਿੰਘ ਸੁਲਤਾਨਵਿੰਡ ਨੂੰ ਉਨ੍ਹਾਂ ਦੇ ਘਰਾਂ ਵਿਚ ਹੀ ਨਜ਼ਰਬੰਦ ਕੀਤਾ ਗਿਆ ਜਦਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਆਗੂ ਭਾਈ ਮਨਜੀਤ ਸਿੰਘ ਭੋਮਾ, ਸਿੱਖ ਚਿੰਤਕ ਸੁਖਪ੍ਰੀਤ ਸਿੰਘ ਉਦੋਕੇ, ਭਾਈ ਬਲਵੰਤ ਸਿੰਘ ਗੋਪਾਲਾ, ਭਾਈ ਹਰਪਾਲ ਸਿੰਘ ਬਲੇਰ ਦੇ ਘਰਾਂ ਵਿੱਚ ਪੰਜਾਬ ਪੁਲਿਸ ਵਲੋਂ ਛਾਪੇ ਮਾਰੇ ਗਏ।

(ਬਾਕੀ ਸਫ਼ਾ 31 'ਤੇ)

# ਖ਼ਾਲਸਾਈ ਜਾਹੋ ਜਲਾਲ ਦਾ ਪ੍ਰਤੀਕ ਹੋਲਾ ਮਹੱਲਾ ਧਾਰਮਿਕ ਪ੍ਰੰਪਰਾਵਾਂ ਅਨੁਸਾਰ ਹੀ ਮਨਾਇਆ ਜਾਵੇ : ਐਡਵੋਕੇਟ ਧਾਮੀ

## ਨੌਜਵਾਨਾਂ ਨੂੰ ਗੁਰੂ ਘਰ ਜਾਣ ਸਮੇਂ ਮਰਯਾਦਾ ਦਾ ਖ਼ਿਆਲ ਰੱਖਣ ਅਤੇ ਕਿਸੇ ਤਰ੍ਹਾਂ ਦੀ ਹੁੱਲੜਬਾਜ਼ੀ ਤੋਂ ਦੂਰ ਰਹਿਣ ਦੀ ਕੀਤੀ ਅਪੀਲ



ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ 'ਚ ਖ਼ਾਲਸਈ ਜਾਹੋ ਜਲਾਲ ਦੇ ਪ੍ਰਤੀਕ ਹੋਲੇ ਮਹੱਲੇ ਨੂੰ ਧਾਰਮਿਕ ਪ੍ਰੰਪਰਾਵਾਂ ਅਨੁਸਾਰ ਮਨਾਉਣ ਦੀ ਅਪੀਲ ਕਰਦਿਆਂ ਇਸ ਮੌਕੇ ਕਿਸੇ ਵੀ ਤਰ੍ਹਾਂ ਦੀ ਹੁਲੜਬਾਜ਼ੀ ਤੋਂ ਦੂਰ ਰਹਿਣ ਲਈ ਕਿਹਾ ਗਿਆ। ਇਸ ਦੇ ਨਾਲ ਹੀ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਸਬੰਧੀ ਗੁਰਦੁਆਰਾ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਇੱਕ ਵਿਸ਼ੇਸ਼ ਦਫ਼ਤਰ ਖੋਲ੍ਹਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ।

ਸ੍ਰੀ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ ਵੱਲ੍ਹਾ ਵਿਖੇ ਹੋਈ ਇਕੱਤਰਤਾ ਮਗਰੋਂ ਗੱਲ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲਾ ਮਹੱਲਾ ਮਨਾਉਣ ਦੀ ਪ੍ਰੰਪਰਾ ਆਰੰਭ ਕੀਤੀ ਸੀ। ਉਨ੍ਹਾਂ ਕਿਹਾ ਕਿ ਹਰ ਸਾਲ ਹੋਲੇ ਮਹੱਲੇ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਪ੍ਰਗਟਾਉਂਦੀਆਂ ਹਨ। ਪਿਛਲੇ ਕੁਝ ਸਮੇਂ ਤੋਂ ਕੁਝ ਸ਼ਰਾਰਤੀ ਲੋਕ ਗੁਰੂ ਘਰ ਦੀ ਮਰਯਾਦਾ ਉਲਟ ਹੁਲੜਬਾਜ਼ੀ ਕਰਕੇ ਸੰਗਤਾਂ ਲਈ ਪ੍ਰੇਸ਼ਾਨੀ ਪੈਦਾ ਕਰਦੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਹੋਲਾ ਮਹੱਲਾ ਖਾਲਸਾਈ ਜਾਹੋ ਜਲਾਲ ਦਾ ਪ੍ਰਤੀਕ ਹੈ, ਜਿਸ ਨੂੰ ਧਾਰਮਿਕ ਪ੍ਰੰਪਰਾਵਾਂ ਅਨੁਸਾਰ ਹੀ ਮਨਾਉਣਾ ਚਾਹੀਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਘਰ ਜਾਣ ਸਮੇਂ ਮਰਯਾਦਾ ਦਾ ਖਿਆਲ ਰੱਖਣ ਅਤੇ ਕਿਸੇ ਤਰ੍ਹਾਂ ਦੀ ਹੁਲੜਬਾਜ਼ੀ ਤੋਂ ਦੂਰ ਰਹਿਣ। ਐਡਵੋਕੇਟ ਧਾਮੀ ਨੇ ਇਹ ਵੀ ਦੱਸਿਆ ਕਿ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਸਤੰਬਰ ਮਹੀਨੇ ਗੋਇੰਦਵਾਲ ਸਾਹਿਬ ਵਿਖੇ ਮਨਾਈ ਜਾ ਰਹੀ ਹੈ। ਇਸ ਸਬੰਧੀ ਸਬ-ਕਮੇਟੀ ਬਣਾਈ ਗਈ ਸੀ, ਜਿਸ ਦੀ ਰਿਪੋਰਟ ਅਨੁਸਾਰ ਸ਼ਤਾਬਦੀ ਸਮਾਗਮਾਂ ਨੂੰ ਲੈ ਕੇ ਜਿਥੇ ਗੁਰਦੁਆਰਾ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਵਿਖੇ ਧਰਮ ਪ੍ਰਚਾਰ ਕਮੇਟੀ ਦਾ ਦਫ਼ਤਰ ਖੋਲ੍ਹਿਆ ਜਾਵੇਗਾ, ਉਥੇ ਹੀ ਖਾਲਸਾ ਸਾਜਣਾ ਦਿਵਸ ਵਿਸਾਖੀ ਮੌਕੇ 14 ਅਪ੍ਰੈਲ ਨੂੰ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਅਤੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਇਕੱਤਰਤਾ ਵਿੱਚ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਐਡਵਾਂਸ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ ਪਟਿਆਲਾ ਵਿਖੇ ਜੁਡੀਸ਼ੀਅਲ ਅਕੈਡਮੀ ਸ਼ੁਰੂ ਕਰਨ ਲਈ ਕਲਾਸ ਰੂਮ ਅਤੇ ਲੜਕੀਆਂ ਵਾਸਤੇ ਹੋਸਟਲ ਤਿਆਰ ਕਰਨ ਦੇ ਕਾਰਜਾਂ ਨੂੰ ਪ੍ਰਵਾਨਗੀ ਵੀ ਦਿੱਤੀ ਗਈ ਹੈ। ਇਸ ਦੇ ਨਾਲ ਹੀ ਧਰਮ ਪ੍ਰਚਾਰ ਕਮੇਟੀ ਨਾਲ ਸਬੰਧਤ ਹੋਰ ਵੱਖ-ਵੱਖ ਕਾਰਜਾਂ ਨੂੰ ਵੀ ਪ੍ਰਵਾਨਗੀਆਂ ਦਿੱਤੀਆਂ ਗਈਆਂ।

ਇਕੱਤਰਤਾ 'ਚ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸ. ਪ੍ਰਿਤਪਾਲ ਸਿੰਘ, ਭਾਈ ਅਜਾਇਬ ਸਿੰਘ ਅਭਿਆਸੀ, ਸ. ਸੁਖਵਰਸ਼ ਸਿੰਘ ਪੰਨੂ, ਸ. ਰਾਮਪਾਲ ਸਿੰਘ ਬਹਿਣੀਵਾਲ, ਸ. ਅਵਤਾਰ ਸਿੰਘ ਵਣਵਾਲਾ, ਸ. ਮਨਜੀਤ ਸਿੰਘ ਬੱਪੀਆਣਾ, ਸ. ਤੇਜਿੰਦਰਪਾਲ ਸਿੰਘ ਲਾਡਵਾ, ਸ. ਅਮਰਜੀਤ ਸਿੰਘ ਬੰਡਾਲਾ, ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਓ.ਐਸ.ਡੀ. ਸ. ਸਤਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਦੇ ਡੀਨ ਸ. ਏ.ਪੀ. ਸਿੰਘ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਇੰਚਾਰਜ ਸ. ਕਰਤਾਰ ਸਿੰਘ, ਸ. ਬਲਦੇਵ ਸਿੰਘ ਆਦਿ ਮੌਜੂਦ ਸਨ।

**ਦਰਪਣ ਝੂਠ ਨਹੀਂ ਬੋਲਦਾ**

# ਲੋਕ ਸਭਾ ਚੋਣਾਂ ਦੌਰਾਨ ਪੰਜਾਬ 'ਚ ਕਿਸਾਨਾਂ ਦੀਆਂ ਵੋਟਾਂ ਨਿਭਾਉਣਗੀਆਂ ਨਿਰਣਾਇਕ ਭੂਮਿਕਾ

## ➢ ਭਾਜਪਾ ਨੂੰ ਹੋਵੇਗਾ ਵੱਡਾ ਸਿਆਸੀ ਨੁਕਸਾਨ ➢ ਬਾਦਲ ਦਲ , ਕਾਂਗਰਸ ਤੇ 'ਆਪ' ਕਿਸਾਨਾਂ ਦੀਆਂ ਵੋਟਾਂ ਵੱਲ ਕੇਂਦਰਿਤ

ਪੰਜਾਬ ਵਿੱਚ ਵੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸਾਰੀਆਂ ਸਿਆਸੀ ਪਾਰਟੀਆਂ ਨੇ ਆਪਣੀਆਂ ਸਰਗਰਮੀਆਂ ਅਤੇ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਸਿਆਸਤਦਾਨਾਂ ਦੀਆਂ ਨਜ਼ਰਾਂ ਸੂਬੇ ਦੇ ਅੰਦੋਲਨਕਾਰੀ ਕਿਸਾਨਾਂ ਅਤੇ ਕਿਸਾਨ ਵੋਟ ਬੈਂਕ 'ਤੇ ਟਿਕੀਆਂ ਹੋਈਆਂ ਹਨ। ਪੰਜਾਬ ਦੇ ਮਾਲਵਾ, ਮਾਝਾ ਅਤੇ ਦੁਆਬੇ ਵਿੱਚ ਬਹੁਤ ਸਾਰੇ ਵਿਧਾਨ ਸਭਾ ਅਤੇ ਸੰਸਦੀ ਹਲਕੇ ਹਨ ਜਿੱਥੇ ਕਿਸਾਨਾਂ ਦੀਆਂ ਵੋਟਾਂ ਨਿਰਣਾਇਕ ਭੂਮਿਕਾ ਨਿਭਾਉਂਦੀਆਂ ਹਨ। ਕਿਸਾਨ 13 ਫਰਵਰੀ ਤੋਂ ਅੰਦੋਲਨ ਦੇ ਰਾਹ 'ਤੇ ਹਨ। ਦੋ ਪ੍ਰਮੁੱਖ ਕਿਸਾਨ ਜਥੇਬੰਦੀਆਂ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਮਜ਼ਦੂਰ ਕਿਸਾਨ ਮੋਰਚਾ ਦੀ ਅਗਵਾਈ ਹੇਠ ਹਜ਼ਾਰਾਂ ਕਿਸਾਨਾਂ ਨੇ ਕੇਂਦਰ ਸਰਕਾਰ ਤੋਂ ਆਪਣੀਆਂ ਮੰਗਾਂ ਮਨਵਾਉਣ ਲਈ 'ਪੱਕੇ ਮੋਰਚੇ' ਬਣਾ ਕੇ ਸ਼ੰਭੂ ਅਤੇ ਖਨੌਰੀ ਸਰਹੱਦ 'ਤੇ ਡੇਰੇ ਲਾਏ ਹੋਏ ਹਨ। ਕਿਸਾਨ ਜਥੇਬੰਦੀਆਂ ਨੇ ਕਿਹਾ ਹੈ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਅੰਦੋਲਨ ਅਣਮਿੱਥੇ ਸਮੇਂ ਲਈ ਜਾਰੀ ਰਹੇਗਾ।

ਪੰਜਾਬ ਵਿੱਚ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਪਹਿਲੇ ਦਿਨ ਤੋਂ ਹੀ ਅੰਦੋਲਨ ਕਰ ਰਹੇ ਕਿਸਾਨਾਂ ਦੀ ਖੁੱਲ੍ਹ ਕੇ ਹਮਾਇਤ ਕਰ ਰਹੀ ਹੈ। ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਨੂੰ ਹਰ ਤਰ੍ਹਾਂ ਨਾਲ ਖੱਜਲ-ਖੁਆਰ ਕੀਤਾ ਜਾ ਰਿਹਾ ਹੈ। ਸ਼ੰਭੂ ਅਤੇ ਖਨੌਰੀ ਸਰਹੱਦ 'ਤੇ ਕਿਸਾਨਾਂ ਉੱਪਰ ਹਰਿਆਣਾ ਸਰਕਾਰ ਨੇ ਭਾਰੀ ਤਸ਼ੱਤਦ ਢਾਹਿਆ। ਸੂਬਾ ਸਰਕਾਰ ਨੇ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ, ਜਿਸ ਨੂੰ 23 ਫਰਵਰੀ ਨੂੰ ਹਰਿਆਣਾ ਪੁਲਿਸ ਨੇ ਗੋਲੀ ਮਾਰ ਦਿੱਤੀ ਸੀ, ਦੇ ਪਰਿਵਾਰ ਨੂੰ 1 ਕਰੋੜ ਰੁਪਏ ਦੀ ਨਕਦ ਵਿੱਤੀ ਸਹਾਇਤਾ ਦਿੱਤੀ ਅਤੇ ਸ਼ੁਭਕਰਨ ਦੀ ਭੈਣ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ ਸੀ। ਕਿਸਾਨਾਂ ਦੀ ਮੰਗ ਨੂੰ ਮੰਨਦੇ ਹੋਏ ਸਰਕਾਰ ਨੇ ਸ਼ੁਭਕਰਨ ਮਾਮਲੇ ਵਿੱਚ ਐੱਫ.ਆਈ.ਆਰ.ਦਰਜ ਕੀਤੀ। ਜ਼ਖਮੀ ਕਿਸਾਨਾਂ ਦਾ ਮੁਫਤ ਇਲਾਜ ਸਰਕਾਰੀ ਖਰਚੇ 'ਤੇ ਕੀਤਾ ਜਾ ਰਿਹਾ



ਹੈ। 'ਆਪ' ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਵੀ ਹਰ ਦੌਰੇ ਵਿੱਚ ਅੰਦੋਲਨਕਾਰੀ ਕਿਸਾਨਾਂ ਦੇ ਹੱਕ ਵਿੱਚ ਬੋਲਦੇ ਰਹੇ ਹਨ। ਜ਼ਾਹਿਰ ਹੈ ਕਿ 'ਆਪ' ਪਾਰਟੀ ਲੋਕ ਸਭਾ ਚੋਣਾਂ ਵਿੱਚ ਕਿਸਾਨਾਂ ਦੀਆਂ ਵੋਟਾਂ ਹਾਸਲ ਕਰਨਾ ਚਾਹੁੰਦੀ ਹੈ। ਉਨ੍ਹਾਂ ਨੂੰ ਵਿਧਾਨ ਸਭਾ ਚੋਣਾਂ ਵਿੱਚ ਕਿਸਾਨਾਂ ਦਾ ਚੰਗਾ ਸਮਰਥਨ ਮਿਲਿਆ ਸੀ। ਬੇਸ਼ੱਕ ਹੁਣ ਕਿਸਾਨਾਂ ਦਾ ਇੱਕ ਵੱਡਾ ਵਰਗ ਵੀ ਪੰਜਾਬ ਦੀ 'ਆਪ' ਸਰਕਾਰ ਤੋਂ ਕਾਫੀ ਨਾਰਾਜ਼ ਹੈ। ਕਿਸਾਨਾਂ ਨੇ 'ਆਪ' ਸਰਕਾਰ ਖ਼ਿਲਾਫ਼ ਕਈ ਵਾਰ ਪ੍ਰਦਰਸ਼ਨ ਕੀਤਾ ਹੈ। ਗੰਨੇ ਲਈ ਕਿਸਾਨਾਂ ਨੇ ਮਾਨ ਸਰਕਾਰ ਖ਼ਿਲਾਫ਼ ਅੰਦੋਲਨ ਵੀ ਕੀਤਾ ਸੀ ਅਤੇ ਆਖ਼ਰਕਾਰ ਉਨ੍ਹਾਂ ਦੀਆਂ ਜ਼ਿਆਦਾਤਰ ਮੰਗਾਂ ਮੰਨ ਲਈਆਂ ਗਈਆਂ ਸਨ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਦਾ ਕਹਿਣਾ ਹੈ ਕਿ ਸੂਬਾ ਸਰਕਾਰ ਨੇ ਸ਼ੁਭਕਰਨ ਮਾਮਲੇ 'ਤੇ ਸਿਆਸਤ ਕੀਤੀ ਅਤੇ ਕਈ ਦਿਨਾਂ ਤੱਕ ਐਫ.ਆਈ.ਆਰ. ਦਰਜ ਨਹੀਂ ਕੀਤੀ। ਇਸ ਲਈ ਕਿਸਾਨਾਂ ਨੂੰ ਸੰਘਰਸ਼ ਕਰਨਾ ਪਿਆ। ਉਨ੍ਹਾਂ ਦਾ ਕਹਿਣਾ ਹੈ ਕਿ ਕਿਸਾਨਾਂ ਨੇ ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਨੂੰ ਇਸ ਕੇਸ ਵਿੱਚ ਨਾਮਜ਼ਦ ਕਰਨ ਦੀ ਮੰਗ ਕੀਤੀ ਸੀ ਪਰ ਪੰਜਾਬ ਸਰਕਾਰ ਨੇ ਅਜਿਹਾ ਨਹੀਂ ਕੀਤਾ। ਅਜਿਹੇ ਵਿੱਚ ਲੱਗਦਾ ਹੈ ਕਿ ਲੋਕ ਸਭਾ ਚੋਣਾਂ ਤੱਕ 'ਆਪ' ਨੂੰ ਪੂਰਾ ਜ਼ੋਰ ਲਾ ਕੇ ਕਿਸਾਨਾਂ ਦੇ ਹਿੱਤ ਵਿੱਚ ਕੁਝ ਠੋਸ ਕਰਨਾ ਪਵੇਗਾ ਤਾਂ ਹੀ ਕਿਸਾਨਾਂ ਦੀਆਂ ਵੋਟਾਂ ਹਾਸਲ ਕੀਤੀਆਂ ਜਾ ਸਕਣਗੀਆਂ।

'ਆਪ' ਦੇ ਸੂਬਾ ਕਾਰਜਕਾਰੀ ਪ੍ਰਧਾਨ ਵਿਧਾਇਕ ਬੁੱਧ ਰਾਮ ਦੇ ਅਨੁਸਾਰ, ਕਿਸਾਨ ਸਾਡੇ ਨਾਲ ਹਨ। ਆਮ ਆਦਮੀ ਪਾਰਟੀ ਉਨ੍ਹਾਂ ਦੀ ਸ਼ੁਭਚਿੰਤਕ ਹੈ। ਕਿਸਾਨਾਂ ਲਈ ਲਾਹੇਵੰਦ ਸਰਕਾਰੀ ਨੀਤੀਆਂ ਲਗਾਤਾਰ ਬਣਾਈਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਨੂੰ ਤੁਰੰਤ ਲਾਗੂ ਵੀ ਕੀਤਾ ਜਾ ਰਿਹਾ ਹੈ। ਪਿਛਲੀਆਂ ਸਾਰੀਆਂ ਸਰਕਾਰਾਂ ਨੇ ਕਿਸਾਨਾਂ ਨਾਲ ਧੋਖਾ ਕੀਤਾ ਹੈ। ਪਿਛਲੀ ਵਾਰ ਕਿਸਾਨ ਅੰਦੋਲਨ ਤੋਂ ਦੂਰ ਰਹੀ ਕਾਂਗਰਸ ਇਸ ਵਾਰ ਅੰਦੋਲਨ ਕਰ ਰਹੇ ਕਿਸਾਨਾਂ ਦੀ ਖੁੱਲ੍ਹ ਕੇ ਹਮਾਇਤ ਕਰ ਰਹੀ ਹੈ। ਸੂਬਾ ਕਾਂਗਰਸ ਨੇ ਸਾਰੇ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਕਿਸਾਨ ਅੰਦੋਲਨ ਦੇ ਸਮਰਥਨ ਵਿੱਚ ਇੱਕ ਰੋਜ਼ਾ ਟਰੈਕਟਰ-ਟਰਾਲੀ ਮਾਰਚ ਕੱਢਿਆ। ਇਸ ਦੀ ਅਗਵਾਈ ਸੂਬਾ ਪ੍ਰਧਾਨ ਰਾਜਾ ਵੜਿੰਗ ਅਮਰਿੰਦਰ ਸਿੰਘ ਨੇ ਕੀਤੀ। ਪਾਰਟੀ ਨੇ ਸ਼ੁਭਕਰਨ ਸਿੰਘ ਦੀ ਮੌਤ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉਠਾਇਆ। ਕਿਸਾਨਾਂ ਦੇ ਮੁੱਦੇ 'ਤੇ ਵਿਧਾਨ ਸਭਾ ਤੋਂ ਵਾਕਆਊਟ ਵੀ ਕੀਤਾ। ਵੜਿੰਗ ਦਾ ਕਹਿਣਾ ਹੈ, ਕਾਂਗਰਸ ਪੂਰੀ ਤਰ੍ਹਾਂ ਕਿਸਾਨਾਂ ਦੇ ਨਾਲ ਹੈ। ਅਸੀਂ ਕਿਸਾਨ ਅੰਦੋਲਨ ਦਾ ਸਮਰਥਨ ਕਰਦੇ ਹਾਂ। ਕੇਂਦਰ ਅਤੇ ਸੂਬੇ ਦੀ ਭਾਜਪਾ ਸਰਕਾਰ ਨੇ ਕਿਸਾਨਾਂ 'ਤੇ ਜਬਰ ਕੀਤਾ। ਪਾਰਟੀ ਹਰ ਪੱਖ ਤੋਂ ਕਿਸਾਨਾਂ ਦੇ ਨਾਲ ਖੜ੍ਹੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨ ਪੱਖੀ ਹੋਣ ਦਾ ਦਿਖਾਵਾ ਕਰ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ (ਬਾਦਲ ਦਲ) ਨੇ ਵੀ ਸੂਬੇ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਦੀ ਖੁੱਲ੍ਹ ਕੇ ਹਮਾਇਤ ਕੀਤੀ ਹੈ।

(ਬਾਕੀ ਸਫ਼ਾ 31 'ਤੇ)

# ਟਰੰਪ ਦੀ ਚਿਤਾਵਨੀ ਕਿ ਜੇਕਰ ਉਹ ਨਵੰਬਰ ਦੀਆਂ ਚੋਣਾਂ ਨਹੀਂ ਜਿੱਤਦੇ ਤਾਂ ਖ਼ੂਨ-ਖ਼ਰਾਬਾ ਹੋਵੇਗਾ

## ਰਾਸ਼ਟਰਪਤੀ ਚੋਣਾਂ ਲਈ ਟਰੰਪ ਤੇ ਬਾਇਡਨ ਵਿਚਾਲੇ ਸਖ਼ਤ ਮੁਕਾਬਲਾ

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹੁਣੇ ਜਿਹੇ ਚਿਤਾਵਨੀ ਦਿੱਤੀ ਕਿ ਜੇਕਰ ਉਹ ਨਵੰਬਰ ਦੀਆਂ ਚੋਣਾਂ ਨਹੀਂ ਜਿੱਤਦੇ ਤਾਂ ਦੇਸ਼ ਵਿੱਚ ਖ਼ੂਨ-ਖਰਾਬਾ ਹੋਵੇਗਾ। ਡੇਟਨ, ਓਹੀਓ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਕਿਹਾ ਕਿ ਜੇਕਰ ਇਹ ਚੋਣ ਨਹੀਂ ਜਿੱਤੀ ਗਈ ਤਾਂ ਮੈਨੂੰ ਯਕੀਨ ਨਹੀਂ ਹੈ ਕਿ ਤੁਸੀਂ ਭਵਿੱਖ ਵਿੱਚ ਕੋਈ ਹੋਰ ਚੋਣ ਵੇਖੋਗੇ।

ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਟਰੰਪ ਦੇ ਖ਼ੂਨੀ ਬਿਆਨ ਦਾ ਕੀ ਅਰਥ ਹੈ ? ਇਸ ਦੌਰਾਨ ਟਰੰਪ ਨੇ ਮੈਕਸੀਕੋ ਵਿੱਚ ਚੀਨ ਦੀ ਕਾਰ ਨਿਰਮਾਣ ਅਤੇ ਅਮਰੀਕਾ ਨੂੰ ਇਸ ਨੂੰ ਵੇਚਣ ਦੀ ਭਵਿੱਖੀ ਯੋਜਨਾ ਦੀ ਆਲੋਚਨਾ ਕੀਤੀ ਅਤੇ ਕਿਹਾ, ਜੇਕਰ ਮੈਂ ਜਿੱਤ ਗਿਆ ਤਾਂ ਚੀਨ ਅਮਰੀਕਾ ਨੂੰ ਇੱਕ ਵੀ ਕਾਰ ਨਹੀਂ ਵੇਚ ਸਕੇਗਾ। ਹਾਲਾਂਕਿ, ਟਰੰਪ ਦੇ ਇਸ ਬਿਆਨ ਨੂੰ ਲੈ ਕੇ ਵੀ ਕਿਆਸ ਲਗਾਏ ਜਾ ਰਹੇ ਹਨ ਕਿ ਕੀ ਉਹ ਇਕ ਵਾਰ ਫਿਰ ਇਹ ਸੰਕੇਤ ਦੇ ਰਹੇ ਸਨ ਕਿ 6 ਜਨਵਰੀ 2021 ਵਰਗਾ ਹੀ ਕੁਝ ਹੋਵੇਗਾ। 2020 ਦੀਆਂ ਚੋਣਾਂ ਵਿੱਚ ਹਾਰ ਤੋਂ ਬਾਅਦ ਟਰੰਪ ਦੇ ਸਮਰਥਕ 6 ਜਨਵਰੀ 2021 ਨੂੰ ਵਾਸ਼ਿੰਗਟਨ ਦੀ



ਕੈਪੀਟਲ ਬਿਲਡਿੰਗ ਵਿੱਚ ਦਾਖਲ ਹੋਏ ਸਨ ਅਤੇ ਇਸ 'ਤੇ ਕਬਜ਼ਾ ਕਰ ਲਿਆ ਸੀ। ਇਸ ਦੌਰਾਨ ਟਰੰਪ ਦੇ ਸਮਰਥਕਾਂ ਨੇ ਹੰਗਾਮਾ ਕੀਤਾ ਸੀ।

ਖ਼ੂਨੀ ਇਸ਼ਨਾਨ ਬਾਰੇ ਟਰੰਪ ਦਾ ਬਿਆਨ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ, ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਦੀ ਮੁਹਿੰਮ ਟੀਮ ਨੇ ਇੱਕ ਬਿਆਨ ਜਾਰੀ ਕਰਕੇ ਟਰੰਪ ਦੀ ਆਲੋਚਨਾ ਕੀਤੀ। ਇਸ ਵਿੱਚ ਉਸ ਨੂੰ 2020 ਦਾ ਹਾਰਿਆ ਹੋਇਆ ਸਿਆਸਤਦਾਨ ਦੱਸਿਆ ਗਿਆ ਹੈ ਜਿਸ ਨੇ ਆਪਣੀਆਂ ਧਮਕੀਆਂ ਨੂੰ ਦੁੱਗਣਾ ਕਰ ਦਿੱਤਾ ਹੈ। ਬਿਆਨ ਵਿੱਚ ਕੈਪੀਟਲ ਹਿੰਸਾ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ, ਉਹ (ਟਰੰਪ) ਇੱਕ ਹੋਰ 6 ਜਨਵਰੀ ਚਾਹੁੰਦੇ ਹਨ ਪਰ ਅਮਰੀਕੀ ਲੋਕ ਇਸ ਨਵੰਬਰ ਵਿੱਚ ਉਸ ਨੂੰ ਇੱਕ ਹੋਰ ਚੋਣ ਵਿੱਚ ਹਾਰ ਦੇਣ ਜਾ ਰਹੇ ਹਨ। ਲੋਕ ਉਸ ਦੇ ਉਗਰਵਾਦ, ਹਿੰਸਾ ਤੇ ਬਦਲੇ ਦੀ ਪਿਆਸ ਨੂੰ ਰੱਦ ਕਰਨਗੇ।

ਇਹ ਕਹਿਣਾ ਮੁਸ਼ਕਲ ਹੋਵੇਗਾ ਕਿ ਅਮਰੀਕੀ ਵੋਟਰ ਉਮੀਦਵਾਰ ਦੀ ਚੋਣ ਕਰਨਗੇ । ਸੱਜਰੇ ਚੋਣ ਸਰਵੇਖਣ ਤੋਂ ਦੇਸ਼ ਦੇ ਸਿਆਸੀ ਮਿਜ਼ਾਜ ਦੀ ਝਲਕ ਮਿਲਦੀ ਹੈ। ਇਸ ਸਰਵੇਖਣ ਵਿੱਚ ਸ਼ਾਮਲ 36 ਫ਼ੀਸਦ ਲੋਕਾਂ ਨੇ ਕਿਹਾ ਹੈ ਕਿ ਉਹ ਟਰੰਪ 'ਤੇ ਭਰੋਸਾ ਕਰਦੇ ਹਨ ਤੇ 33 ਫ਼ੀਸਦ ਲੋਕਾਂ ਨੇ ਬਾਇਡਨ 'ਤੇ ਭਰੋਸਾ ਦਰਸਾਇਆ ਹੈ। ਉਂਝ, ਹਰ ਪੰਜਾਂ ਵਿਚੋਂ ਇਕ ਸ਼ਖ਼ਸ ਜਾਂ ਕਹੋ ਕਿ 20 ਫ਼ੀਸਦ ਲੋਕਾਂ ਨੇ ਬਾਇਡਨ ਅਤੇ ਟਰੰਪ, ਦੋਵਾਂ ਨੂੰ ਰੱਦ ਕੀਤਾ ਹੈ। ਆਸਾਰ ਹਨ ਕਿ 2024 ਦੀ ਰਾਸ਼ਟਰਪਤੀ ਦੀ ਚੋਣ ਦਾ ਫ਼ੈਸਲਾ ਕਰਨ ਵਿੱਚ ਇਨ੍ਹਾਂ ਵੋਟਰਾਂ ਦਾ ਰੁਖ਼ ਅਹਿਮ ਭੂਮਿਕਾ ਨਿਭਾਅ ਸਕਦਾ ਹੈ।

# ਬਹੁਗਿਣਤੀ ਦੇ ਧਰੁਵੀਕਰਨ ਲਈ ਚੋਣਾਂ ਦੇ ਨੇੜੇ ਭਾਜਪਾ ਨੇ ਨਾਗਰਿਕਤਾ ਸੋਧ ਕਾਨੂੰਨ ਲਾਗੂ ਕੀਤਾ

## ਲੋਕ ਸਭਾ ਚੋਣਾਂ ਦੌਰਾਨ ਮੁਸਲਿਮ ਆਗੂਆਂ ਵੱਲੋਂ ਵਿਰੋਧ ਕਾਰਨ ਭਾਜਪਾ ਨੂੰ ਹੋਵੇਗਾ ਫ਼ਾਇਦਾ

### ਅਮਰੀਕਾ ਤੇ ਪਾਕਿਸਤਾਨ ਵੱਲੋਂ ਸੀ.ਏ.ਏ. ਨੂੰ ਵਿਤਕਰਾ ਕਰਨ ਵਾਲਾ ਕਾਨੂੰਨ ਦੱਸਿਆ

ਭਾਜਪਾ ਨੇ ਇਸ ਵੇਲੇ ਜਾਣ ਬੁੱਝ ਕੇ ਸੀ.ਏ.ਏ. ਨੂੰ ਵਿਵਾਦ ਦਾ ਮੁੱਦਾ ਬਣਾਉਣ ਲਈ ਲਾਗੂ ਕੀਤਾ ਹੈ, ਕਿਉਂਕਿ ਇਸ ਦੇ ਉਸ ਨੂੰ ਦੋ ਸਪੱਸ਼ਟ ਫਾਇਦੇ ਨਜ਼ਰ ਆ ਰਹੇ ਹਨ। ਪਹਿਲਾ ਇਹ ਕਿ ਸੁਪਰੀਮ ਕੋਰਟ ਵਿੱਚ ਚੋਣ ਬਾਂਡ ਦਾ ਮੁੱਦਾ ਜਿਸ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਸਕਦਾ ਹੈ ਤੇ ਉਸ ਦਾ ਜੋ ਪ੍ਰਭਾਵ ਪੈਣ ਦੇ ਅਸਾਰ ਹਨ, ਉਹ ਹੁਣ ਇਸ ਸੀ.ਏ.ਏ. ਦੇ ਰੌਲੇ-ਰੱਪੇ ਵਿੱਚ ਦਬ ਜਾਣਗੇ। ਦੂਸਰਾ ਇਸ ਵਾਰ ਬਹੁਗਿਣਤੀ ਦਾ ਧਰੁਵੀਕਰਨ ਕਰਨ ਲਈ ਵੀ ਭਾਜਪਾ ਨੂੰ ਕਿਸੇ ਮੁੱਦੇ ਦੀ ਲੋੜ ਹੈ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ 2019 ਵਿੱਚ ਪਾਸ ਕਰਵਾਏ ਗਏ ਕਾਨੂੰਨ ਨੂੰ 5 ਸਾਲ ਤੱਕ ਠੰਡੇ ਬਸਤੇ ਵਿੱਚ ਕਿਉਂ ਰੱਖਿਆ ਗਿਆ ਤੇ ਐਨ ਚੋਣਾਂ ਦੇ ਨੇੜੇ ਲਿਆ ਕੇ ਹੀ ਕਿਉਂ ਲਾਗੂ ਕੀਤਾ ਗਿਆ ? ਇਹ ਸਾਫ਼ ਇਸ਼ਾਰਾ ਹੈ ਕਿ ਇਸ ਨੂੰ ਚੋਣ ਰਾਜਨੀਤੀ ਦੇ ਇੱਕ ਅਚੁਕ ਮਿਜਾਈਲ ਵਾਂਗ ਵਰਤਿਆ ਜਾਵੇਗਾ। ਉਂਝ ਵੀ ਭਾਰਤ ਇੱਕ ਧਰਮ ਨਿਰਪੱਖ ਦੇਸ਼ ਹੈ ਤਾਂ ਇਸ ਵਿੱਚ ਧਰਮ ਆਧਾਰਿਤ ਫ਼ੈਸਲੇ ਕਿਵੇਂ ਕੀਤੇ ਜਾ ਸਕਦੇ ਹਨ ? ਭਾਵੇਂ ਕਿ ਅਜਿਹਾ ਪਹਿਲੀ ਵਾਰ ਨਹੀਂ ਹੋਇਆ, ਪਹਿਲਾਂ ਵੀ ਅਜਿਹਾ ਹੁੰਦਾ ਰਿਹਾ ਹੈ। ਉਂਝ ਸੱਚਾਈ ਇਹ ਹੈ ਕਿ ਇਸ ਕਾਨੂੰਨ




ਨਾਲ ਮੁਸਲਮਾਨਾਂ ਨੂੰ ਇਕ ਹੱਕ ਤੋਂ ਵਾਂਝੇ ਜ਼ਰੂਰ ਕੀਤਾ ਗਿਆ ਹੈ ਪਰ ਹਕੀਕੀ ਰੂਪ ਵਿੱਚ ਭਾਰਤੀ ਮੁਸਲਮਾਨਾਂ ਨੂੰ ਇਸ ਤੋਂ ਕੋਈ ਵੱਡਾ ਖ਼ਤਰਾ ਨਹੀਂ ਹੈ। ਸਰਕਾਰ ਦੀ ਦਲੀਲ ਹੈ ਕਿ 3 ਦੇਸ਼ਾਂ, ਅਫ਼ਗਾਨਿਸਤਾਨ, ਬੰਗਲਾਦੇਸ਼ ਤੇ ਪਾਕਿਸਤਾਨ ਤੋਂ ਆਉਣ ਵਾਲੇ 6 ਧਰਮਾਂ ਹਿੰਦੂ, ਸਿੱਖ, ਇਸਾਈ, ਪਾਰਸੀ, ਬੋਧੀ ਤੇ ਜੈਨੀਆਂ ਨੂੰ ਉਨ੍ਹਾਂ ਦੇਸ਼ਾਂ ਵਿੱਚ ਇਸ ਲਈ ਖ਼ਤਰਾ ਹੈ, ਕਿਉਂਕਿ ਉਹ ਉਨ੍ਹਾਂ ਦੇਸ਼ਾਂ ਵਿੱਚ ਘੱਟ-ਗਿਣਤੀ ਵਿੱਚ ਹਨ। ਮੁਸਲਮਾਨਾਂ ਦੀ ਤਾਂ ਉਥੇ ਹਕੂਮਤ ਹੈ। ਮੁਸਲਿਮ ਨੇਤਾਵਾਂ ਨੂੰ ਇਹ ਗੱਲ ਸਮਝਣ ਦੀ ਲੋੜ ਹੈ ਕਿ ਭਾਜਪਾ ਤਾਂ ਚਾਹੁੰਦੀ ਹੈ ਕਿ ਮੁਸਲਮਾਨ ਸੀ.ਏ.ਏ. ਦਾ ਵੱਧ ਤੋਂ ਵੱਧ ਵਿਰੋਧ ਕਰਨ ਤਾਂ ਜੋ ਉਹ ਹਿੰਦੂ ਬਹੁਗਿਣਤੀ ਦਾ ਲੋਕ ਸਭਾ ਚੋਣਾਂ ਵਿੱਚ ਇੱਕ ਵਾਰ ਫਿਰ ਧਰੁਵੀਕਰਨ ਕਰ ਸਕੇ। ਸੋ, ਜਿੰਨਾ ਮੁਸਲਿਮ ਆਗੂ ਲੋਕ ਸਭਾ ਚੋਣਾਂ ਦਰਮਿਆਨ ਇਸ ਦਾ ਵਿਰੋਧ ਕਰਨਗੇ, ਓਨਾ ਹੀ ਭਾਜਪਾ ਨੂੰ ਇਸ ਦਾ ਫਾਇਦਾ ਹੋਵੇਗਾ। ਇਹ ਵੀ ਸਮਝਣਯੋਗ ਹੈ ਕਿ 2014 ਦੀਆਂ ਚੋਣਾਂ ਵਿਚ ਵੀ ਭਾਜਪਾ ਬਹੁਗਿਣਤੀ ਨੂੰ ਇੱਕ ਘਟਗਿਣਤੀ ਦਾ ਡਰ ਦਿਖਾ ਕੇ ਅਤੇ ਰਾਮ ਮੰਦਰ ਨੂੰ ਮੁੱਦਾ ਬਣਾ ਕੇ ਸੱਤਾ ਵਿੱਚ ਆਈ ਸੀ। ਫਿਰ 2019 ਵਿਚ ਬਾਲਾਕੋਟ 'ਤੇ ਸਰਜੀਕਲ ਸਟ੍ਰਾਈਕ ਨੇ ਵੀ ਬਹੁਗਿਣਤੀ ਦਾ ਧਰੁਵੀਕਰਨ ਕੀਤਾ ਸੀ। ਹੁਣ ਪਹਿਲਾਂ ਇਹ ਸਮਝਿਆ ਜਾ ਰਿਹਾ ਸੀ ਕਿ ਸ੍ਰੀ ਰਾਮ ਮੰਦਰ ਦੀ ਸਥਾਪਨਾ ਹਿੰਦੂ ਬਹੁਗਿਣਤੀ ਦਾ ਧਰੁਵੀਕਰਨ ਕਰੇਗੀ।

(ਬਾਕੀ ਸਫ਼ਾ 31 'ਤੇ)

# ਦੱਖਣ ’ਚ ਵੀ ਵਧਿਆ ਸਿੱਖ ਧਰਮ ਦਾ ਪ੍ਰਸਾਰ

## ਤੇਲੰਗਾਨਾ ਸਿੱਖ ਸੁਸਾਇਟੀ ਦੀਆਂ ਸੇਵਾਵਾਂ ਕਰਕੇ ਕਬਾਇਲੀ ਬਣਨ ਲਗੇ ਸਿੱਖ

## ਗ਼ਰੀਬਾਂ ਤੇ ਲੋੜਵੰਦਾਂ ਦੇ ਇਲਾਜ਼ ਦਾ ਕੀਤਾ ਪ੍ਰਬੰਧ

ਦੱਖਣ ਵਿੱਚ ਸਿੱਖਾਂ ਦਾ ਇਤਿਹਾਸ ਲਗਭਗ 300 ਸਾਲ ਪੁਰਾਣਾ ਹੈ। ਇਨ੍ਹਾਂ ਵਿਚੋਂ ਸਭ ਤੋਂ ਪਹਿਲਾਂ 18ਵੀਂ ਸਦੀ ਦੇ ਸ਼ੁਰੂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਸਿੱਖ ਦੱਖਣ ਦੀ ਮੁਹਿੰਮ ’ਤੇ ਆਏ ਸਨ। ਇਹਨਾਂ ਵਿੱਚ ਵਣਜਾਰੇ ਤੇ ਸਿਕਲੀਗਰ ਸ਼ਾਮਲ ਸਨ।1832 ਦੇ ਆਸ-ਪਾਸ ਮਹਾਰਾਜਾ ਰਣਜੀਤ ਸਿੰਘ ਨੇ ਨਿਜ਼ਾਮ ਦੀ ਮਦਦ ਲਈ ਸ਼ਾਂਤੀ ਸੈਨਾ ਵਜੋਂ ਇੱਕ ਸਿੱਖ ਟੁਕੜੀ ਭੇਜੀ ਸੀ। ਇਹਨਾਂ ਸ਼ਾਨਦਾਰ ਜੁਝਾਰੂ ਕਾਰਨਾਮਿਆਂ ਕਾਰਨ, ਸਿੱਖਾਂ ਨੇ ਆਜ਼ਾਦੀ ਤੋਂ ਬਾਅਦ ਤੇਲੰਗਾਨਾ ਵਿੱਚ ਮਾੜੇ ਸਮੇਂ ਦਾ ਸਾਹਮਣਾ ਕੀਤਾ। ਸਿਕਲੀਗਰ ਹਾਸ਼ੀਏ ’ਤੇ ਚਲੇ ਗਏ ਹਨ, ਉਹ ਤਾਲੇ, ਚਾਕੂ ,ਹਥਿਆਰ, ਭਾਂਡੇ ਬਣਾਉਂਦੇ ਹਨ ਅਤੇ ਪਿੰਡ-ਪਿੰਡ ਜਾ ਕੇ ਵੇਚਦੇ ਹਨ, ਜਿਸ ਨਾਲ ਉਹ ਆਪਣਾ ਗੁਜ਼ਾਰਾ ਕਰਨ ਤੋਂ ਅਸਮਰੱਥ ਹਨ।

ਕੋਵਿਡ ਦੇ ਸਾਲਾਂ ਦੌਰਾਨ ਸਥਿਤੀ ਉਨ੍ਹਾਂ ਦੀ ਹੋਰ ਵੀ ਬਦਤਰ ਹੋ ਗਈ, ਜਦੋਂ ਸਿਕਲੀਗਰ ਆਪਣਾ ਸਮਾਨ ਵੇਚਣ ਲਈ ਬਾਹਰ ਨਹੀਂ ਜਾ ਸਕਦੇ ਸਨ । ਇਹ ਉਹ ਸਮਾਂ ਸੀ ਜਦੋਂ 2018 ਵਿੱਚ ਬਣੀ ਤੇਲੰਗਾਨਾ ਸਿੱਖ ਸੁਸਾਇਟੀ (ਟੀ.ਐਸ.ਐਸ.) ਨੇ ਸੇਵਾ ਵਲ ਕਦਮ ਧਰਿਆ। ਤਾਲਾਬੰਦੀ ਦੌਰਾਨ ਟੀ.ਐਸ.ਐਸ. ਨੇ ਲੰਗਰ ਅਤੇ ਅਨਾਜ ਦੀ ਸਪਲਾਈ ਤੋਂ ਲੈ ਕੇ ਵਿੱਤੀ ਸਹਾਇਤਾ ਤੱਕ, ਉਨ੍ਹਾਂ ਦੀ ਸਿਹਤ ਸੰਭਾਲ ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ। ਉਹਨਾਂ ਨੂੰ ਬਿਹਤਰ ਹੁਨਰ ਅਤੇ ਸਿੱਖਿਆ ਨਾਲ ਲੈਸ ਕੀਤਾ। ਹੁਣ ਤੱਕ,ਟੀ.ਐਸ.ਐਸ. 1,500 ਤੋਂ ਵੱਧ ਮਰੀਜ਼ਾਂ ਦਾ ਇਲਾਜ ਕਰਾ ਚੁਕਾ ਹੈ। ਉਨ੍ਹਾਂ ਨੇ 18 ਸਿਹਤ ਕੈਂਪ ਲਗਾਏ। ਇਸ ਦੌਰਾਨ ਪੁਰਾਣੀਆਂ ਬਿਮਾਰੀਆਂ ਤੋਂ ਪੀੜਤ 5,000 ਮਰੀਜ਼ਾਂ ਦੇ ਇਲਾਜ਼ ਕੀਤੇ। ਹਸਪਤਾਲ ਵਿੱਚ ਭਰਤੀ ਕਰਵਾਏ। ਦੰਦਾਂ ਜਾਂ ਅੱਖਾਂ ਦੀਆਂ ਸਮੱਸਿਆਵਾਂ ਤੋਂ ਪੀੜਤ ਲੋਕਾਂ ਦਾ ਇਲਾਜ ਕਰਵਾਇਆ। ਸੇਵਾਮੁਕਤ ਆਈ.ਪੀ.ਐਸ. ਅਧਿਕਾਰੀ ਤੇਜਦੀਪ ਕੌਰ ਮੈਨਨ, ਜੋ ਸਤੰਬਰ 2023 ਵਿੱਚ ਦੂਜੀ ਵਾਰ ਟੀ.ਐਸ.ਐਸ. ਪ੍ਰਧਾਨ ਚੁਣੀ ਗਈ ਹੈ, ਕਹਿੰਦੀ ਹੈ, ਦਲਿਤਾਂ ਪ੍ਰਤੀ ਫਰਜ਼ ਸਿੱਖਾਂ ਦਾ ਅਨਿੱਖੜਵਾਂ ਅੰਗ ਹੈ। ਸਿੱਖ ਹਰ ਵੇਲੇ ਲੋੜਵੰਦਾਂ ਲਈ ਸਰਗਰਮ ਰਹਿੰਦੇ ਹਨ।

ਤੇਜਦੀਪ ਅਕਸਰ ਸਰਕਾਰ ਤੋਂ ਰਾਹਤ ਫੰਡਾਂ ਲਈ ਅਰਜ਼ੀ ਦਿੰਦੀ ਹੈ ਤੇ ਸਿੱਖ ਭਾਈਚਾਰੇ ਦੇ ਮੈਂਬਰਾਂ ਦੇ ਨਾਲ-ਨਾਲ ਸਿੱਖ ਡਾਕਟਰ ਤੋਂ ਪੇਸ਼ੇਵਰ ਸਹਾਇਤਾ ਦਾ ਸਹਿਯੋਗ ਲੈਂਦੀ ਹੈ ਜੋ ਮੁਫਤ ਪ੍ਰਦਾਨ ਕਰਦੇ ਹਨ। ਉਹ ਆਖਦੀ ਹੈ ਕਿ ਸਾਨੂੰ ਦੇਸ਼ ਭਰ ਦੇ ਸਿੱਖਾਂ ਤੋਂ ਦਾਨ ਵੀ ਮਿਲਦਾ ਹੈ, ਅਤੇ ਗੁਰੂ ਨਾਨਕ ਮਿਸ਼ਨ ਟਰੱਸਟ ਤੇ ਇਲੈਕਟ੍ਰਾਨਿਕ ਮਾਰਟ ਆਫ਼ ਇੰਡੀਆ, ਕੇਅਰ ਹਸਪਤਾਲ ਗਰੁੱਪ, ਸਾਊਥ ਇੰਡੀਅਨ ਬੈਂਕ, ਲਾਰੈਂਸ ਅਤੇ ਮੇਓ ਦੇ ਸੀਐਸਆਰ ਪ੍ਰੋਗਰਾਮਾਂ ਤੋਂ ਵੀ ਫੰਡ ਮਿਲਦਾ ਹੈ।

ਟੀ.ਐਸ.ਐਸ. ਸਿਹਤ ਸੰਭਾਲ ਤੋਂ ਇਲਾਵਾ, ਸਿਕਲੀਗਰਾਂ ਨੂੰ ਸਥਾਈ ਰਿਹਾਇਸ਼ ਅਤੇ ਜ਼ਮੀਨ ਦੇ ਮਾਲਕੀ ਹੱਕ ਦਿਵਾਉਣ ਵਿੱਚ ਵੀ ਮਦਦ ਕਰ ਰਿਹਾ ਹੈ। ਨਿਰਮਲ ਵਿੱਚ, ਟੀ.ਐਸ.ਐਸ. ਨੇ 36 ਪਰਿਵਾਰਾਂ ਦੀ ਮਦਦ ਕੀਤੀ ਜੋ ਤਿੰਨ ਪੀੜ੍ਹੀਆਂ ਤੋਂ ਖਾਨਾਬਦੋਸ਼ਾਂ ਵਜੋਂ ਰਹਿ ਰਹੇ ਸਨ। ਉਨ੍ਹਾਂ ਨੂੰ ਪਹਿਲੀ ਵਾਰ ਆਸਰਾ ਅਤੇ 2ਬੀਐਚਕੇ ਦੇ ਘਰ ਦਿਤੇ ਗਏ ਹੋਏ। 2023 ਵਿੱਚ, ਸਰਕਾਰ ਨੇ ਸਿੱਖ ਛਾਉਣੀ ਵਿੱਚ ਰਹਿ ਰਹੇ 45 ਏਕੜ ਜ਼ਮੀਨ ਦੇ ਕਾਬਜ਼ਕਾਰਾਂ ਨੂੰ ਮਾਲਕੀ ਦੇ ਅਧਿਕਾਰ ਦਿੱਤੇ, ਜਿਸ ’ਤੇ ਉਨ੍ਹਾਂ ਨੇ ਘਰ ਜਾਂ ਕਾਰੋਬਾਰ ਸਥਾਪਿਤ ਕੀਤੇ ਸਨ। ਇਸ ਤੋਂ ਪਹਿਲਾਂ, 2019 ਵਿੱਚ, ਮਿਉਂਸਪਲ ਅਧਿਕਾਰੀਆਂ ਨੂੰ ਬੋਧਨ ਵਿੱਚ 2,000 ਵਰਗ ਗਜ਼ ਖੇਤਰ ਵਿੱਚ ਰਹਿ ਰਹੇ 55 ਸਿਕਲੀਗਰ ਪਰਿਵਾਰਾਂ ਨੂੰ ਮਾਲਕੀ ਦੇ ਅਧਿਕਾਰ ਦੇਣ ਲਈ ਮਨਾ ਲਿਆ ਗਿਆ ਸੀ ਜਦੋਂ ਪ੍ਰਸ਼ਾਸਨ ਵਲੋਂ ਉਹ ਬੇਦਖਲ ਕੀਤੇ ਜਾਣੇ ਸਨ।

ਟੀ.ਐਸ.ਐਸ. ਨੇ ਟਾਇਲਟ ਬਲਾਕ ਬਣਾਉਣ, ਸਕੂਲ ਦੀਆਂ ਇਮਾਰਤਾਂ ਦਾ ਨਵੀਨੀਕਰਨ ਕਰਨ ਅਤੇ ਉਹਨਾਂ ਲੋਕਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਵੀ ਕੰਮ ਕੀਤਾ ਹੈ ਜੋ ਰਾਜ ਵਿੱਚ ਵਾਤਾਵਰਨ ਵਿਗਾੜਾਂ ਕਾਰਨ ਆਪਣੇ ਘਰ ਗੁਆ ਚੁੱਕੇ ਹਨ। ਇਸਨੇ ਔਰਤਾਂ ਅਤੇ ਲੜਕੀਆਂ ਦੇ ਸਿਲਾਈ ਅਤੇ ਕੰਪਿਊਟਰ ਦੇ ਹੁਨਰ ਨੂੰ ਨਿਖਾਰਨ ਲਈ ਹੁਨਰ ਕੇਂਦਰਾਂ ਦੀ ਸਥਾਪਨਾ ਵੀ ਕੀਤੀ ਹੈ ਅਤੇ ਰਾਜ ਭਰ ਦੇ ਗਰੀਬ ਵਿਦਿਆਰਥੀਆਂ ਲਈ ਰਿਹਾਇਸ਼ੀ ਕੈਂਪ ਲਗਾਏ ਹਨ ਤਾਂ ਜੋ ਉਨ੍ਹਾਂ ਨੂੰ ਜੀਵਨ ਸੁਧਾਰਿਆ ਜਾ ਸਕੇ।





### ਤੇਲੰਗਾਨਾ ਦੇ ਇੱਕ ਕਬਾਇਲੀ ਪਿੰਡ ਗੱਚੂਭਾਈ ਥਾਂਦਾ ਸਿੱਖ ਸਜਿਆ

ਕਬਾਇਲੀ ਬਸਤੀ ਗੱਚੂਭਾਈ ਥਾਂਦਾ ਹੈਦਰਾਬਾਦ ਤੋਂ ਥੋੜ੍ਹੀ ਦੂਰੀ ’ਤੇ ਸ਼ਮਸ਼ਾਬਾਦ ਵਿੱਚ ਸਥਿਤ ਹੈ। । ਪਰ ਪਿੰਡ ਵਾਸੀ ਇਸ ਨਗਰੀ ਨੂੰ ਗੁਰੂ ਗੋਬਿੰਦ ਸਿੰਘ ਨਗਰ ਕਹਿੰਦੇ ਹਨ। ਇੱਥੋਂ ਦੇ 90 ਪ੍ਰਤੀਸ਼ਤ ਵਾਸੀ ਸਿੱਖ ਹਨ।




ਪਿੰਡ ਵਿੱਚ ਲਗਭਗ 500 ਵਸਨੀਕ ਹਨ, ਜਿਨ੍ਹਾਂ ਵਿੱਚੋਂ ਲਗਭਗ ਸਾਰੇ ਹੀ ਲਾਂਬੜਾ ਹਨ, ਜੋ ਅਨੁਸੂਚਿਤ ਕਬੀਲਿਆਂ ਵਿੱਚ ਸੂਚੀਬੱਧ ਹਨ। ਸਿੱਖ ਧਰਮ ਵਿੱਚ ਪਿਛਲੇ 20 ਸਾਲਾਂ ਦੌਰਾਨ ਬਹੁਤ ਤਬਦੀਲੀਆਂ ਆਈਆਂ ਹਨ। ਪਿੰਡ ਦੇ ਲੋਕ ਜ਼ਿਆਦਾਤਰ ਲੰਬਾੜੀ ਅਤੇ ਥੋੜਾ ਜਿਹਾ ਹਿੰਦੀ ਅਤੇ ਤੇਲਗੂ ਬੋਲਦੇ ਹਨ, ਪਰ ਪੰਜਾਬੀ ਨਹੀਂ। ਪਿੰਡ ਦਾ ਆਪਣਾ ਗੁਰਦੁਆਰਾ ਦਸਮੇਸ਼ ਦਰਬਾਰ ਹੈ ਜੋ ਦੋ ਮੰਜ਼ਿਲਾ ਇਮਾਰਤ ਹੈ, ਖੇਤਾਂ ਨਾਲ ਘਿਰੀ ਹੋਈ ਹੈ।

ਇਸ ਦੇ ਗੁਆਂਢ ਵਿੱਚ ਲਖਵਿੰਦਰ ਸਿੰਘ ਰਹਿੰਦਾ ਹੈ, ਜਿਸ ਦਾ ਜਨਮ ਖੇਤਾਵਤ ਦੀਪਲਾ ਵਿੱਚ ਹੋਇਆ ਸੀ। ਜਦੋਂ ਪਿੰਡ ਦੇ ਸਾਰੇ ਸਿੱਖਾਂ ਨੇ ਨਵਾਂ ਧਰਮ ਅਪਣਾਇਆ ਤਾਂ ਉਨ੍ਹਾਂ ਨੇ ਨਵੇਂ ਨਾਂ ਰੱਖੇ। 73 ਸਾਲਾ ਲਖਵਿੰਦਰ ਗੁਰਦੁਆਰਾ ਕਮੇਟੀ ਦੇ ਚੇਅਰਮੈਨ ਹਨ।

ਇਸ ਪਿੰਡ ਦਾ ਇੱਕ ਹੋਰ ਬਜ਼ੁਰਗ-ਭਗਤ ਸਿੰਘ ਹੈ-ਜਿਸ ਨੇ ਪਿੰਡ ਵਿੱਚ ਗੁਰਦੁਆਰਾ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ। ਭਗਤ ਸਿੰਘ ਦਾ ਦਾਅਵਾ ਹੈ ਕਿ ਉਸ ਨੇ ਪਾਕਿਸਤਾਨ ਵਿੱਚ ਸਿੱਖ ਪਵਿੱਤਰ ਸਥਾਨਾਂ ਦਾ ਦੌਰਾ ਕੀਤਾ ਅਤੇ ਧਰਮ ਅਤੇ ਇਸ ਦੇ ਸਿਧਾਂਤਾਂ ਦੀ ਡੂੰਘੀ ਸਮਝ ਪ੍ਰਾਪਤ ਕਰਨ ਲਈ ਹੈਦਰਾਬਾਦ ਦੇ ਇੱਕ ਗੁਰਦੁਆਰੇ ਵਿੱਚ ਵੀ ਲਗਭਗ ਪੰਜ ਸਾਲ ਰਿਹਾ।

ਆਟੋ ਚਾਲਕ ਭਗਤ ਸਿੰਘ ਯਾਦ ਕਰਦੇ ਹਨ ਕਿ 2001 ਵਿੱਚ, ਮੈਂ ਸਿੱਖ ਧਾਰਮਿਕ ਆਗੂਆਂ ਤੋਂ ਸਾਡੇ ਛੋਟੇ ਜਿਹੇ ਮੰਦਰ ਨੂੰ ਗੁਰਦੁਆਰੇ ਵਿੱਚ ਤਬਦੀਲ ਕਰਨ ਦੀ ਸਲਾਹ ਮੰਗੀ ਸੀ। ਸਾਨੂੰ ਕਿਹਾ ਗਿਆ ਸੀ ਕਿ ਜੇਕਰ ਅਸੀਂ ਗੁਰਦੁਆਰੇ ਵਿੱਚ ਰਸਮਾਂ ਨਿਭਾਉਣੀਆਂ ਚਾਹੁੰਦੇ ਹਾਂ ਤਾਂ ਸਿੱਖ ਧਰਮ ਵਿੱਚ ਸ਼ਾਮਲ ਹੋਣਾ ਬਿਹਤਰ ਹੋਵੇਗਾ। ਫਿਰ ਸਾਡੇ ਵਿੱਚੋਂ ਲਗਭਗ 70 ਲੋਕ ਸਿੱਖੀ ਵਿੱਚ ਸ਼ਾਮਿਲ ਹੋ ਗਏ। ਭਗਤ ਅਨੁਸਾਰ ਹੁਣ ਇਨ੍ਹਾਂ ਦੀ ਗਿਣਤੀ 70 ਤੋਂ ਵਧ ਕੇ 500 ਤੋਂ ਵੱਧ ਹੋ ਗਈ ਹੈ। ਉਹ ਕਹਿੰਦਾ ਹੈ, ਸਾਡੇ ਤੋਂ ਪ੍ਰੇਰਿਤ ਹੋ ਕੇ, ਨੇੜਲੀਆਂ ਬਸਤੀਆਂ ਦੇ ਕੁਝ ਲੋਕਾਂ ਨੇ ਵੀ ਧਰਮ ਪਰਿਵਰਤਨ ਕੀਤਾ ਹੈ।

ਗੁਰੂ ਗੋਬਿੰਦ ਸਿੰਘ ਨਗਰ ਵਿੱਚ ਇੱਕ ਆਮ ਦਿਨ ਸਵੇਰੇ 4 ਵਜੇ ਸ਼ੁਰੂ ਹੁੰਦਾ ਹੈ, ਜਦੋਂ ਗੁਰਦੁਆਰੇ ਦੇ ਸਪੀਕਰਾਂ ਤੋਂ ਕੀਰਤਨ ਚਲਦਾ ਹੈ। ਗੁਰਦੁਆਰਾ ਸ਼ਾਮ 7:30 ਵਜੇ ਤੱਕ ਸਾਰੇ ਸ਼ਰਧਾਲੂਆਂ ਲਈ ਖੁੱਲ੍ਹਾ ਰਹਿੰਦਾ ਹੈ। ਪੂਰਨਮਾਸ਼ੀ ਦੇ ਦਿਨਾਂ ਅਤੇ ਵਿਸ਼ੇਸ਼ ਮੌਕਿਆਂ ’ਤੇ ਲੰਗਰ ਵਰਤਾਇਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ 26 ਜਨਵਰੀ ਨੂੰ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ, ਤਾਂ ਜੋ ਹੋਰ ਗੁਰਦੁਆਰਿਆਂ ਵਿੱਚ ਦਸੰਬਰ ਦੇ ਪ੍ਰਕਾਸ਼ ਦਿਹਾੜੇ ਦੇ ਜਸ਼ਨਾਂ ਨਾਲ ਟਕਰਾ ਨਾ ਹੋਵੇ। ਕਮੇਟੀ ਮੈਂਬਰਾਂ ਦਾ ਕਹਿਣਾ ਹੈ ਕਿ ਦਿਨ ਭਰ ਚੱਲਣ ਵਾਲੇ ਇਸ ਮੇਲੇ ਵਿੱਚ ਘੱਟੋ-ਘੱਟ 5,000 ਲੋਕ ਸ਼ਾਮਲ ਹੁੰਦੇ ਹਨ, ਜਿਸ ਵਿੱਚ ਪੰਜਾਬ ਭਰ ਤੋਂ ਕੀਰਤਨ ਮਾਹਿਰ ਅਤੇ ਧਾਰਮਿਕ ਆਗੂ ਸ਼ਾਮਲ ਹੁੰਦੇ ਹਨ।

ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਗੁਰਦੁਆਰਾ ਸਾਹਿਬ ਨੂੰ ਚਲਾਉਣ ਵਿੱਚ ਕੁਝ ਦਾਨੀ ਸੱਜਣ ਮਦਦ ਕਰਦੇ ਹਨ। ਲਖਵਿੰਦਰ ਕਹਿੰਦਾ ਹੈ ਕਿ ਗੁਰਦੁਆਰੇ ਦੀ ਉਸਾਰੀ ਦੌਰਾਨ ਚੰਗਾ ਸਹਿਯੋਗ ਮਿਲਿਆ ਸੀ। ਯੋਜਨਾ ਅਤੇ ਆਰਕੀਟੈਕਚਰ ਪਟਨਾ ਸਾਹਿਬ ਦੀ ਟੀਮ ਦੁਆਰਾ ਕੀਤਾ ਗਿਆ ਸੀ। ਨਾਂਦੇੜ ਸਾਹਿਬ ਦੇ ਮੈਂਬਰਾਂ ਵੱਲੋਂ ਉਸਾਰੀ ਸਮੱਗਰੀ ਦਾ ਇੱਕ ਹਿੱਸਾ ਦਾਨ ਕੀਤਾ ਗਿਆ ਸੀ। ਹੈਦਰਾਬਾਦ ਦੇ ਇੱਕ ਸਿੰਘ ਨੇ ਵੀ ਗੁਰਦੁਆਰੇ ਦੀ ਉਸਾਰੀ ਵਿੱਚ ਬਹੁਤ ਮਦਦ ਕੀਤੀ ਸੀ।

30 ਸਾਲਾ ਮੋਹਨ ਸਿੰਘ ਪਿੰਡ ਦਾ ਪਹਿਲਾ ਗ੍ਰੰਥੀ ਹੈ। ਉਹ ਆਪਣੇ ਪਿੰਡ ਪਰਤਣ ਤੋਂ ਪਹਿਲਾਂ 13 ਸਾਲ ਹੈਦਰਾਬਾਦ ਦੇ ਇੱਕ ਗੁਰਦੁਆਰੇ ਵਿੱਚ ਰਿਹਾ ਅਤੇ ਸਿਖਲਾਈ ਪ੍ਰਾਪਤ ਕੀਤੀ। ਉਹ ਉਨ੍ਹਾਂ ਥੋੜ੍ਹੇ ਲੋਕਾਂ ਵਿੱਚੋਂ ਇੱਕ ਹੈ ਜੋ ਗੁਰਮੁਖੀ ਪੜ੍ਹ ਸਕਦੇ ਹਨ।

ਮੋਹਨ ਕਹਿੰਦਾ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਨੌਜਵਾਨ ਪੀੜ੍ਹੀ ਸਾਡੇ ਮਾਰਗ ’ਤੇ ਚੱਲੇ। ਜਦੋਂ ਮੈਨੂੰ ਸਮਾਂ ਮਿਲਦਾ ਹੈ, ਮੈਂ ਬੱਚਿਆਂ ਨੂੰ ਸਾਡੇ ਧਰਮ ਦੇ ਸਿਧਾਂਤਾਂ ਅਤੇ ਇਸ ਦੀ ਮਹੱਤਤਾ ਬਾਰੇ ਸਿਖਾਉਂਦਾ ਹਾਂ। ਕਈ ਵਾਰ, ਦੂਜੇ ਗੁਰਦੁਆਰਿਆਂ ਤੋਂ ਸਿੱਖ ਨੌਜਵਾਨਾਂ ਨੂੰ ਕੀਰਤਨ ਜਾਂ ਗਤਕਾ ਸਿਖਾਉਣ ਲਈ ਆਉਂਦੇ ਹਨ।

ਪਿੰਡਾਂ ਦੇ ਲੋਕਾਂ ਦੀ ਜੀਵਨ ਸ਼ੈਲੀ ਅਤੇ ਨਜ਼ਰੀਆ ਵੀ ਕੁਝ ਸਾਲਾਂ ਦੌਰਾਨ ਬਦਲ ਗਿਆ ਹੈ। ਪਿੰਡ ਵਿੱਚ ਤੰਬਾਕੂ ’ਤੇ ਪਾਬੰਦੀ ਹੈ। 20 ਸਾਲਾਂ ਦੇ ਧਰਮ ਸਿੰਘ ਨੇ ਕਿਹਾ, ਜਦੋਂ ਵੀ ਅਸੀਂ ਕਿਸੇ ਨੂੰ ਸਿਗਰਟ ਪੀਂਦੇ ਦੇਖਦੇ ਹਾਂ, ਤਾਂ ਅਸੀਂ ਤੁਰੰਤ ਉਨ੍ਹਾਂ ਨੂੰ ਸਲਾਹ ਦਿੰਦੇ ਹਾਂ। ਇੱਥੇ ਕੋਈ ਵੀ ਦੁਕਾਨ ਤੰਬਾਕੂ ਉਤਪਾਦ ਨਹੀਂ ਵੇਚਦੀ। ਇਹੀ ਗੱਲ ਸ਼ਰਾਬ ਅਤੇ ਤਾੜੀ ’ਤੇ ਵੀ ਲਾਗੂ ਹੁੰਦੀ ਹੈ। ਇਸ ਤੋਂ ਇਲਾਵਾ, ਮਾਸ ਤਾਂ ਹੀ ਖਾਧਾ ਜਾਂਦਾ ਹੈ ਜੇਕਰ ਜਾਨਵਰ ਨੂੰ ਇੱਕ ਝਟਕੇ ਨਾਲ ਮਾਰਿਆ ਗਿਆ ਹੋਵੇ। ਇਸੇ ਕਰਕੇ ਪਿੰਡ ਦੇ ਕੁਝ ਲੋਕ ਸਮੇਂ-ਸਮੇਂ ’ਤੇ ਕਸਾਈ ਵਜੋਂ ਕੰਮ ਕਰਦੇ ਹਨ।

# ਸਿਕਲੀਗਰ ਤੇ ਵਣਜਾਰੇ ਸਿੱਖਾਂ ਦੀਆਂ ਸਕੂਲ/ਕਾਲਜ ਦੀਆਂ ਫ਼ੀਸਾਂ ਲਈ ਸ਼੍ਰੋਮਣੀ ਕਮੇਟੀ ਨੇ ਕੀਤੀ ਸਹਾਇਤਾ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਦੀਆਂ ਸਕੂਲ/ਕਾਲਜ ਦੀਆਂ ਫੀਸਾਂ ਲਈ 30 ਲੱਖ 33 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।

ਇਹ ਸਹਾਇਤਾ ਰਾਸ਼ੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਨੇ ਛੱਤੀਸਗੜ੍ਹ ਅਤੇ ਆਂਧਰਾ ਪ੍ਰਦੇਸ਼ ਦੇ ਵੱਖ-ਵੱਖ ਥਾਵਾਂ ’ਤੇ ਪੜ੍ਹਦੇ ਸਿਕਲੀਗਰ ਤੇ ਵਣਜਾਰੇ ਬੱਚਿਆਂ ਦੀਆਂ ਫੀਸਾਂ ਦੇ ਰੂਪ ਵਿੱਚ ਸਕੂਲਾਂ ਨੂੰ ਸੌਂਪੀ।



ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿਕਲੀਗਰ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਹਰ ਸਾਲ ਬੱਚਿਆਂ ਦੀਆਂ ਸਕੂਲ ਫੀਸਾਂ ਭਰਨ ਦਾ ਫੈਸਲਾ ਕੀਤਾ ਹੋਇਆ ਹੈ। ਇਸੇ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਵਿਦਿਅਕ ਸਾਲ 2023-24 ਦੀਆਂ ਫੀਸਾਂ ਭੇਜੀਆਂ ਗਈਆਂ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਰਾਏਪੁਰ, ਛੱਤੀਸਗੜ੍ਹ ਅਤੇ ਆਂਧਰਾ ਪ੍ਰਦੇਸ਼ ਦੇ ਵੱਖ-ਵੱਖ ਸਕੂਲਾਂ ਕਾਲਜਾਂ ਵਿੱਚ ਜਾ ਕੇ ਇਥੇ ਪੜ੍ਹ ਰਹੇ ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਦੀਆਂ ਫੀਸਾਂ ਸਿੱਧੇ ਤੌਰ ’ਤੇ ਸਕੂਲਾਂ ਤੇ ਕਾਲਜਾਂ ਨੂੰ ਸੌਂਪੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਬੀਤੇ ’ਚ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਗਏ ਫੈਸਲੇ ਅਨੁਸਾਰ ਸਾਲ ਭਰ ਦੀਆਂ ਫੀਸਾਂ ਇਕੋ ਸਮੇਂ ਖੁਦ ਜਾ ਕੇ ਜਮ੍ਹਾਂ ਕਰਵਾਈਆਂ ਜਾਂਦੀਆਂ ਹਨ । ਉਨ੍ਹਾਂ ਕਿਹਾ ਕਿ ਇਹ ਫੀਸਾਂ ਦੇਣ ਦਾ ਮੰਤਵ ਸਿਕਲੀਗਰ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਸਿੱਖਿਅਤ ਕਰਨਾ ਹੈ ਤਾਂ ਜੋ ਭਵਿੱਖ ਵਿੱਚ ਉਹ ਆਪਣੇ ਪੈਰਾਂ ’ਤੇ ਖੜ੍ਹੇ ਹੋ ਸਕਣ। ਉਨ੍ਹਾਂ ਕਿਹਾ ਕਿ ਸਾਡੇ ਲਈ ਖ਼ੁਸ਼ੀ ਦੀ ਗੱਲ ਹੈ ਕਿ ਬਹੁਤ ਸਾਰੇ ਬੱਚੇ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਪੜ੍ਹ ਕੇ ਨੌਕਰੀਆਂ ਪ੍ਰਾਪਤ ਕਰ ਰਹੇ ਹਨ, ਜੋ ਆਪਣੇ ਪਰਿਵਾਰ ਦਾ ਸਹਾਰਾ ਬਨਣਗੇ।

## ਡੇਰਾ ਪ੍ਰੇਮੀ ਪ੍ਰਦੀਪ ਕਲੇਰ ਨੇ ਚੰਡੀਗੜ੍ਹ ਦੀ ਅਦਾਲਤ 'ਚ ਦਰਜ ਕਰਵਾਏ ਬਿਆਨ 'ਚ ਕਿਹਾ

# ਸੌਦਾ ਸਾਧ ਤੇ ਹਨੀਪ੍ਰੀਤ ਨੇ ਬੇਅਦਬੀ ਦੇ ਦਿੱਤੇ ਸੀ ਹੁਕਮ

## ਕਲੇਰ ਨੇ ਕਿਹਾ ਕਿ ਬਿੱਟੂ ਵਾਂਗ ਉਸ ਦਾ ਵੀ ਕਤਲ ਕਰਵਾਇਆ ਜਾ ਸਕਦੈ

ਚੰਡੀਗੜ੍ਹ/ਏ.ਟੀ.ਨਿਊਜ਼ : ਪਹਿਲੀ ਵਾਰ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਵਿੱਚ ਹਨੀਪ੍ਰੀਤ ਇੰਸਾਂ 'ਤੇ ਮਾਮਲੇ ਵਿੱਚ ਕਥਿਤ ਤੌਰ 'ਤੇ ਸ਼ਾਮਿਲ ਹੋਣ ਦੇ ਇਲਜ਼ਾਮ ਲੱਗੇ ਹਨ। ਹਨੀਪ੍ਰੀਤ ਇੰਸਾਂ ਬਲਾਤਕਾਰ ਅਤੇ ਕਤਲ ਦੇ ਦੋਸ਼ੀ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਦੀ ਗੋਦ ਲਈ ਧੀ ਹੈ। ਹਨੀਪ੍ਰੀਤ 'ਤੇ ਬੇਅਦਬੀ ਮਾਮਲੇ ਵਿੱਚ ਸ਼ਾਮਿਲ ਹੋਣ ਦੇ ਦੋਸ਼ ਬਰਗਾੜੀ ਕਾਂਡ ਦੇ ਇੱਕ ਮੁਲਜ਼ਮ ਪ੍ਰਦੀਪ ਕਲੇਰ ਨੇ ਲਾਏ ਹਨ, ਜਿਸ ਨੂੰ ਪੰਜਾਬ ਪੁਲਿਸ ਨੇ ਫਰਵਰੀ 2024 ਵਿੱਚ ਗ੍ਰਿਫ਼ਤਾਰ ਕੀਤਾ ਸੀ। ਪ੍ਰਦੀਪ ਕਲੇਰ ਨੂੰ ਸਾਲ 2021 ਵਿੱਚ ਐਲਾਨੀਆ ਅਪਰਾਧੀ (ਪ੍ਰੋਕਲੇਮਡ ਓਫੈਂਡਰ) ਐਲਾਨਿਆ ਗਿਆ ਸੀ। ਪ੍ਰਦੀਪ ਕਲੇਰ ਉੱਤੇ ਫ਼ਰੀਦਕੋਟ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿੱਚੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਨ ਤੇ ਇਸ ਮਗਰੋਂ ਇਸੇ ਪਿੰਡ ਦੀਆਂ ਕੰਧਾਂ ਉੱਤੇ ਵਿਵਾਦਤ ਪੋਸਟਰ ਚਿਪਕਾਉਣ ਦੇ ਨਾਲ-ਨਾਲ ਬਰਗਾੜੀ ਵਿੱਚ ਬੇਅਦਬੀ ਦੀਆਂ ਘਟਨਾਵਾਂ ਦੀ ਸਾਜਿਸ਼ ਰਚਣ ਦੇ ਇਲਜ਼ਾਮ ਹਨ। ਪ੍ਰਦੀਪ ਨੂੰ ਭਾਜਪਾ ਦੇ ਨੇਤਾ ਦੇ ਨਾਲ ਅਯੁੱਧਿਆ ਵਿੱਚ ਇੱਕ ਧਾਰਮਿਕ ਸਮਾਗਮ ਵਿੱਚ ਸ਼ਾਮਲ ਹੋਣ ਦੀਆਂ ਤਸਵੀਰਾਂ ਵਾਇਰਲ ਹੋਣ ਤੋਂ ਬਾਅਦ ਪੁਲਿਸ ਵਲੋਂ ਗ੍ਰਿਫਤਾਰ ਕੀਤਾ ਗਿਆ ਸੀ।

ਡੇਰਾ ਸਿਰਸਾ ਦੇ ਸਿਆਸੀ ਵਿੰਗ ਦਾ ਮੁਖੀ ਪ੍ਰਦੀਪ ਕਲੇਰ, ਜਿਸ ਦੀ ਗ੍ਰਿਫ਼ਤਾਰੀ ਵਿਸ਼ੇਸ਼ ਜਾਂਚ ਟੀਮ ਅਤੇ ਫ਼ਰੀਦਕੋਟ ਪੁਲਿਸ ਦੀ ਸਾਂਝੀ ਟੀਮ ਵੱਲੋਂ ਕੁਝ ਸਮਾਂ ਪਹਿਲਾਂ ਗੁਰੂਗਰਾਮ (ਹਰਿਆਣਾ) ਤੋਂ ਕੀਤੀ ਗਈ ਸੀ। ਪ੍ਰਦੀਪ ਕਲੇਰ ਨੇ ਚੰਡੀਗੜ੍ਹ ਦੀ ਅਦਾਲਤ ਵਿੱਚ ਧਾਰਾ 164 ਅਧੀਨ ਜੁਡੀਸ਼ੀਅਲ ਮੈਜਿਸਟਰੇਟ ਮੋਹਿਤ ਅੱਗੇ ਆਪਣਾ ਇਕਬਾਲੀਆ ਬਿਆਨ ਫਰਵਰੀ ਦੇ ਅਖੀਰ ਵਿੱਚ ਦਰਜ ਕਰਵਾਇਆ ਸੀ ਤੇ ਬੇਅਦਬੀਆਂ ਦੇ ਕੇਸ ਵਿੱਚ ਡੇਰਾ ਮੁਖੀ ਤੇ ਉਸ ਦੀ ਮੂੰਹਬੋਲੀ ਧੀ ਹਨੀਪ੍ਰੀਤ ਨੂੰ ਇਨ੍ਹਾਂ ਘਟਨਾਵਾਂ ਲਈ ਮੁੱਖ ਸਾਜ਼ਿਸ਼ਕਰਤਾ ਬਣਾ ਦਿੱਤਾ ਹੈ । ਹਾਲਾਂਕਿ, ਇਸ ਤੋਂ ਪਹਿਲਾਂ ਡੇਰੇ ਦੀ ਪੰਜਾਬ ਲਈ 45 ਮੈਂਬਰੀ ਕਮੇਟੀ ਦੇ ਮੁਖੀ ਮਹਿੰਦਰਪਾਲ ਬਿੱਟੂ ਨੇ ਵੀ ਅਦਾਲਤ ਸਾਹਮਣੇ ਧਾਰਾ 164 ਅਧੀਨ ਦਰਜ ਕਰਵਾਏ ਬਿਆਨਾਂ ਵਿੱਚ ਪ੍ਰਦੀਪ ਕਲੇਰ ਦੇ ਬਿਆਨ ਦੀ ਤਰਜ਼ 'ਤੇ ਡੇਰਾ ਮੁਖੀ ਨੂੰ ਸਾਜਿਸ਼ਕਰਤਾ ਦੱਸਿਆ ਸੀ ਪਰ ਬਿੱਟੂ ਨੂੰ ਬਾਅਦ ਵਿੱਚ ਜੇਲ੍ਹ ਵਿੱਚ ਹੀ ਮਾਰ ਦਿੱਤਾ ਗਿਆ ਸੀ ਅਤੇ ਉਸ ਦੀ ਹੱਤਿਆ ਦੀ ਗੁੱਥੀ ਅਜੇ ਤੱਕ ਨਹੀਂ ਸੁਲਝ ਸਕੀ। ਪ੍ਰਦੀਪ ਕਲੇਰ, ਜੋ ਪਹਿਲਾਂ ਇਸ ਕੇਸ ਵਿੱਚ ਭਗੌੜਾ ਐਲਾਨਿਆ ਹੋਇਆ ਸੀ, ਨੇ ਹੁਣ ਦੱਸਿਆ ਹੈ ਕਿ ਉਹ ਕਦੀ ਵੀ ਕਿਤੇ ਦੌੜਿਆ ਨਹੀਂ ਤੇ ਹਮੇਸ਼ਾ ਡੇਰੇ ਵਿੱਚ ਹੀ ਮੌਜੂਦ ਰਿਹਾ ਪਰ ਉਸ ਦੀ ਇਸ ਕਾਂਡ ਵਿੱਚ ਕੋਈ ਭੂਮਿਕਾ ਨਹੀਂ ਸੀ, ਜਦੋਂਕਿ ਸਾਜ਼ਿਸ਼ ਉਸ ਦੀ ਹਾਜ਼ਰੀ ਵਿੱਚ ਜ਼ਰੂਰ ਹੋਈ । ਅਦਾਲਤ ਸਾਹਮਣੇ ਦਰਜ ਕਰਵਾਏ ਬਿਆਨ ਵਿੱਚ ਪ੍ਰਦੀਪ ਕਲੇਰ ਨੇ ਕਿਹਾ ਹੈ ਕਿ ਉਸ ਨੂੰ 2014 ਵਿੱਚ ਡੇਰੇ ਦੇ ਸਿਆਸੀ ਵਿੰਗ ਦਾ ਮੁਖੀ ਥਾਪਿਆ ਗਿਆ ਸੀ ਅਤੇ ਉਸ ਦਾ ਕੰਮ ਰਾਜਨੀਤਿਕ ਆਗੂਆਂ ਨਾਲ ਤਾਲਮੇਲ ਰੱਖਣਾ ਸੀ। ਉਸ ਅਨੁਸਾਰ ਮਾਰਚ-ਅਪ੍ਰੈਲ 2015 ਦੌਰਾਨ ਉਸ ਨੇ ਦਿੱਲੀ ਜਾਣਾ ਸੀ ਤਾਂ ਉਸ ਨੂੰ ਸੌਦਾ ਸਾਧ ਕੋਲ ਬੁਲਾਇਆ ਗਿਆ, ਜਦੋਂ ਉਹ ਪੁੱਜਾ ਤਾਂ ਉਥੇ ਹਨੀਪ੍ਰੀਤ, ਰਕੇਸ਼ ਕੁਮਾਰ ਦਿੜ੍ਹਬਾ, ਹਰਸ਼ ਧੂਰੀ, ਮਹਿੰਦਰਪਾਲ ਬਿੱਟੂ (ਕੋਟਕਪੂਰਾ), ਗੁਲਾਬ ਉਰਫ਼ ਗੁਲਾਬੋ, ਗੁਰਲੀਨ ਉਰਫ਼ ਰਕੇਸ਼ ਕੁਮਾਰ ਹਾਜ਼ਰ ਸਨ। ਜਿਥੇ ਬੁਰਜ ਜਵਾਹਰ ਸਿੰਘ ਵਾਲਾ ਵਿਖੇ ਸਿੱਖ ਪ੍ਰਚਾਰਕ ਹਰਜਿੰਦਰ ਸਿੰਘ ਮਾਝੀ ਵੱਲੋਂ ਕੀਤੀ ਗਈ ਕਥਾ ਤੋਂ ਬਾਅਦ ਡੇਰੇ ਦੇ ਕਈ ਸੇਵਕਾਂ ਵੱਲੋਂ ਸੌਦਾ ਸਾਧ ਦੀ ਤਸਵੀਰ ਵਾਲੇ ਲਾਕੇਟ ਗਲਾਂ ਵਿਚੋਂ ਲਾਹ ਪੈਰਾਂ ਵਿੱਚ ਸੁੱਟ ਦਿੱਤੇ ਗਏ। ਪ੍ਰਦੀਪ ਕਲੇਰ ਦੇ ਬਿਆਨ ਅਨੁਸਾਰ ਇਸ 'ਤੇ ਹਨੀਪ੍ਰੀਤ ਗੁੱਸੇ ਵਿੱਚ ਆ ਗਈ ਅਤੇ ਉਸ ਨੇ ਪੁੱਛਿਆ ਕਿ ਜਦੋਂ ਲਾਕਿਟ ਸੁੱਟੇ ਤਾਂ ਉਸ ਤੋਂ ਬਾਅਦ ਤੁਸੀਂ ਕੁਝ ਕੀਤਾ ਕਿਉਂ ਨਹੀਂ । ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਜਾਣਾ ਚਾਹੀਦਾ ਸੀ। ਹਾਜ਼ਰ ਕੁਝ ਮੈਂਬਰਾਂ ਨੇ ਕਿਹਾ ਕਿ ਮਾਝੀ ਤਾਂ ਇੱਕ ਪ੍ਰਚਾਰਕ ਹੈ, ਪ੍ਰੰਤੂ ਸਿੱਖਾਂ ਦੀ ਨਿਸ਼ਾਨੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਸ 'ਤੇ ਹਨੀਪ੍ਰੀਤ ਨੇ ਕਿਹਾ ਕਿ ਸਿੱਖਾਂ ਨਾਲ ਵੀ ਅਜਿਹਾ ਹੀ ਵਿਵਹਾਰ ਕੀਤਾ ਜਾਣਾ ਜ਼ਰੂਰੀ ਹੈ। ਗੁਰੂ ਗ੍ਰੰਥ ਸਾਹਿਬ ਨੂੰ ਵੀ ਇੰਝ ਹੀ ਪੈਰਾਂ ਵਿੱਚ ਰੋਲ ਦਿਓ।

ਇਸ ਤੋਂ ਬਾਅਦ ਸੌਦਾ ਸਾਧ ਬੋਲਿਆ ਕਿ ਜੋ ਹਨੀਪ੍ਰੀਤ ਕਹਿ ਰਹੀ ਹੈ, ਉਸ 'ਤੇ ਜਲਦੀ ਤੋਂ ਜਲਦੀ ਅਮਲ ਕਰੋ। ਇਸ ਕੰਮ ਲਈ ਮਹਿੰਦਰਪਾਲ ਬਿੱਟੂ ਦੀ ਡਿਊਟੀ ਲੱਗੀ, ਜੋ ਪੰਜਾਬ ਲਈ 45 ਮੈਂਬਰੀ ਕਮੇਟੀ ਦੇ ਮੁਖੀ ਸਨ ਕਿ ਉਹ ਆਪਣੀ ਟੀਮ ਤੋਂ ਜਲਦੀ ਤੋਂ ਜਲਦੀ ਇਹ ਕੰਮ ਕਰਵਾਉਣ। ਬਾਬੇ ਨੇ ਕਿਹਾ ਸਾਡੀ ਮਦਦ ਦੀ ਜੇਕਰ ਲੋੜ ਹੈ ਤਾਂ ਦੱਸੋ, ਉਹ ਪਿੱਛੇ ਖੜ੍ਹਾ ਹੈ। ਪ੍ਰਦੀਪ ਕਲੇਰ ਅਨੁਸਾਰ ਉਹ ਵੀ ਪਿੱਛੇ ਖੜ੍ਹਾ ਸੀ ਅਤੇ ਉਸ ਨੂੰ ਬਾਬੇ ਨੇ ਪੁੱਛਿਆ ਤੇਰਾ ਕੀ ਕੰਮ ਹੈ ਤੇ ਉਸ ਨੇ ਦੱਸਿਆ ਕਿ ਉਹ ਦਿੱਲੀ ਜਾ ਰਿਹਾ ਹਾਂ ਤਾਂ ਉਸ ਨੂੰ ਬਾਬੇ ਨੇ ਦਿੱਲੀ ਵਿਖੇ ਕੁਝ ਲੋਕਾਂ ਨੂੰ ਮਿਲਣ ਲਈ ਕਿਹਾ ਅਤੇ ਉਹ ਉਥੋਂ ਆ ਗਿਆ। ਆਪਣੇ ਬਿਆਨ ਵਿੱਚ ਪ੍ਰਦੀਪ ਕਲੇਰ ਨੇ ਕਿਹਾ ਕਿ ਉਸ ਦੀ ਪੁੱਛਗਿੱਛ ਤੇ ਬਿਆਨ ਤੋਂ ਬਾਅਦ ਸੌਦਾ ਸਾਧ, ਹਨੀਪ੍ਰੀਤ ਤੇ ਰਕੇਸ਼ ਦਿੜ੍ਹਬਾ ਤੇ ਸਾਥੀ ਉਸ ਨੂੰ ਮਰਵਾ ਸਕਦੇ ਹਨ ਅਤੇ ਪਹਿਲਾਂ ਵੀ ਨਾਭਾ ਦੀ ਹਾਈ ਸੁਰੱਖਿਆ ਜੇਲ੍ਹ ਵਿੱਚ ਮਹਿੰਦਰਪਾਲ ਬਿੱਟੂ ਨੂੰ ਮਰਵਾਇਆ ਗਿਆ ਸੀ। ਉਸ ਨੇ ਕਿਹਾ ਕਿ ਉਸ ਦੇ ਪਰਿਵਾਰ ਵਿੱਚ ਉਸ ਦੀ ਪਤਨੀ, ਬੇਟੀ ਅਤੇ ਉਸ ਦੇ ਮਾਤਾ-ਪਿਤਾ ਤੇ ਰਿਸ਼ਤੇਦਾਰ ਹਨ, ਜਿਨ੍ਹਾਂ ਨੂੰ ਮਰਵਾਇਆ ਜਾ ਸਕਦਾ ਹੈ । ਸੂਚਨਾ ਅਨੁਸਾਰ ਸਰਕਾਰ ਵੱਲੋਂ ਉਸ ਦੇ ਪਰਿਵਾਰ ਨੂੰ ਕੁਝ ਸੁਰੱਖਿਆ ਦਿੱਤੀ ਗਈ ਹੈ । ਦਿਲਚਸਪ ਗੱਲ ਇਹ ਹੈ ਕਿ ਅਜਿਹੇ ਸਬੂਤਾਂ ਦੇ ਬਾਵਜੂਦ ਵੀ ਮੁੱਖ ਮੰਤਰੀ ਭਗਵੰਤ ਮਾਨ ਮਗਰਲੇ ਦੋ ਸਾਲਾਂ ਤੋਂ ਸੌਦਾ ਸਾਧ ਵਿਰੁੱਧ ਕੇਸ ਚਲਾਉਣ ਲਈ ਪ੍ਰਵਾਨਗੀ ਨਹੀਂ ਦੇ ਰਹੇ ਅਤੇ ਕੁਝ ਦਿਨ ਪਹਿਲਾਂ ਪੰਜਾਬ ਸਰਕਾਰ ਵਲੋਂ ਕੋਈ ਵਿਰੋਧ ਨਾ ਹੋਣ ਕਾਰਨ ਹਾਈ ਕੋਰਟ ਵੱਲੋਂ ਸੌਦਾ ਸਾਧ ਵਿਰੁੱਧ ਦੋਸ਼ਾਂ ਦੀ ਜਾਂਚ ਸੀ.ਬੀ.ਆਈ. ਨੂੰ ਦੇਣ ਦਾ ਮਾਮਲਾ ਵਿਚਾਰਨ ਲਈ ਕੇਸ ਵੱਡੇ ਬੈਂਚ ਨੂੰ ਭੇਜ ਦਿੱਤਾ ਗਿਆ ਅਤੇ ਹੇਠਲੀ ਅਦਾਲਤ ਵਿੱਚ ਸੌਦਾ ਸਾਧ ਵਿਰੁੱਧ ਸੁਣਵਾਈ 'ਤੇ ਰੋਕ ਲਗਾ ਦਿੱਤੀ ਗਈ ਹੈ ।ਐੱਸ.ਪੀ.ਐੱਸ. ਪਰਮਾਰ ਨੇ ਵੇਰਵਿਆਂ ਨੂੰ ਦੱਸਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਅਸੀਂ ਤੱਥਾਂ ਦੀ ਪੜਤਾਲ ਕਰਾਂਗੇ ਅਤੇ ਸਬੂਤਾਂ ਦਾ ਮੁਲਾਂਕਣ ਕਰਾਂਗੇ ਫਿਰ ਉਸ ਅਨੁਸਾਰ ਕਾਰਵਾਈ ਕਰਾਂਗੇ।

### ਡੇਰੇ ਨੇ ਦੋਸ਼ ਨਕਾਰੇ

ਹਾਲਾਂਕਿ ਡੇਰਾ ਸੌਦਾ ਵੱਲੋਂ ਇਸ ਇਲਜ਼ਾਮ ਨੂੰ ਖਾਰਿਜ ਕੀਤਾ ਹੈ। ਡੇਰਾ ਸੌਦਾ ਦੇ ਬੁਲਾਰੇ ਜਿਤੇਂਦਰ ਖ਼ੁਰਾਨਾ ਐਡਵੋਕੇਟ ਨੇ ਕਿਹਾ ਕਿ ਜੇਕਰ ਪ੍ਰਦੀਪ ਕਲੇਰ ਨਾਮ ਦੇ ਵਿਅਕਤੀ ਨੇ ਮੀਡੀਆ ਵਿੱਚ ਨਸ਼ਰ ਕੀਤੇ ਜਾ ਰਹੇ ਬਿਆਨ ਦਿੱਤੇ ਹਨ ਤਾਂ ਉਹ ਪੂਰੀ ਤਰ੍ਹਾਂ ਝੂਠੇ ਅਤੇ ਨਿਰਾਧਾਰ ਹਨ। ਡੇਰਾ ਸਿਰਸਾ ਦੇ ਪੈਰੋਕਾਰਾਂ ਦੇ ਬਠਿੰਡਾ ਸਥਿਤ ਐਡਵੋਕੇਟ ਕੇਵਲ ਸਿੰਘ ਬਰਾੜ ਨੇ ਕਿਹਾ, ਐਸ.ਆਈ.ਟੀ. ਝੂਠੀਆਂ ਕਹਾਣੀਆਂ ਬਣਾ ਰਹੀ ਹੈ ਕਿਉਂਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਡੇਰਾ ਸਮਰਥਕ ਮਹਿੰਦਰਪਾਲ ਬਿੱਟੂ ਕਤਲ ਕਾਂਡ ਦੀ ਜਾਂਚ ਦੇ ਹੁਕਮ ਦਿੱਤੇ ਹਨ।

ਉਨ੍ਹਾਂ ਕਿਹਾ ਕਿ ਪ੍ਰਦੀਪ ਕਲੇਰ ਅੱਠ ਸਾਲਾਂ ਬਾਅਦ ਅਜਿਹੇ ਬਿਆਨ ਕਿਉਂ ਦੇ ਰਿਹਾ ਹੈ, ਜੇਕਰ ਉਸਨੂੰ ਅਜਿਹੀਆਂ ਗੱਲਾਂ ਦਾ ਪਤਾ ਸੀ ਤਾਂ ਉਹ ਪਹਿਲਾਂ ਕਿਉਂ ਨਹੀਂ ਅੱਗੇ ਆਇਆ। ਇਹ ਸਾਰੇ ਇਲਜ਼ਾਮ ਬੇਬੁਨਿਆਦ ਅਤੇ ਝੂਠੀਆਂ ਕਹਾਣੀਆਂ ਹਨ।

ਡੇਰਾ ਸਿਰਸਾ ਦੇ ਅਹਿਮ ਸੂਬਾ ਕਮੇਟੀ ਦੇ ਮੈਂਬਰ ਹਰਚਰਨ ਸਿੰਘ ਨੇ ਕਿਹਾ, ਬੇਅਦਬੀ 'ਤੇ ਸਾਡਾ ਸਟੈਂਡ ਪਹਿਲਾਂ ਹੀ ਸਪੱਸ਼ਟ ਹੈ ਕਿ ਇਹ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਮਨਘੜਤ ਕਹਾਣੀਆਂ ਬਣਾਈਆਂ ਜਾ ਰਹੀਆਂ ਹਨ। ਡੇਰੇ ਦਾ ਕਦੇ ਵੀ ਕਿਸੇ ਵੀ ਬੇਅਦਬੀ ਵਿੱਚ ਕੋਈ ਰੋਲ ਨਹੀਂ ਰਿਹਾ।

ਦਿਲਚਸਪ ਗੱਲ ਇਹ ਹੈ ਕਿ ਭਗਵੰਤ ਮਾਨ ਸਰਕਾਰ ਅਤੇ ਦੂਜੀਆਂ ਸਿਆਸੀ ਪਾਰਟੀ ਵੱਲੋਂ ਇਸ ਸਾਰੇ ਮੁੱਦੇ 'ਤੇ ਸਾਜ਼ਿਸ਼ੀ ਚੁੱਪੀ ਬਣਾ ਰਹੀਆਂ ਹਨ। ਦਿਲਚਸਪ ਗੱਲ ਇਹ ਹੈ ਕਿ ਪ੍ਰਦੀਪ ਕਲੇਰ ਦੀ ਪੁੱਛਗਿੱਛ ਦੌਰਾਨ ਡੇਰੇ ਵੱਲੋਂ ਕਾਂਗਰਸ ਦੇ ਕੁਝ ਆਗੂਆਂ ਨੂੰ ਦਿੱਤੀਆਂ ਗਈਆਂ ਰਕਮਾਂ ਦਾ ਜ਼ਿਕਰ ਵੀ ਸਾਹਮਣੇ ਆਇਆ ਹੈ ਅਤੇ ਡੇਰੇ ਨੂੰ ਮਿਲਦੀ ਰਹੀ ਸਿਆਸੀ ਮਦਦ ਵੀ ਉਜਾਗਰ ਹੋਈ ਹੈ। ਸੂਚਨਾ ਅਨੁਸਾਰ 2014 ਤੱਕ ਡੇਰੇ ਨੂੰ ਕਾਂਗਰਸ ਅਤੇ ਉਸ ਤੋਂ ਬਾਅਦ ਭਾਜਪਾ ਤੋਂ ਲਗਾਤਾਰ ਸਹਿਯੋਗ ਮਿਲਦਾ ਰਿਹਾ ਹੈ। ਚਰਚਾ ਇਹ ਵੀ ਹੈ ਕਿ ਡੇਰੇ ਵਲੋਂ ਅਦਾਲਤੀ ਕੇਸਾਂ 'ਤੇ ਅਸਰ ਪਾਉਣ ਲਈ ਅਪਣਾਏ ਜਾਂਦੇ ਰਹੇ ਹੱਥਕੰਡਿਆਂ ਦਾ ਜ਼ਿਕਰ ਵੀ ਹੈ, ਪ੍ਰੰਤੂ ਸ਼ਾਇਦ ਇਸ ਸਭ ਕੁਝ ਨੂੰ ਰਿਕਾਰਡ 'ਤੇ ਨਹੀਂ ਲਿਆਉਂਦਾ ਜਾ ਰਿਹਾ ।



## ਕੀ ਹੈ ਬਰਗਾੜੀ ਬੇਅਦਬੀ ਕੇਸ ?

ਪਹਿਲੀ ਜੂਨ 2015 ਨੂੰ ਗੁਰੂ ਗ੍ਰੰਥ ਸਾਹਿਬ ਦੀ ਬੀੜ ਕੋਟਕਪੂਰਾ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਲਾਪਤਾ ਹੋਈ।

25 ਸਤੰਬਰ 2015 ਨੂੰ ਬਰਗਾੜੀ ਦੇ ਗੁਰਦੁਆਰਾ ਸਾਹਿਬ ਦੇ ਕੋਲ ਪੋਸਟਰ ਲਗਾ ਕੇ ਮਾੜੀ ਭਾਸ਼ਾ ਵਰਤੀ ਗਈ। ਪੋਸਟਰਾਂ ਵਿੱਚ ਚੋਰੀ ਹੋਏ ਸਰੂਪਾਂ ਵਿੱਚ ਡੇਰਾ ਸਿਰਸਾ ਦਾ ਹੱਥ ਹੋਣ ਦਾ ਦਾਅਵਾ ਕੀਤਾ ਗਿਆ ਤੇ ਸਿੱਖ ਸੰਸਥਾਵਾਂ ਨੂੰ ਖੁੱਲੀ ਚੁਣੌਤੀ ਦਿੱਤੀ ਗਈ।

12 ਅਕਤੂਬਰ 2015 - ਗੁਰੂ ਗ੍ਰੰਥ ਸਾਹਿਬ ਦੇ ਅੰਗ ਫਰੀਦਕੋਟ ਦੇ ਬਰਗਾੜੀ ਪਿੰਡ ਵਿੱਚੋਂ ਮਿਲੇ।

ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਨੇ ਤਤਕਾਲੀ ਪੁਲਿਸ ਡਿਪਟੀ ਇੰਸਪੈਕਟਰ ਜਨਰਲ ਰਣਬੀਰ ਸਿੰਘ ਖਟੜਾ ਦੀ ਅਗਵਾਈ ਹੇਠ ਬਰਗਾੜੀ ਬੇਅਦਬੀ ਮਾਮਲੇ ਵਿੱਚ 7 ਡੇਰਾ ਸਿਰਸਾ ਸਮਰਥਕਾਂ ਨੂੰ ਜੂਨ 2018 ਵਿੱਚ ਗ੍ਰਿਫ਼ਤਾਰ ਕੀਤਾ ਸੀ।

ਇਹਨਾਂ ਵਿੱਚ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਮੈਂਬਰ ਮਹਿੰਦਰਪਾਲ ਸਿੰਘ ਬਿੱਟੂ, ਸ਼ਕਤੀ ਸਿੰਘ, ਸੁਖਜਿੰਦਰ ਅਤੇ ਹੋਰ ਡੇਰਾ ਪ੍ਰੇਮੀ ਕਥਿਤ ਤੌਰ ਉੱਤੇ ਸ਼ਾਮਲ ਸਨ।

ਬਿੱਟੂ ਨੂੰ ਬਾਅਦ ਵਿੱਚ ਨਾਭਾ ਜੇਲ੍ਹ ਵਿੱਚ ਮਾਰ ਦਿੱਤਾ ਗਿਆ ਸੀ ਜਦਕਿ ਇੱਕ ਹੋਰ ਮੁਲਜ਼ਮ ਪਰਦੀਪ ਸਿੰਘ ਦਾ ਪਿਛਲੇ ਸਾਲ ਕੋਟਕਪੂਰਾ ਵਿੱਚ ਕਤਲ ਕਰ ਦਿੱਤਾ ਗਿਆ।

ਏ.ਡੀ.ਜੀ.ਪੀ. ਐੱਸ.ਪੀ.ਐੱਸ. ਪਰਮਾਰ ਦੀ ਅਗਵਾਈ ਵਾਲੀ ਐੱਸ.ਆਈ.ਟੀ. ਨੇ ਡੇਰਾ ਸੌਦਾ ਦੇ ਮੁਖੀ ਅਤੇ ਹੋਰ ਮੁਲਜ਼ਮਾਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ ਜਦਕਿ ਚੰਡੀਗੜ੍ਹ ਅਦਾਲਤ ਵਿੱਚ ਇਸ ਕੇਸ ਦੀ ਸੁਣਵਾਈ ਚੱਲ ਰਹੀ ਹੈ।

## ਕੌਣ ਹੈ ਹਨੀਪ੍ਰੀਤ ਇੰਸਾਂ ?



ਹਨੀਪ੍ਰੀਤ ਇੰਸਾ, ਜਿਸ ਦਾ ਅਸਲੀ ਨਾਮ ਪ੍ਰਿਅੰਕਾ ਤਨੇਜਾ ਹੈ। ਹਨੀਪ੍ਰੀਤ ਦਾ ਅਸਲ ਨਾਮ ਪ੍ਰਿਅੰਕਾ ਤਨੇਜਾ ਸੀ। ਉਸ ਦਾ ਜਨਮ 1975 ਵਿੱਚ ਹਰਿਆਣਾ ਦੇ ਫਤੇਹਾਬਾਦ ਵਿੱਚ ਹੋਇਆ ਸੀ। ਸੌਦਾ ਸਾਧ ਨੇ ਹਨੀਪ੍ਰੀਤ ਨੂੰ 2009 ਵਿੱਚ ਗੋਦ ਲਿਆ ਸੀ। ਵਿਸ਼ਵਾਸ ਗੁਪਤਾ ਨਾਲ ਹਨੀਪ੍ਰੀਤ ਦਾ ਵਿਆਹ ਸਾਲ 1999 ਵਿੱਚ ਹੋਇਆ ਸੀ। ਬਾਅਦ ਵਿੱਚ ਤਲਾਕ ਹੋ ਗਿਆ। ਹਨੀਪ੍ਰੀਤ ਦੇ ਤਲਾਕਸ਼ੁਦਾ ਪਤੀ ਵਿਸ਼ਵਾਸ ਗੁਪਤਾ ਨੇ ਮੀਡੀਆ ਸਾਹਮਣੇ ਕਿਹਾ ਸੀ ਕਿ ਸੌਦਾ ਸਾਧ ਹਨੀਪ੍ਰੀਤ ਨਾਲ ਧੀ ਵਾਂਗ ਨਹੀਂ ਸਗੋਂ ਪਤਨੀ ਵਾਂਗ ਪੇਸ਼ ਆਉਂਦਾ ਸੀ। ਹਾਲਾਂਕਿ, ਹਨੀਪ੍ਰੀਤ ਨੇ ਸਾਰੇ ਦਾਅਵਿਆਂ ਨੂੰ ਖ਼ਾਰਿਜ ਕਰ ਦਿੱਤਾ ਸੀ। ਹਨੀਪ੍ਰੀਤ ਕੋਈ ਬਾਲੀਵੁੱਡ ਅਦਾਕਾਰਾ ਤਾਂ ਨਹੀਂ ਹੈ, ਪਰ ਉਸ ਨੇ ਰਾਮ ਰਹੀਮ ਦੀ ਫ਼ਿਲਮ ਐਮਐਸਜੀ-2 ਦ ਮੈਸੈਂਜਰ ਵਿੱਚ ਡੇਬਿਊ ਕੀਤਾ। ਫਿਰ ਉਹ ਐਮਐਸਜੀ-ਦਾ ਵਾਰਅੀਅਰ ਲਾਇਨ ਹਾਰਟ ਵਿੱਚ ਵੀ ਨਜ਼ਰ ਆਈ। ਹਨੀਪ੍ਰੀਤ ਡੇਰੇ ਦੇ ਸਭ ਤੋਂ ਪ੍ਰਭਾਵਸ਼ਾਲੀ ਵਿਅਕਤੀਆਂ ਵਿੱਚੋਂ ਇੱਕ ਹੈ। ਡੇਰਾ ਮੁਖੀ ਨੂੰ ਅਦਾਲਤ ਵੱਲੋਂ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ 2017 ਵਿੱਚ ਪੰਚਕੂਲਾ ਵਿੱਚ ਹੋਈ ਹਿੰਸਾ ਦੇ ਸਬੰਧ ਵਿੱਚ ਹਨੀਪ੍ਰੀਤ ਅਪਰਾਧਿਕ ਮਾਮਲਿਆਂ ਦਾ ਵੀ ਸਾਹਮਣਾ ਕਰ ਰਹੀ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ



ਸਾਲ 2015 ਦੇ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਮਾਮਲੇ ਵਿੱਚ ਬੀਤੇ ਸਮੇਂ ਗ੍ਰਿਫ਼ਤਾਰ ਕੀਤੇ ਗਏ ਪ੍ਰਦੀਪ ਕਲੇਰ ਵੱਲੋਂ ਚੰਡੀਗੜ੍ਹ ਦੀ ਅਦਾਲਤ ਵਿੱਚ ਕੀਤੇ ਖੁਲਾਸਿਆਂ 'ਤੇ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ ਹੁਣ ਜਦੋਂ ਪ੍ਰਦੀਪ ਕਲੇਰ ਦੇ ਬਿਆਨਾਂ ਤੋਂ ਡੇਰਾ ਸਿਰਸਾ ਮੁਖੀ ਅਤੇ ਹਨੀਪ੍ਰੀਤ ਦਾ ਨਾਂ ਸਪੱਸ਼ਟ ਤੌਰ 'ਤੇ ਸਾਹਮਣੇ ਆਇਆ ਹੈ ਤਾਂ ਸਰਕਾਰ ਨੂੰ ਦੋਹਾਂ ਨੂੰ ਤੁਰੰਤ ਗ੍ਰਿਫ਼ਤਾਰ ਕਰ ਕੇ ਪੰਜਾਬ ਲਿਆ ਕੇ ਜਾਂਚ ਅੱਗੇ ਵਧਾਉਣੀ ਚਾਹੀਦੀ ਹੈ, ਤਾਂ ਜੋ ਸਿੱਖਾਂ ਨੂੰ ਇਨਸਾਫ਼ ਮਿਲ ਸਕੇ।

ਐਡਵੋਕੇਟ ਧਾਮੀ ਨੇ ਪੰਜਾਬ ਸਰਕਾਰ ਨੂੰ ਇਹ ਵੀ ਆਖਿਆ ਕਿ ਕਿਉਂਕਿ ਗ੍ਰਿਫ਼ਤਾਰ ਮੁਲਜ਼ਮ ਪ੍ਰਦੀਪ ਕਲੇਰ ਡੇਰਾ ਸਿਰਸਾ ਦੇ ਸਿਆਸੀ ਵਿੰਗ ਦਾ ਆਗੂ ਰਿਹਾ ਹੈ, ਇਸ ਲਈ ਉਸ ਪਾਸੋਂ ਸਾਲ 2017 ਵਿੱਚ ਹੋਏ ਮੌੜ ਬੰਬ ਧਮਾਕੇ ਦੇ ਮਾਮਲੇ ਵਿੱਚ ਵੀ ਜਾਂਚ ਕੀਤੀ ਜਾਣੀ ਚਾਹੀਦੀ ਹੈ, ਜਿਸ ਵਿੱਚ 5 ਬੱਚਿਆਂ ਸਮੇਤ 7 ਮਾਸੂਮ ਲੋਕਾਂ ਦੀ ਜਾਨ ਗਈ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਵੀ ਡੇਰਾ ਸਿਰਸਾ ਦੇ ਹੱਥ ਹੋਣ ਸਬੰਧੀ ਕਈ ਅਹਿਮ ਸਬੂਤ ਪਹਿਲਾਂ ਸਾਹਮਣੇ ਆ ਚੁੱਕੇ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

20 ਮਾਰਚ ਤੋਂ 26 ਮਾਰਚ, 2024

## ਹੋਲੇ ਮਹੱਲੇ ਦੇ ਮਹੌਲ ਨੂੰ ਮੋੜਾ ਪਾਉਣਾ ਜ਼ਰੂਰੀ

ਕਿਸੇ ਵੀ ਰਵਾਇਤ ਅਤੇ ਪਰੰਪਰਾ ਨੂੰ ਇੱਕ ਤੋਂ ਦੂਜੀ ਪੀੜ੍ਹੀ ਤੱਕ ਲਿਜਾਉਣ ਦਾ ਅਮਲ ਕਦੇ ਵੀ ਸੌਖਾ ਨਹੀਂ ਹੁੰਦਾ, ਇਸ ਦੇ ਲਈ ਵਧੇਰੇ ਦ੍ਰਿੜ੍ਹਤਾ ਅਤੇ ਸ਼ਿੱਦਤ ਦੀ ਲੋੜ ਹੁੰਦੀ ਹੈ। ਜਦੋਂ ਸਹਿਜ, ਦ੍ਰਿੜ੍ਹਤਾ ਅਤੇ ਸਿੱਖਣ ਵਾਲੇ ਦੀ ਰੁਚੀ ਅਜਿਹੇ ਅਮਲ ਵਿੱਚ ਹਾਜ਼ਰ ਨਹੀਂ ਹੁੰਦੀ, ਤਾਂ ਰਵਾਇਤ ਦਾ ਮਨੋਰਥ ਅਤੇ ਬਿਧ ਅਗਲੀ ਪੀੜ੍ਹੀ ਤੱਕ ਨਹੀਂ ਪਹੁੰਚ ਸਕਦਾ। ਸਿੱਖਾਂ ਦੇ ਮਸਲੇ ਵਿੱਚ ਅਜਿਹਾ ਅੜਿੱਕਾ ਖਾਸ ਤੌਰ 'ਤੇ ਦੇਖਿਆ ਗਿਆ ਹੈ। ਹੋਲੇ ਮਹੱਲੇ ਦਾ ਇਤਿਹਾਸ ਤਿੰਨ ਸਦੀਆਂ ਪੁਰਾਣਾ ਹੈ। ਇਸ ਦੌਰਾਨ ਸਮਿਆਂ ਅਤੇ ਹਲਾਤਾਂ ਦੇ ਝੱਖੜਾਂ ਕਰਕੇ ਇਸ ਦਾ ਅਸਲ ਸਰੂਪ ਪਹਿਲਾਂ ਵਰਗਾ ਨਹੀਂ ਰਿਹਾ ਹੈ। ਖ਼ਾਲਸਾਈ ਸੱਭਿਆਚਾਰ ਦੀ ਨਿਆਰੀ ਪਛਾਣ ਵਿੱਚ ਹੋਲੇ ਮਹੱਲੇ ਦਾ ਖਾਸ ਯੋਗਦਾਨ ਰਿਹਾ ਹੈ। ਪੰਥ ਦੇ ਬਹੁਤਾਤ ਜੋੜ ਮੇਲਿਆਂ ਦੀ ਤਰ੍ਹਾਂ ਹੀ ਹੋਲੇ ਮਹੱਲੇ ਦਾ ਮਹੌਲ ਵੀ ਜੋੜ ਮੇਲੇ ਤੋਂ ਮੇਲੇ ਦੀ ਤਰ੍ਹਾਂ ਬਣ ਗਿਆ ਹੈ। ਪਿਛਲੇ ਸਾਲ ਇੱਕ ਨਿਹੰਗ ਸਿੰਘ ਦੇ ਹੁੱਲੜਬਾਜ਼ਾਂ ਵਲੋਂ ਕੀਤੇ ਕਤਲ ਤੋਂ ਬਾਅਦ ਹੋਲੇ ਮਹੱਲੇ ਦੇ ਮਹੌਲ ਵਿੱਚ ਆਏ ਨਿਘਾਰ ਦਾ ਪਤਾ ਚੱਲਦਾ ਹੈ।

ਹਜ਼ਾਰਾਂ ਸਾਲਾਂ ਦੀ ਹੋਲੀ ਦੀ ਸਨਾਤਨੀ ਪਰੰਪਰਾ ਇਸ ਇਲਾਕੇ ਦੇ ਲੋਕਾਂ ਦੇ ਦਿਲ ਵਿੱਚ ਘਰ ਕਰ ਗਈ ਸੀ। ਇਹ ਕਹਿਣਾ ਵੀ ਅਤਕਥਨੀ ਨਹੀਂ ਹੋਵੇਗਾ ਕਿ ਸਿੱਖਾਂ ਨੇ ਹੋਲੀ ਨੂੰ ਤਿਆਗ ਦਿੱਤਾ ਹੋਵੇਗਾ। ਸਿੱਖਾਂ ਨੂੰ ਰੰਗਾਂ ਵਾਲੇ ਇਸ ਤਿਉਹਾਰ ਤੋਂ ਨਿਖੇੜਾ ਕਰਕੇ ਗੁਰੂ ਸਾਹਿਬ ਨੇ ਇਹਨਾਂ ਦਿਨਾਂ ਨੂੰ ਖ਼ਾਲਸਾਈ ਸੱਭਿਅਤਾ ਵਿੱਚ ਨਵੇਂ ਅਰਥ ਦੇਣ ਦੇ ਉਦੇਸ਼ ਵਜੋਂ ਮਨਾਉਣਾ ਸ਼ੁਰੂ ਕੀਤਾ। ਸਿੱਖਾਂ ਲਈ ਹੋਲਾ ਮਹੱਲਾ ਸਤਿਗੁਰਾਂ ਨੇ ਖਾਲਸਾ ਜੀ ਨੂੰ 'ਅਕਾਲ ਪੁਰਖ ਕੀ ਫ਼ੌਜ' ਦੇ ਰੂਪ ਵਜੋਂ ਸਰੂਪਮਾਨ ਕਰਨ ਲਈ ਬਖਸ਼ਿਸ਼ ਵਜੋਂ ਸੌਂਪਿਆ। ਖਾਲਸਾ ਜੀ ਨੂੰ ਇਸ ਵੱਡੇ ਫਰਜ਼ ਦੇ ਸਨਮੁਖ ਰਹਿੰਦਿਆਂ ਇਸ ਧਰਤੀ ਉੱਤੇ ਸਦਾ ਹੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਣਾ ਹੈ। ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ 'ਧਰਮ ਅਤੇ ਜੰਗ ਦੇ ਅਭਿਆਸ', ਸਿੱਖ ਅਤੇ ਸਿਪਾਹੀ ਹੋਣ ਦੇ ਰੁਤਬੇ ਦੇ ਯੋਗ ਹੋਣ ਲਈ ਜ਼ਰੂਰੀ ਹਨ। ਹੋਲਾ ਮਹੱਲਾ ਇਨ੍ਹਾਂ ਜੰਗ ਦੀਆਂ ਹਾਲਤਾਂ ਨਾਲ ਨਜਿੱਠਣ ਲਈ ਇੱਕ ਜੰਗੀ ਅਭਿਆਸ ਵਜੋਂ ਵੀ ਵੇਖਿਆ ਜਾ ਸਕਦਾ ਹੈ। 1699 ਈਸਵੀ ਨੂੰ ਖ਼ਾਲਸਾ ਸਾਜਨਾ ਤੋਂ ਬਾਅਦ ਸਤਿਗੁਰਾਂ ਵਲੋਂ 1700 ਈਸਵੀ ਨੂੰ ਪਹਿਲੀ ਵੇਰ ਮਹੱਲੇ ਦੀਆਂ ਤਿਆਰੀਆਂ ਆਰੰਭ ਕੀਤੀਆਂ ਗਈਆਂ। ਹੋਲਗੜ੍ਹ ਦੇ ਅਸਥਾਨ 'ਤੇ ਇੱਕ ਜਥੇ ਨੂੰ ਕਬਜ਼ਾ ਦਿੱਤਾ ਗਿਆ। ਦੂਜੇ ਜਥੇ ਵੱਲੋਂ ਉਸ ਅਸਥਾਨ ਤੋਂ ਪਹਿਲੇ ਜਥੇ ਦੇ ਕਬਜ਼ੇ ਨੂੰ ਛੁਡਵਾਉਣ ਲਈ ਹੱਲਾ ਕੀਤਾ ਗਿਆ। ਇਹ ਹੱਲਾ ਵੱਡੀ ਜੰਗ ਦੇ ਇੱਕ ਅਭਿਆਸ ਵਜੋਂ ਕੀਤਾ ਗਿਆ। ਦੋਵਾਂ ਜਥਿਆਂ ਵਲੋਂ ਅਲੱਗ ਅਲੱਗ ਰੰਗਾਂ ਦੇ ਵਸਤਰ ਪਹਿਨੇ ਹੋਏ ਸਨ। ਇਸ ਹੱਲੇ ਵਿੱਚ ਜੇਤੂ ਰਹੇ ਜਥੇ ਨੂੰ ਸਤਿਗੁਰਾਂ ਵਲੋਂ ਸਿਰੋਪਾਓ ਦੀ ਬਖਸ਼ਿਸ਼ ਹੋਈ। ਇਸ ਤਰ੍ਹਾਂ ਹੋਲਾ ਮਹੱਲਾ ਮਹਿਜ ਇੱਕ ਰਸਮ ਜਾਂ ਰੰਗਾਂ ਦੇ ਤਿਉਹਾਰ ਹੋਲੀ ਨਾਲੋਂ ਵੱਖ ਹੋ ਕੇ ਸਿੱਖਾਂ ਦੇ ਲਈ ਜੰਗੀ ਅਭਿਆਸ ਦੇ ਦਿਨ ਵਜੋਂ ਬਦਲ ਵਿੱਚ ਹੋਇਆ। ਹੋਲੇ ਮਹੱਲੇ ਦਾ ਅਭਿਆਸ ਜਿਸ ਤਰ੍ਹਾਂ ਸਤਿਗੁਰਾਂ ਨੇ ਨੀਯਤ ਕੀਤਾ, ਸਦੀਆਂ ਬੀਤਣ ਦੇ ਬਾਅਦ ਹੌਲੀ ਹੌਲੀ ਇੱਕ ਰਸਮ ਵਜੋਂ ਹੀ ਸੁੰਗੜਦਾ ਗਿਆ। ਅੰਗਰੇਜ਼ਾਂ ਦੇ ਆਉਣ ਤੋਂ ਬਾਅਦ ਇੱਕ ਵੇਲਾ ਐਸਾ ਵੀ ਆਇਆ ਜਦੋਂ ਬਹੁਤਾਂਤ ਸਿੱਖਾਂ ਦੇ ਹਿੱਸਿਆਂ ਨੂੰ ਜੰਗ ਅਤੇ ਸ਼ਸਤਰਾਂ ਦੀ ਮਹਿਮਾ ਵੀ ਵਿੱਸਰ ਗਈ। ਜਿਨ੍ਹਾਂ ਮਨੋਰਥਾਂ ਲਈ ਇਹ ਸਤਿਗੁਰਾਂ ਵਲੋਂ ਅਰੰਭਿਆ ਗਿਆ ਸੀ, ਅਗਲੀਆਂ ਪੀੜ੍ਹੀਆਂ ਵਿੱਚ ਇਸ ਦਾ ਸੰਚਾਰ ਰੁਕਿਆ। ਹੋਲੇ ਮਹੱਲੇ ਦੇ ਅਸਲ ਰੂਪ ਦੇ ਟੁੱਟਵੇਂ ਅੰਸ਼ ਅੱਜ ਵੀ ਮੌਜੂਦ ਹਨ, ਪਰ ਇਸ ਦੀ ਅਸਲ ਤਸਵੀਰ ਉਸ ਤਰ੍ਹਾਂ ਦੀ ਬਣਨ ਵਿੱਚ ਸ਼ਾਇਦ ਅਜੇ ਸਮਾਂ ਲੱਗੇ। ਸ਼੍ਰੀ ਅਨੰਦਪੁਰ ਸਾਹਿਬ ਵਿਖੇ ਮਹੱਲੇ ਦਾ ਨਿਕਲਣਾ, ਸਿੱਖ ਨੌਜਵਾਨਾਂ ਵੱਲੋਂ ਸ਼ਸਤਰਧਾਰੀ ਹੋਕੇ ਵਿਚਰਣਾ ਇਹ ਸਭ ਰਵਾਇਤਾਂ ਦੀ ਲਗਾਤਾਰਤਾ ਦੇ ਅੰਸ਼ ਹੁਣ ਦੇ ਸਮੇਂ ਤੱਕ ਪਹੁੰਚੇ ਹਨ। ਸਿੱਖ ਨੌਜਵਾਨਾਂ ਵੱਲੋਂ ਸ਼ਸ਼ਤਰਬਾਜ਼ੀ ਦੇ ਜੌਹਰ ਦਿਖਾਉਣ ਦੀ ਰੀਸੇ ਹੁੱਲੜਬਾਜ਼ੀ ਕਰਨ ਵਾਲੇ ਕੁਝ ਨੌਜਵਾਨਾਂ ਵੱਲੋਂ ਵੀ ਇਸੇ ਤਰਜ਼ ਉੱਪਰ ਹਥਿਆਰਾਂ ਦੀ ਨੁਮਾਇਸ਼ ਅਤੇ ਹੋਛੇ ਪੱਧਰ ਦੀ ਬਹਾਦਰੀ ਦਿਖਾਉਣ ਦੀ ਚਾਹਤ ਨਾਲ ਹੋਲੇ ਮਹੱਲੇ ਦਾ ਮਹੌਲ ਆਪਣੇ ਸ਼ੁੱਧ ਪਵਿੱਤਰ ਰੂਪ ਵਿੱਚ ਨਹੀਂ ਰਿਹਾ। ਜੰਗੀ ਨਗਾਰਿਆਂ ਦੀ ਬਜਾਏ ਸਾਧਨਾਂ ਉੱਪਰ ਡੀ ਜੇ, ਡੈੱਕ ਨੂੰ ਹੀ ਵੱਡੀ ਪ੍ਰਾਪਤੀ ਮੰਨੀ ਜਾ ਰਹੀ ਹੈ। ਸਰੀਰਕ, ਮਾਨਸਿਕ ਅਤੇ ਜਥੇਬੰਦਕ ਤਿਆਰੀਆਂ ਦੀ ਬਜਾਏ ਟਰੈਕਟਰ, ਜੀਪਾਂ ਵਰਗੇ ਸਾਧਨਾਂ ਨੂੰ ਹੀ ਆਪਣੇ ਜੌਹਰ ਦਿਖਾਉਣ ਦਾ ਸਾਧਨ ਮੰਨ ਲੈਣਾ ਗੁਰੂ ਸਾਹਿਬ ਨੂੰ ਯਕੀਨੀ ਤੌਰ 'ਤੇ ਪ੍ਰਵਾਨ ਨਹੀਂ, ਨਾ ਹੀ ਗੁਰੂ ਸਾਹਿਬ ਦੀ ਇਸ 'ਤੇ ਖੁਸ਼ੀ ਹੋਣੀ ਹੈ। ਅਨੰਦਪੁਰ ਸਾਹਿਬ ਦੀਆਂ ਜਿੰਨਾ ਗਲੀਆਂ ਵਿੱਚ ਗੁਰੂ ਸਾਹਿਬਾਨ ਅਤੇ ਸਾਹਿਬਜ਼ਾਦਿਆਂ ਦੇ ਚਰਨ ਪਏ, ਉਨ੍ਹਾਂ ਗਲੀਆਂ ਨੂੰ ਅਸੀ ਆਪਣੀਆਂ ਮਨਮਰਜ਼ੀਆਂ, ਦੁਨਿਆਵੀ ਬਜ਼ਾਰਾਂ ਦਾ ਮਹੌਲ ਦੇਕੇ ਗੰਧਲਾ ਕਰ ਰਹੇ ਹਾਂ।

ਪਿਛਲੇ ਮਹੀਨਿਆਂ ਵਿੱਚ ਸੰਗਰੂਰ ਨੇੜਲੇ ਸੰਤ ਅਤਰ ਸਿੰਘ ਜੀ ਦੇ ਅਸਥਾਨ ਮਸਤੂਆਣਾ ਸਾਹਿਬ ਵਿੱਚ ਪ੍ਰਬੰਧਕਾਂ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਜੋੜ ਮੇਲੇ ਦੇ ਸੁਧਾਰਾਂ ਦੀ ਪਿਰਤ ਸ਼ੁਰੂ ਕੀਤੀ ਗਈ। ਇਸ ਸਬੰਧੀ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਇਸ ਦੀਆਂ ਕਰੀਬ ਛੇ ਸੱਤ ਮਹੀਨਿਆਂ ਤੋਂ ਤਿਆਰੀਆਂ ਚੱਲ ਰਹੀਆਂ ਸਨ। ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੀਤੇ ਦਿਨਾਂ ਤੋਂ ਭਾਵੇਂ ਇਸ ਸਬੰਧੀ ਸੰਗਤ ਨੂੰ ਸ਼ਰਧਾ ਭਾਵਨਾ ਅਤੇ ਜ਼ਾਬਤੇ ਵਿੱਚ ਰਹਿਕੇ ਹੋਲੇ ਮਹੱਲੇ 'ਤੇ ਪਹੁੰਚਣ ਦੀ ਬੇਨਤੀ ਲਗਾਤਾਰ ਕੀਤੀ ਜਾ ਰਹੀ ਹੈ, ਪਰ ਇਹ ਯਤਨ ਮੌਕੇ ਉੱਪਰ ਹੋਣ ਕਰਕੇ ਇਸ ਦੇ ਅਸਾਰ ਘੱਟ ਜਾਂਦੇ ਹਨ। ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੁਹਿਰਦ ਹੋ ਕੇ ਹੋਲੇ ਮਹੱਲੇ ਦੇ ਮਹੌਲ ਨੂੰ ਦਰੁਸਤ ਕਰਨਾ ਚਾਹੁੰਦੀ ਹੈ ਤਾਂ ਇਸ ਤੇ ਨਿੱਠ ਕੇ ਕੰਮ ਕਰਨ ਦੀ ਲੋੜ ਹੈ ਅਤੇ ਮਸਤੂਆਣਾ ਸਾਹਿਬ ਵਿਖੇ ਹੋਏ ਉੱਦਮ ਤੋਂ ਵੀ ਬਹੁਤ ਕੁਝ ਲਿਆ ਜਾ ਸਕਦਾ ਹੈ ਜਿੱਥੇ ਸੰਗਤ ਤੇ ਪ੍ਰਬੰਧਕਾਂ ਨੇ ਇਹ ਵੱਡਾ ਕਾਰਜ ਸੰਭਵ ਕਰਕੇ ਦਿਖਾਇਆ ਹੈ।

ਹੋਲੇ ਮਹੱਲੇ ਦੇ ਮਹੌਲ ਨੂੰ ਦਰੁਸਤ ਕਰਨ ਲਈ ਦੋ ਤਰ੍ਹਾਂ ਦੇ ਹੰਭਲੇ ਜ਼ਰੂਰੀ ਹਨ, ਇੱਕ ਹੋਲੇ ਮਹੱਲੇ ਦਾ ਮਹੌਲ ਹੁੱਲੜਬਾਜ਼ੀ ਅਤੇ ਦੁਨਿਆਵੀ ਬਜ਼ਾਰ ਦੇ ਪੱਖ ਤੋਂ ਠੀਕ ਕਰਨ ਲਈ, ਦੂਸਰਾ ਰਵਾਇਤ ਵਾਲੇ ਪਾਸੇ ਮੁੜਨ ਲਈ ਚਾਰਾਜੋਈ ਅਮਲ ਵਿੱਚ ਲਿਆਉਣੀ। ਇਹ ਦੋਵੇਂ ਕਾਰਜ ਭਾਵੇਂ ਬਹੁਤ ਵੱਡੇ ਅਤੇ ਜਿੰਮੇਵਾਰੀ ਵਾਲੇ ਹਨ, ਜੇਕਰ ਸਿੱਖ ਇਸ ਪਾਸੇ ਕਦਮ ਵਧਾਉਣਗੇ ਤਾਂ ਗੁਰੂ ਸਾਹਿਬ ਜ਼ਰੂਰ ਬਰਕਤ ਪਾਉਣਗੇ।

-ਸੰਪਾਦਕ, ਅੰਮ੍ਰਿਤਸਰ ਟਾਈਮਜ਼

# ਅਦਾਲਤੀ ਸਖ਼ਤੀ ਦੇ ਬਾਵਜੂਦ ਯੋਗ ਗੁਰੂ ਰਾਮਦੇਵ ਬਾਰੇ ਮੋਦੀ ਸਰਕਾਰ ਚੁੱਪ ਕਿਉਂ ?

ਨਵਕਿਰਨ ਸਿੰਘ ਪੱਤੀ

ਕੁਝ ਦਿਨ ਪਹਿਲਾਂ ਸੁਪ੍ਰੀਮ ਕੋਰਟ ਵੱਲੋਂ 'ਯੋਗ ਗੁਰੂ' ਦੇ ਨਾਮ ਨਾਲ ਜਾਣੇ ਜਾਂਦੇ ਬਾਬਾ ਰਾਮਦੇਵ ਦੀ ਕੰਪਨੀ 'ਪਤੰਜਲੀ ਆਯੁਰਵੇਦ' ਦੁਆਰਾ ਮਨੁੱਖੀ ਇਲਾਜ ਸੰਬੰਧੀ ਦਿੱਤੇ ਜਾ ਰਹੇ ਗੁਮਰਾਹਕੁੰਨ ਅਤੇ ਝੂਠੇ ਇਸ਼ਤਿਹਾਰਾਂ ਦੇ ਮਾਮਲੇ ਵਿੱਚ ਸੁਣਵਾਈ ਕਰਦਿਆਂ ਜਿੱਥੇ ਕੰਪਨੀ ਨੂੰ ਝਾੜ ਪਾਈ ਹੈ, ਉੱਥੇ ਹੀ ਇਸ ਕੰਪਨੀ ਪ੍ਰਤੀ ਕੇਂਦਰ ਸਰਕਾਰ ਵੱਲੋਂ ਇਖਤਿਆਰ ਗਈ ਨਰਮੀ 'ਤੇ ਦੀ ਸਖ਼ਤ ਆਲੋਚਨਾ ਕੀਤੀ ਹੈ। ਸੁਪ੍ਰੀਮ ਕੋਰਟ ਵੱਲੋਂ ਟਿੱਪਣੀ ਕੀਤੀ ਗਈ ਹੈ ਕਿ ਪਤੰਜਲੀ ਵੱਲੋਂ ਝੂਠੇ ਇਸ਼ਤਿਹਾਰਾਂ ਰਾਹੀਂ ਪੂਰੇ ਦੇਸ਼ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ ਅਤੇ ਕੇਂਦਰ ਸਰਕਾਰ ਅੱਖਾਂ ਬੰਦ ਕਰਕੇ ਬੈਠੀ ਹੈ। ਸੁਪ੍ਰੀਮ ਕੋਰਟ ਨੇ ਪਤੰਜਲੀ ਨੂੰ ਸਾਰੇ ਇਲੈਕਟ੍ਰਾਨਿਕ ਅਤੇ ਪ੍ਰਿੰਟ ਇਸ਼ਤਿਹਾਰਾਂ ਨੂੰ ਤੁਰੰਤ ਬੰਦ ਕਰਨ ਦੇ ਨਿਰਦੇਸ਼ ਦਿੱਤੇ ਹਨ।

ਸਾਡੇ ਲਈ ਇਹ ਸਮਝਣਾ ਮਹੱਤਵਪੂਰਨ ਹੈ ਕਿ ਆਖਰ ਮੋਦੀ ਸਰਕਾਰ ਪਤੰਜਲੀ ਉੱਤੇ ਐਨੀ ਮਿਹਰਬਾਨ ਕਿਉਂ ਹੈ? ਇਹ ਪਹਿਲੀ ਵਾਰ ਨਹੀਂ ਹੋਇਆ ਹੈ ਜਦੋਂ ਅਦਾਲਤ ਵੱਲੋਂ ਪਤੰਜਲੀ ਆਯੁਰਵੇਦ ਨੂੰ ਝਾੜ ਪਾਈ ਗਈ ਹੋਵੇ, ਇਸ ਤੋਂ ਪਹਿਲਾਂ ਪਿਛਲੇ ਸਾਲ ਨਵੰਬਰ ਵਿੱਚ ਅਦਾਲਤ ਨੇ ਪਤੰਜਲੀ ਆਯੁਰਵੇਦ ਨੂੰ ਆਪਣੀਆਂ ਦਵਾਈਆਂ ਬਾਰੇ 'ਝੂਠੇ' ਅਤੇ 'ਗੁਮਰਾਹਕੁੰਨ' ਦਾਅਵੇ ਕਰਨ ਤੋਂ ਸਾਵਧਾਨ ਕੀਤਾ ਸੀ। ਸੁਪ੍ਰੀਮ ਕੋਰਟ ਨੇ ਪਿਛਲੇ ਸਾਲ ਨਵੰਬਰ ਵਿੱਚ ਪਤੰਜਲੀ ਨੂੰ ਚਿਤਾਵਨੀ ਦਿੱਤੀ ਸੀ ਕਿ ਉਸ ਵੱਲੋਂ ਆਪਣੀਆਂ ਹਰਬਲ ਦਵਾਈਆਂ ਦੇ ਕਾਰਗਰ ਹੋਣ ਬਾਰੇ ਕੀਤੇ ਜਾਂਦੇ ਹਰੇਕ ਝੂਠੇ ਦਾਅਵੇ ਬਦਲੇ ਇੱਕ ਕਰੋੜ ਰੁਪਏ ਦਾ ਜੁਰਮਾਨਾ ਕੀਤਾ ਜਾਵੇਗਾ। ਅਦਾਲਤ ਨੇ ਸਖ਼ਤੀ ਨਾਲ ਕਿਹਾ ਸੀ ਕਿ ਆਪਣੇ ਕਾਰੋਬਾਰੀ ਹਿਤਾਂ ਖਾਤਰ ਕੀਤੀ ਜਾ ਰਹੀ ਗੁਮਰਾਹਕੁੰਨ ਇਸ਼ਤਿਹਾਰਬਾਜ਼ੀ ਨੂੰ ਸਹਿਣ ਨਹੀਂ ਕੀਤਾ ਜਾਵੇਗਾ। ਹਾਲਾਂ ਕਿ ਨਵੰਬਰ 2023 ਵਿੱਚ ਪਤੰਜਲੀ ਆਯੁਰਵੇਦ ਦੇ ਵਕੀਲ ਨੇ ਅਦਾਲਤ ਨੂੰ ਯਕੀਨ ਦਿਵਾਇਆ ਸੀ ਕਿ ਕਿਸੇ ਵੀ ਕਾਨੂੰਨ ਦੀ ਕੋਈ ਉਲੰਘਣਾ ਨਹੀਂ ਹੋਵੇਗੀ ਪਰ ਫਿਰ ਵੀ ਕੇਂਦਰ ਸਰਕਾਰ ਦੀ ਮਿਹਰਬਾਨੀ ਸਦਕਾ ਕੰਪਨੀ ਨੇ ਝੂਠੇ ਇਸ਼ਤਿਹਾਰ ਬੰਦ ਨਹੀਂ ਕੀਤੇ, ਜਿਸ ਦੇ ਚਲਦਿਆਂ ਹੁਣ ਸੁਪ੍ਰੀਮ ਕੋਰਟ ਨੇ ਕੰਪਨੀ ਅਤੇ ਇਸ ਦੇ ਪ੍ਰਬੰਧਕੀ ਨਿਰਦੇਸ਼ਕ ਨੂੰ ਮਾਣ ਹਾਨੀ ਨੋਟਿਸ ਜਾਰੀ ਕਰਦਿਆਂ ਕਿਹਾ ਹੈ ਕਿ ਉਸ ਦੇ ਵਿਹਾਰ ਤੋਂ ਸੰਕੇਤ ਮਿਲਦਾ ਹੈ ਕਿ ਕੰਪਨੀ ਸਮੁੱਚੇ ਦੇਸ਼ ਦੀਆਂ ਅੱਖਾਂ ਵਿੱਚ ਘੱਟਾ ਪਾ ਰਹੀ ਹੈ।

ਦਰਅਸਲ ਪਤੰਜਲੀ ਦੁਆਰਾ 'ਗੁਮਰਾਹਕੁੰਨ ਅਤੇ ਝੂਠੇ' ਇਸ਼ਤਿਹਾਰਾਂ ਤੇ ਦਾਅਵਿਆਂ ਖ਼ਿਲਾਫ਼ ਉੱਚ ਅਦਾਲਤ ਵਿੱਚ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ.ਐੱਮ.ਏ.) ਵੱਲੋਂ ਪਟੀਸ਼ਨ ਦਾਇਰ ਕੀਤੀ ਗਈ ਸੀ। ਆਈ.ਐੱਮ.ਏ. ਨੇ ਅਜਿਹੇ ਕਈ ਇਸ਼ਤਿਹਾਰਾਂ ਦਾ ਹਵਾਲਾ ਦਿੱਤਾ ਸੀ ਜਿਨ੍ਹਾਂ ਵਿੱਚ ਐਲੋਪੈਥੀ ਅਤੇ ਡਾਕਟਰਾਂ ਨੂੰ ਗਲਤ ਰੂਪ ਵਿੱਚ ਪੇਸ਼ ਕੀਤਾ ਗਿਆ ਸੀ। ਸੁਪ੍ਰੀਮ ਕੋਰਟ ਨੇ ਇਸ ਮਾਮਲੇ ਦੀ ਸੁਣਵਾਈ ਕਰਦਿਆਂ ਪਤੰਜਲੀ ਦੇ ਨਾਲ-ਨਾਲ ਕੇਂਦਰ ਸਰਕਾਰ ਤੋਂ ਵੀ ਜਵਾਬ ਤਲਬ ਕੀਤਾ ਹੈ ਕਿ ਉਸਨੇ ਹੁਣ ਤੱਕ ਕਾਰਵਾਈ ਕਿਉਂ ਨਹੀਂ ਕੀਤੀ।ਨਵੰਬਰ 2023 ਵਿੱਚ ਸੁਪ੍ਰੀਮ ਕੋਰਟ ਦੀ ਸਖ਼ਤੀ ਦੇ ਬਾਵਜੂਦ ਬਾਬਾ ਰਾਮਦੇਵ ਨੇ ਆਈ.ਐੱਮ.ਏ. ਖ਼ਿਲਾਫ਼ ਅਸਿੱਧੇ ਬਿਆਨ ਦਿੰਦਿਆਂ ਕਿਹਾ ਸੀ ਕਿ ਡਾਕਟਰਾਂ ਦਾ ਇੱਕ ਹਿੱਸਾ ਯੋਗਾ, ਆਯੁਰਵੇਦ, ਨੈਚਰੋਪੈਥੀ ਅਤੇ ਸਾਡੀਆਂ ਸਨਾਤਨ ਕਦਰਾਂ-ਕੀਮਤਾਂ ਦੇ ਵਿਰੁੱਧ ਪ੍ਰਚਾਰ ਕਰ ਰਿਹਾ ਹੈ ਜਦਕਿ ਇਹ ਬਿਲਕੁਲ ਬੇਬੁਨਿਆਦ ਸੀ। ਇਸ ਤੋਂ ਪਹਿਲਾਂ ਕਰੋਨਾ ਵਾਇਰਸ ਦੇ ਦੌਰ ਵਿੱਚ ਵੀ ਬਾਬਾ ਰਾਮਦੇਵ ਵੱਲੋਂ ਆਪਣੀਆਂ ਦਵਾਈਆਂ ਦੇ ਕਾਰਗਰ ਹੋਣ ਸੰਬੰਧੀ ਬੇਬੁਨਿਆਦ ਪ੍ਰਚਾਰ ਕਰਦਿਆਂ ਐਲੋਪੈਥੀ ਅਤੇ ਡਾਕਟਰਾਂ ਖ਼ਿਲਾਫ਼ ਸਖ਼ਤ ਟਿੱਪਣੀਆਂ ਕੀਤੀਆਂ ਸਨ। ਪਿਛਲੇ ਹਫਤੇ ਸੁਣਵਾਈ ਦੌਰਾਨ ਅਦਾਲਤ ਨੇ ਇਹ ਵੀ ਕਿਹਾ ਹੈ ਕਿ ਪਤੰਜਲੀ ਜਾਂ ਇਸ ਦੇ ਅਧਿਕਾਰੀ ਕਿਸੇ ਵੀ ਮੈਡੀਕਲ ਪ੍ਰਬੰਧ ਖ਼ਿਲਾਫ਼ ਮੀਡੀਏ ਵਿੱਚ ਕੋਈ ਜਨਤਕ ਬਿਆਨ ਨਹੀਂ ਦੇ ਸਕਦੇ ਹਨ।



ਅਸਲ ਵਿੱਚ ਯੋਗਾ ਵੀ ਵਿਗਿਆਨਕ ਢੰਗ ਨਾਲ ਕੀਤਾ ਜਾਣ ਵਾਲਾ ਇੱਕ ਸਰੀਰਕ ਅਭਿਆਸ ਹੈ ਪਰ ਇਸ ਨੂੰ ਭਾਰਤੀ ਮੀਡੀਆ ਦੇ ਵੱਡੇ ਹਿੱਸੇ ਵੱਲੋਂ ਇਸ ਤਰ੍ਹਾਂ ਪੇਸ਼ ਕੀਤਾ ਗਿਆ ਜਿਵੇਂ ਇਸ ਦੀ ਖੋਜ ਸੰਘ ਪਰਿਵਾਰ ਨੇ ਕੀਤੀ ਹੋਵੇ ਅਤੇ ਇਸ ਦਾ ਬਰਾਂਡ ਐਂਬੈਸਡਰ ਬਾਬਾ ਰਾਮਦੇਵ ਹੋਵੇ। ਬਾਬਾ ਰਾਮਦੇਵ ਅਤੇ ਉਸ ਦੇ ਹਿਮਾਇਤੀਆਂ ਨੂੰ ਸਵਾਲ ਪੁੱਛਿਆ ਜਾਣਾ ਚਾਹੀਦਾ ਹੈ ਕਿ ਪਤੰਜਲੀ ਦੇ ਗੈਰ ਵਿਗਿਆਨਕ ਦਾਅਵਿਆਂ ਦਾ ਖੰਡਨ ਕਰਨਾ ਆਯੁਰਵੇਦ ਵਿਰੁੱਧ ਕਿਵੇਂ ਹੋ ਗਿਆ ਹੈ।

ਹਕੀਕਤ ਇਹ ਹੈ ਕਿ ਬਾਬਾ ਰਾਮਦੇਵ ਇੱਕ ਅਜਿਹਾ ਵਪਾਰੀ ਹੈ ਜਿਸ ਦੀ ਕੰਪਨੀ 'ਪਤੰਜਲੀ' ਮਨੁੱਖ ਦੇ ਸਵੇਰੇ ਉੱਠ ਕੇ ਵਰਤੋਂ ਵਿੱਚ ਆਉਣ ਵਾਲੀ ਟੁੱਥਪੇਸਟ ਤੋਂ ਲੈ ਕੇ ਰਾਤ ਨੂੰ ਸੌਣ ਤਕ ਵਰਤੋਂ ਵਿੱਚ ਆਉਣ ਵਾਲੀ ਲਗਭਗ ਹਰ ਵਸਤੂ ਵੇਚ ਰਹੀ ਹੈ। ਸਰਕਾਰ ਵੱਲੋਂ ਬਾਬਾ ਰਾਮਦੇਵ ਨੂੰ ਦਿੱਤੀਆਂ ਜਾ ਰਹੀਆਂ 'ਛੋਟਾਂ' ਦਰਸਾਉਂਦੀਆਂ ਹਨ ਸਰਕਾਰ ਦੀਆਂ ਨੀਤੀਆਂ ਕਾਰਪੋਰੇਟ ਪੱਖੀ ਹਨ ਮੋਦੀ ਸਰਕਾਰ ਉਸ ਉੱਪਰ ਇਸ ਕਰਕੇ ਮਿਹਰਬਾਨ ਹੈ ਕਿਉਂਕਿ ਉਸਨੇ ਕਾਂਗਰਸ ਦੇ ਸ਼ਾਸਨ ਦੌਰਾਨ ਭਾਜਪਾ ਨੂੰ 'ਸੱਤਾ' ਵਿੱਚ ਲਿਆਉਣ ਲਈ ਕਈ 'ਰਾਜਨੀਤਕ ਸੰਘਰਸ਼' ਕੀਤੇ ਸਨ। 2011 ਵਿੱਚ ਦਿੱਲੀ ਦੇ ਰਾਮ-ਲੀਲ੍ਹਾ ਮੈਦਾਨ ਵਿਖੇ ਇੱਕ ਅੰਦੋਲਨ ਦੌਰਾਨ ਰਾਤ ਨੂੰ ਅੰਦੋਲਨ ਵਿੱਚੋਂ ਔਰਤਾਂ ਦੇ ਕੱਪੜਿਆਂ ਵਿੱਚ ਭੇਸ ਬਦਲ ਕੇ ਭੱਜ ਜਾਣ ਦੀਆਂ ਉਸ ਦੀਆਂ ਤਸਵੀਰਾਂ ਕਾਫ਼ੀ ਚਰਚਾ ਦਾ ਵਿਸ਼ਾ ਬਣੀਆਂ ਸਨ। ਉਸਨੇ ਭਾਜਪਾ ਨੂੰ 'ਸੱਤਾ' ਵਿੱਚ ਲਿਆਉਣ ਖਾਤਰ ਅਜਿਹੇ ਫੋਕੇ ਦਾਅਵੇ ਵੀ ਕੀਤੇ ਕਿ ਭਾਜਪਾ ਦੇ ਆਉਣ ਨਾਲ ਤੇਲ ਦੀਆਂ ਕੀਮਤਾਂ ਘਟ ਜਾਣਗੀਆਂ। ਇਸੇ ਕਰਕੇ ਮੋਦੀ ਸਰਕਾਰ ਉਸ ਉੱਪਰ ਮਿਹਰਬਾਨ ਨਜ਼ਰ ਆ ਰਹੀ ਹੈ। ਬਾਬਾ ਰਾਮਦੇਵ ਨੇ ਕਈ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਰੀਫ਼ ਦੇ ਸੋਹਲੇ ਗਾਏ ਹਨ।

ਭਾਜਪਾ ਸਰਕਾਰ ਤੋਂ ਮਿਲ ਰਹੀਆਂ ਛੋਟਾਂ ਦਾ ਨਤੀਜਾ ਹੀ ਹੈ ਕਿ ਕਾਂਗਰਸ ਸਰਕਾਰ ਸਮੇਂ ਵੱਡੇ ਅੰਦੋਲਨਾਂ ਵਿੱਚ ਹਿੱਸਾ ਲੈਣ ਵਾਲਾ ਬਾਬਾ ਰਾਮਦੇਵ ਹੁਣ ਅੰਦੋਲਨਾਂ ਤੋਂ ਦੂਰ ਰਹਿ ਰਿਹਾ ਹੈ। ਦਿੱਲੀ ਦੇ ਬਾਰਡਰਾਂ 'ਤੇ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਸਮੇਂ ਇਸ 'ਭੱਦਰ ਪੁਰਸ਼' ਨੇ ਕਿਸਾਨਾਂ ਦੇ ਹੱਕ ਵਿੱਚ ਇੱਕ ਹਾਅ ਦਾ ਨਾਅਰਾ ਤਕ ਨਹੀਂ ਮਾਰਿਆ ਸੀ।

ਬਾਬਾ ਰਾਮਦੇਵ ਨੇ ਸਿਰਫ਼ ਮੈਡੀਕਲ ਵਿਗਿਆਨ ਖ਼ਿਲਾਫ਼ ਹੀ ਬਿਆਨ ਨਹੀਂ ਦਿੱਤੇ ਹਨ ਬਲਕਿ ਕਈ ਵਾਰ ਵਿਵਾਦਿਤ ਬਿਆਨ ਵੀ ਦਿੱਤੇ ਹਨ ਜਿਵੇਂ 2022 ਵਿੱਚ ਉਹਨਾਂ ਮਹਾਰਾਸ਼ਟਰ ਦੇ ਠਾਣੇ ਸ਼ਹਿਰ ਵਿੱਚ ਇੱਕ ਯੋਗਾ ਸਿਖਲਾਈ ਕੈਂਪ ਦੌਰਾਨ ਔਰਤਾਂ ਦੇ ਕੱਪੜੇ ਪਾਉਣ ਸੰਬੰਧੀ ਇੱਕ ਵਿਵਾਦਿਤ ਬਿਆਨ ਦਿੱਤਾ ਸੀ।

ਪਿਛਲੇ ਸਾਲ ਇੱਕ ਸਮਾਗਮ ਦੌਰਾਨ ਬਾਬਾ ਰਾਮਦੇਵ ਨੇ ਕਿਹਾ ਸੀ ਕਿ ਉਸ ਦੀ ਕੰਪਨੀ ਦਾ ਸਲਾਨਾ ਟਰਨਓਵਰ 45 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਹੈ ਤੇ ਆਉਣ ਵਾਲੇ ਦਿਨਾਂ ਵਿੱਚ ਇਸ ਦਾ ਨਿਸ਼ਾਨਾ 1 ਲੱਖ ਕਰੋੜ ਦਾ ਹੈ। ਮਤਲਬ ਸਾਫ ਹੈ ਕਿ ਇਹ ਕੰਪਨੀ ਬਾਕੀ ਕਾਰਪੋਰੇਟ ਘਰਾਣਿਆਂ ਵਰਗੀ ਇੱਕ ਕੰਪਨੀ ਹੈ, ਜਿਸ ਦਾ ਮੰਤਵ ਮੁਨਾਫ਼ੇ ਤੋਂ ਸਿਵਾਏ ਕੁਝ ਵੀ ਨਹੀਂ ਹੈ।

ਇਹ ਵੀ ਸੱਚ ਹੈ ਕਿ ਭਾਜਪਾ ਵਿਗਿਆਨਕ ਖੋਜਾਂ ਨੂੰ ਉਤਸ਼ਾਹਿਤ ਕਰਨ ਦੀ ਬਜਾਏ ਗੈਰ ਵਿਗਿਆਨਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਦੀ ਆ ਰਹੀ ਹੈ। ਭਾਜਪਾ ਦੇ ਕਈ ਵੱਡੇ ਆਗੂ ਵਿਗਿਆਨਕ ਵਿਕਾਸ ਨੂੰ ਰੱਦ ਕਰਕੇ ਸਮਾਜ ਵਿੱਚ ਅੰਧਵਿਸ਼ਵਾਸ ਪੈਦਾ ਕਰਨ ਵਾਲੇ ਬਿਆਨ ਦਿੰਦੇ ਰਹਿੰਦੇ ਹਨ। ਇਹੀ ਵਜਾਹ ਹੈ ਕਿ ਬਾਬਾ ਰਾਮਦੇਵ ਵਰਗਾ ਵਿਅਕਤੀ ਭਾਜਪਾ ਦੇ ਫਿੱਟ ਬੈਠਦਾ ਹੈ। ਭਾਜਪਾ ਵੱਲੋਂ ਜਿਵੇਂ ਬਾਬਾ ਰਾਮਦੇਵ ਨੂੰ ਬੇਰੋਕ ਬਿਜ਼ਨਸ ਛੋਟਾਂ ਦਿੱਤੀਆਂ ਜਾ ਰਹੀਆਂ ਹਨ, ਉਸੇ ਤਰ੍ਹਾਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ ਅਤੇ ਇਸ ਤਰ੍ਹਾਂ ਦੀਆਂ ਛੋਟਾਂ ਲੈਣ ਵਾਲਿਆਂ ਦੀ ਲੰਮੀ ਲਿਸਟ ਬਣ ਸਕਦੀ ਹੈ। ਇਹ ਵੀ ਤੱਥ ਹਨ ਕਿ ਖੁਦ ਬਿਮਾਰ ਹੋਣ 'ਤੇ ਪਤੰਜਲੀ ਦੇ ਸੰਚਾਲਕ ਹਸਪਤਾਲਾਂ ਵਿੱਚ ਮਾਹਿਰ ਡਾਕਟਰਾਂ ਤੋਂ ਇਲਾਜ ਕਰਵਾਉਂਦੇ ਹਨ, ਲੇਕਿਨ ਆਮ ਲੋਕਾਂ ਨੂੰ ਗੁਮਰਾਹ ਕਰਦੇ ਹਨ।ਆਈ.ਐੱਮ.ਏ. ਵੱਲੋਂ ਸਰਕਾਰ ਦੀ ਚਹੇਤੀ ਕੰਪਨੀ 'ਪਤੰਜਲੀ' ਖ਼ਿਲਾਫ਼ ਲੜੀ ਜਾ ਰਹੀ ਅਦਾਲਤੀ ਲੜਾਈ ਨੂੰ ਉਤਸ਼ਾਹਿਤ ਕਰਦਿਆਂ ਸਾਡਾ ਫਰਜ਼ ਬਣਦਾ ਹੈ ਕਿ ਉਹਨਾਂ ਡਾਕਟਰਾਂ ਦਾ ਸਹਿਯੋਗ ਕੀਤਾ ਜਾਵੇ। ਵੈਸੇ ਜਿਵੇਂ ਪਤੰਜਲੀ ਆਪਣੇ ਇਸ਼ਤਿਹਾਰਾਂ ਵਿੱਚ ਲੋਕਾਂ ਨੂੰ ਗੁਮਰਾਹ ਕਰਦੀ ਹੈ, ਉਸੇ ਤਰ੍ਹਾਂ ਹਰ ਸ਼ਹਿਰ ਦੇ ਗਲੀ, ਮੋੜ 'ਤੇ ਖੁੱਲ੍ਹੇ 'ਮਰਦਾਨਾ ਕਮਜ਼ੋਰੀ' ਦੂਰ ਕਰਨ ਦੇ ਅਖੌਤੀ ਕਲੀਨਿਕ ਨੌਜਵਾਨਾਂ ਨੂੰ ਲੁੱਟ ਰਹੇ ਹਨ। ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਸ਼ਹਿਰਾਂ ਵਿੱਚ ਨੌਜਵਾਨਾਂ ਨੂੰ ਗੁਮਰਾਹ ਕਰਨ ਵਾਲੇ ਇਹਨਾਂ ਕਥਿਤ ਮਾਹਿਰਾਂ ਖ਼ਿਲਾਫ਼ ਵੀ ਕਾਰਵਾਈ ਕਰੇ।

# ਮੰਦੀ ਵੱਲ ਹੈ ਗਲੋਬਲ ਆਰਥਿਕਤਾ ਦਾ ਰੁਝਾਨ



ਸੁੱਚਾ ਸਿੰਘ ਗਿੱਲ



ਭਾਰਤ ਦੀ ਆਰਥਿਕਤਾ ਸੰਸਾਰ ਆਰਥਿਕਤਾ ਨਾਲ ਗਹਿਰੇ ਰੂਪ ਵਿੱਚ ਜੁੜੀ ਹੋਈ ਹੈ। 1991 ਵਿੱਚ ਦੇਸ਼ ਵਿੱਚ ਅਪਣਾਈ ਉਦਾਰੀਕਰਨ, ਨਿੱਜੀਕਰਨ ਤੇ ਸੰਸਾਰੀਕਰਨ ਦੀ ਨੀਤੀ ਨੇ ਇਨ੍ਹਾਂ ਸਬੰਧਾਂ ਨੂੰ ਕਾਫ਼ੀ ਡੂੰਘਾ ਬਣਾ ਦਿੱਤਾ ਅਤੇ ਸੰਸਾਰ ਵਪਾਰ ਸੰਸਥਾ ਹੋਂਦ ਵਿੱਚ ਆਉਣ ਕਾਰਨ ਦੇਸ਼ ਦੀਆਂ ਆਰਥਿਕ ਨੀਤੀਆਂ ਵੀ ਸੰਸਾਰ ਆਰਥਿਕਤਾ ਨਾਲ ਬੱਝ ਗਈਆਂ। ਦੇਸ਼ ਦੀ ਆਰਥਿਕਤਾ ਦੀ ਕਾਰਗੁਜ਼ਾਰੀ ਸੰਸਾਰ ਦੀ ਆਰਥਿਕਤਾ ਨਾਲ ਗਹਿਰੀ ਜੁੜੀ ਹੋਈ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਦੇਸ਼ ਦੀ ਆਰਥਿਕਤਾ ਦੀ ਕੁੱਲ ਆਮਦਨ ਦਾ ਅੱਧੇ ਤੋਂ ਵੱਧ ਹਿੱਸਾ ਵਪਾਰ ਅਤੇ ਵਿੱਤੀ ਵਹਾਓ ਰਾਹੀਂ ਦੂਜੇ ਦੇਸ਼ਾਂ ਨਾਲ ਜੁੜਿਆ ਹੋਇਆ ਹੈ। ਸੰਸਾਰ ਵਿੱਚ ਵਾਪਰ ਰਹੀਆਂ ਘਟਨਾਵਾਂ ਅਤੇ ਆਰਥਿਕ ਕਾਰਗੁਜ਼ਾਰੀ ਤੋਂ ਦੇਸ਼ ਦੀ ਆਰਥਿਕਤਾ ਪ੍ਰਭਾਵਿਤ ਹੁੰਦੀ ਹੈ। ਇਸ ਦੀ ਕਾਰਗੁਜ਼ਾਰੀ, ਮੌਜੂਦਾ ਅਵਸਥਾ ਅਤੇ ਅਨੁਮਾਨਾਂ ਨੂੰ ਸੰਸਾਰ ਆਰਥਿਕਤਾ ਦੇ ਪ੍ਰਸੰਗ ਵਿੱਚ ਹੀ ਸਮਝਿਆ ਜਾ ਸਕਦਾ ਹੈ।

### ਡਾਵਾਂਡੋਲ ਸੰਸਾਰ ਆਰਥਿਕਤਾ

ਸੰਸਾਰ ਆਰਥਿਕਤਾ ਲਗਭਗ ਇੱਕ ਦਹਾਕੇ ਤੋਂ ਡਾਵਾਂਡੋਲ ਹੈ। ਸੰਸਾਰ ਬੈਂਕ ਪਿਛਲੇ ਸਾਲ ਤੱਕ ਇਸ ਦੇ ਮੰਦੀ ਵੱਲ ਜਾਣ ਦੇ ਸੰਕੇਤ ਆਪਣੀਆਂ ਸਾਲਾਨਾ ਰਿਪੋਰਟਾਂ ਵਿੱਚ ਦਰਜ ਕਰ ਰਿਹਾ ਸੀ। 2023 ਵਿੱਚ ਅਮਰੀਕੀ ਆਰਥਿਕਤਾ ਦੀ ਮਾਮੂਲੀ ਬਿਹਤਰ ਕਾਰਗੁਜ਼ਾਰੀ ਦੇ ਬਾਵਜੂਦ 2024 ਲਈ ਸੰਸਾਰ ਬੈਂਕ ਦੇ ਵਿਕਾਸ ਅਨੁਮਾਨ ਕੋਈ ਉਤਸ਼ਾਹਿਤ ਕਰਨ ਵਾਲੇ ਨਹੀਂ। 9 ਜਨਵਰੀ 2024 ਨੂੰ ਸੰਸਾਰ ਬੈਂਕ ਦੇ ਪ੍ਰੈੱਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਤੀਹ ਸਾਲਾਂ ਵਿੱਚ ਗਲੋਬਲ ਆਰਥਿਕਤਾ ਦੇ ਪਿਛਲੇ ਪੰਜ ਸਾਲ ਸਭ ਤੋਂ ਕਮਜ਼ੋਰ ਕਾਰਗੁਜ਼ਾਰੀ ਵਾਲੇ ਰਹੇ ਹਨ। ਇਹ ਖੁਲਾਸਾ ਕੀਤਾ ਗਿਆ ਕਿ ਸੰਸਾਰ ਆਰਥਿਕਤਾ 2024 ਦੇ ਅੰਤ ਤੱਕ ਸ਼ਰਮਨਾਕ ਰਿਕਾਰਡ ਵਲ ਵਧ ਰਹੀ ਹੈ। ਪੰਜ ਸਾਲਾਂ ਵਿੱਚ 30 ਸਾਲਾਂ ਦੀ ਆਮਦਨ ਦੇ ਵਿਕਾਸ ਦੀ ਦਰ ਦੀ ਸਭ ਤੋਂ ਘੱਟ ਰਹਿਣ ਦਾ ਅਨੁਮਾਨ ਹੈ। ਅੰਦਾਜ਼ਾ ਹੈ ਕਿ ਸੰਸਾਰ ਦੀ ਸਾਲਾਨਾ ਵਿਕਾਸ ਦੀ ਦਰ 2024 ਵਿੱਚ 2.4% ਹੋਵੇਗੀ, 2023 ਵਿੱਚ ਇਹ 2.6% ਸੀ। ਅਨੁਮਾਨ ਹੈ ਕਿ ਵਿਕਸਿਤ ਦੇਸ਼ਾਂ ਦਾ ਸਮੂਹ ਇਸ ਸਾਲ 1.2% ਦੀ ਦਰ ਨਾਲ ਵਿਕਾਸ ਕਰੇਗਾ; ਪਿਛਲੇ ਸਾਲ ਇਸ ਸਮੂਹ ਦੀ ਆਮਦਨ ਵਿਕਾਸ ਦਰ 1.5% ਸੀ। ਇਸ ਸਮੇਂ ਯੂਰੋਪੀਅਨ ਯੂਨੀਅਨ ਦੇ ਬਹੁਤੇ ਦੇਸ਼ ਮੰਦੀ ਦਾ ਸਾਹਮਣਾ ਕਰ ਰਹੇ ਹਨ। ਯੂਰੋਪ ਦੀ ਸਭ ਤੋਂ ਵੱਡੀ ਜਰਮਨ ਆਰਥਿਕਤਾ ਵਿੱਚ ਹਾਹਾਕਾਰ ਹੈ। ਵਿਕਾਸਸ਼ੀਲ ਦੇਸ਼ਾਂ ਦੇ ਗਰੁੱਪ ਦੀ ਵਿਕਾਸ ਦਰ ਪਿਛਲੇ ਸਾਲ 4.9% ਤੋਂ ਘਟ ਕੇ ਇਸ ਸਾਲ 3.9% ਰਹਿਣ ਦਾ ਖ਼ਦਸ਼ਾ ਹੈ। ਘੱਟ ਆਮਦਨ ਵਾਲੇ ਦੇਸ਼ਾਂ ਦੀ ਆਮਦਨ ਵਿਕਾਸ ਦਰ ਇਸ ਸਾਲ 5.5% ਰਹੇਗੀ ਜਿਹੜੀ 2023 ਦੇ ਮੁਕਾਬਲੇ ਘੱਟ ਹੋਵੇਗੀ। ਸੰਸਾਰ ਬੈਂਕ ਦਾ ਇਹ ਅਨੁਮਾਨ ਵੀ ਹੈ ਕਿ ਵਿਕਾਸਸ਼ੀਲ ਦੇਸ਼ਾਂ ਦੇ 25% ਅਤੇ ਘੱਟ ਆਮਦਨ ਵਾਲੇ 40% ਲੋਕਾਂ ਦੀ ਆਮਦਨ ਪਿਛਲੇ ਸਾਲ ਦੇ ਮੁਕਾਬਲੇ ਘਟ ਜਾਵਗੀ। ਇਨ੍ਹਾਂ ਦੇਸ਼ਾਂ ਦੇ ਗ਼ਰੀਬਾਂ ਲਈ ਖਾਧ ਪਦਾਰਥ ਪ੍ਰਾਪਤ ਕਰਨ ਵਿਚ ਮੁਸ਼ਕਿਲ ਵੀ ਆ ਸਕਦੀ ਹੈ।ਨਿਰਾਸ਼ਾ ਵਾਲੀ ਇਸ ਅਵਸਥਾ ਲਈ ਤਿੰਨ ਕਾਰਨਾਂ ਦਾ ਵਰਨਣ ਕੀਤਾ ਗਿਆ ਹੈ। ਪਹਿਲਾ ਕਾਰਨ, ਭੂ-ਰਾਜਨੀਤਕ ਸੰਕਟ ਵਧ ਰਿਹਾ ਹੈ। ਇਹ ਸੰਕਟ ਰੂਸ-ਯੂਕਰੇਨ ਯੁੱਧ ਤੋਂ ਸ਼ੁਰੂ ਹੋਇਆ ਜਿਸ ਨਾਲ ਪੱਛਮੀ ਦੇਸ਼ਾਂ ਨੇ ਰੂਸ ਖਿਲਾਫ ਆਰਥਿਕ ਰੋਕਾਂ ਲਗਾਈਆਂ ਹੋਈਆਂ ਹਨ। ਪਿਛਲੇ ਕੁਝ ਮਹੀਨਿਆਂ ਤੋਂ ਇਜ਼ਰਾਈਲ ਵਲੋਂ ਫ਼ਲਸਤੀਨੀ ਇਲਾਕਿਆਂ ਵਿਚ ਨਸਲਕੁਸ਼ੀ ਨੇ ਇਸ ਸੰਕਟ ਨੂੰ ਹੋਰ ਗਹਿਰਾ ਕਰ ਦਿੱਤਾ ਹੈ। ਅਮਰੀਕਾ-ਚੀਨ ਦੇ ਵਿਗੜਦੇ ਸਬੰਧ ਇਸ ਨੂੰ ਹੋਰ ਵਧਾ ਰਹੇ ਹਨ। ਇਸ ਦਾ ਲਾਹਾ ਲੈ ਕੇ ਸਮੁੰਦਰੀ ਲੁਟੇਰੇ ਕੌਮਾਂਤਰੀ ਰਾਹਾਂ 'ਤੇ ਮਾਲਵਾਹਕ ਜਹਾਜ਼ ਲੁੱਟ ਰਹੇ ਹਨ। ਇਸ ਨਾਲ ਸੰਸਾਰ ਵਿੱਚ ਗੜਬੜ, ਅਸੁਰੱਖਿਆ ਅਤੇ ਬੇਯਕੀਨੀ ਵਾਲਾ ਮਹੌਲ ਹੈ। ਇਉਂ ਗਲੋਬਲ ਆਰਥਿਕਤਾ ਵਿਚ ਪੂੰਜੀ ਨਿਵੇਸ਼ ਵਾਸਤੇ ਬੇਯਕੀਨੀ ਕਾਰਨ ਸਾਜ਼ਗਾਰ ਮਾਹੌਲ ਨਹੀਂ ਰਿਹਾ। ਇਹ ਸੰਸਾਰ ਆਰਥਿਕਤਾ ਨੂੰ ਹੇਠਾਂ ਧੱਕ ਰਿਹਾ ਹੈ। ਦੂਜਾ ਕਾਰਨ, ਵਿਕਸਤ ਦੇਸ਼ਾਂ ਦੀ ਆਰਥਿਕਤਾ ਦਾ ਲਗਭਗ ਖੜੋਤ ਵਲ ਜਾਣਾ ਹੈ। ਅਮਰੀਕਾ ਦੀ ਆਰਥਿਕਤਾ ਵਿਚ ਭਾਵੇਂ ਕੁਝ ਉਭਾਰ ਆਇਆ ਹੈ ਪਰ ਹੋਰ ਵਿਕਸਤ ਦੇਸ਼ਾਂ ਵਿਚ ਖੜੋਤ ਦਾ ਮਾਹੌਲ ਹੈ। ਇਸ ਵਿਚ ਯੂਰੋਪੀਅਨ ਯੂਨੀਅਨ ਦੇ ਦੇਸ਼ਾਂ ਤੋਂ ਇਲਾਵਾ ਕੈਨੇਡਾ ਵੀ ਸ਼ਾਮਲ ਹੈ। ਇਸ ਨਾਲ ਸੰਸਾਰ ਆਰਥਿਕਤਾ ਦੇ 55 ਤੋਂ 60% ਖੜੋਤ ਵਿਚ ਆ ਜਾਣ ਕਾਰਨ ਮਾਲ ਸਪਲਾਈ ਕਰਨ ਵਾਲੇ ਉਤਪਾਦਕਾਂ/ਕੰਪਨੀਆਂ ਨੂੰ ਉਤਪਾਦਨ ਵਧਾਉਣ ਵਿਚ ਮੁਸ਼ਕਿਲ ਪੈਦਾ ਹੋ ਗਈ ਹੈ। ਤੀਜਾ ਵੱਡਾ ਕਾਰਨ ਸੰਸਾਰ ਬੈਂਕ ਨੇ ਇਹ ਦੱਸਿਆ ਹੈ ਕਿ ਵਿੱਤੀ ਸਾਧਨ ਉਧਾਰ ਲੈਣ ਵਾਸਤੇ ਕੰਪਨੀਆਂ ਨੂੰ ਵਿੱਤੀ ਮੰਡੀ ਵਿਚ ਉੱਚੇ ਵਿਆਜ ਦਰਾਂ ਅਤੇ ਸਖ਼ਤ ਸ਼ਰਤਾਂ ਨਾਲ ਜੂਝਣਾ ਪੈਂਦਾ ਹੈ। ਇਸ ਕਰ ਕੇ ਪ੍ਰਾਈਵੇਟ ਕੰਪਨੀਆਂ ਵਿਚ ਪੂੰਜੀ ਨਿਵੇਸ਼ ਵਾਸਤੇ ਉਤਸ਼ਾਹ ਨਹੀਂ ਨਜ਼ਰ ਆਉਂਦਾ।ਇਨ੍ਹਾਂ ਕਾਰਨਾਂ ਕਰ ਕੇ ਸੰਸਾਰ ਆਰਥਿਕਤਾ ਧੀਮੀ ਗਤੀ ਦੀ ਵਿਕਾਸ ਦਰ ਤੋਂ ਖੜੋਤ ਵੱਲ ਜਾ ਰਹੀ ਹੈ। ਦੋ ਹੋਰ ਕਾਰਨ ਜਿਨ੍ਹਾਂ ਨੂੰ ਸੰਸਾਰ ਬੈਂਕ ਨੇ ਧਿਆਨ ਵਿਚ ਨਹੀਂ ਲਿਆਂਦਾ, ਤਵੱਜੋ ਦੀ ਮੰਗ ਕਰਦੇ ਹਨ।

ਇਸ ਦਾ ਪਹਿਲਾ ਤੇ ਵੱਡਾ ਕਾਰਨ ਇਹ ਹੈ ਕਿ ਸੰਸਾਰ ਆਰਥਿਕਤਾ ਵਿੱਚ ਆਮਦਨ ਅਤੇ ਦੌਲਤ ਦੀ ਵੰਡ ਵਿੱਚ ਵੱਡੀ ਪੱਧਰ 'ਤੇ ਆਈ ਅਸਮਾਨਤਾ ਹੈ। ਤਾਜ਼ਾ ਅੰਕੜਿਆਂ ਅਨੁਸਾਰ ਸੰਸਾਰ ਦੇ 10% ਅਮੀਰਾਂ ਕੋਲ 52% ਆਮਦਨ ਅਤੇ 76% ਦੌਲਤ ਹੈ। ਹੇਠਲੀ ਗਰੀਬ 50% ਆਬਾਦੀ ਕੋਲ 8.5% ਆਮਦਨ ਅਤੇ 2% ਦੌਲਤ ਹੀ ਰਹਿ ਗਈ ਹੈ। ਅਮੀਰ ਆਪਣੀ ਆਮਦਨ ਦਾ ਬਹੁਤ ਛੋਟਾ ਹਿੱਸਾ ਮਹਿਜ਼ 5-10% ਖਪਤ ਲਈ ਵਰਤਦੇ ਹਨ; ਬਾਕੀ ਆਮਦਨ ਨੂੰ ਬਚਤ ਵਿਚ ਪਾ ਕੇ ਮੁਨਾਫ਼ਾ ਕਮਾਉਂਦੇਹਨ। ਗਰੀਬ ਦੀ ਸਾਰੀ ਆਮਦਨ ਖਪਤ ਵਾਸਤੇ ਵਰਤੀ ਜਾਂਦੀ ਹੈ। ਖਪਤ ਦੀ ਮੰਗ ਇਨ੍ਹਾਂ ਲੋਕਾਂ 'ਤੇ ਨਿਰਭਰ ਕਰਦੀ ਹੈ। ਇਨ੍ਹਾਂ ਕੋਲ ਖਰੀਦ ਸ਼ਕਤੀ ਨਾ ਹੋਣ ਕਾਰਨ ਵਸਤਾਂ ਦੀ ਸੰਸਾਰ ਮੰਡੀ ਵਿੱਚ ਖਪਤ ਦੀ ਮੰਗ ਵਿੱਚ ਘਾਟਾ ਚੋਖਾ ਵਧ ਗਿਆ ਹੈ। ਇਸ ਨੂੰ ਆਮਦਨ ਅਤੇ ਦੌਲਤ ਦੀ ਵੰਡ ਠੀਕ ਕੀਤੇ ਬਗੈਰ ਠੀਕ ਨਹੀਂ ਕੀਤਾ ਜਾ ਸਕਦਾ। ਇਸ ਬਾਰੇ ਮੌਜੂਦਾ ਸਰਕਾਰਾਂ ਅਤੇ ਰਾਜਭਾਗ 'ਤੇ ਕਾਬਜ਼ ਸਿਆਸੀ ਪਾਰਟੀਆਂ ਧਿਆਨ ਨਹੀਂ ਦੇ ਰਹੀਆਂ। ਦੂਜਾ ਅਣਗੌਲਿਆ ਵੱਡਾ ਕਾਰਨ ਸੰਸਾਰ ਵਿਚ ਵਧ ਰਹੀ ਬੇਰੁਜ਼ਗਾਰੀ ਹੈ; ਖਾਸ ਕਰ ਕੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ ਕਈ ਦੇਸ਼ਾਂ ਵਿੱਚ 15 ਤੋਂ 20% ਤੱਕ ਪਹੁੰਚ ਗਈ ਹੈ। ਇਸ ਕਾਰਨ ਉਨ੍ਹਾਂ ਦੀ ਵਸਤਾਂ ਖਰੀਦਣ ਦੀ ਇੱਛਾ ਤਾਂ ਹੋ ਸਕਦੀ ਹੈ ਪਰ ਉਨ੍ਹਾਂ ਕੋਲ ਖਰੀਦ ਸ਼ਕਤੀ ਨਹੀਂ। ਆਰਥਿਕ ਨੀਤੀਆਂ ਨੂੰ ਨਵ-ਉਦਾਰਵਾਦੀ ਸਿਧਾਂਤ ਤੋਂ ਬਦਲ ਕੇ ਲੋਕ ਪੱਖੀ ਬਣਾਉਣ ਨਾਲ ਹੀ ਇਸ ਸਮੱਸਿਆ ਦਾ ਹੱਲ ਹੋ ਸਕਦਾ ਹੈ।

### ਭਾਰਤ 'ਤੇ ਪੈਣ ਵਾਲੇ ਪ੍ਰਭਾਵ

ਭਾਰਤੀ ਆਰਥਿਕਤਾ ਸੰਸਾਰ ਆਰਥਿਕਤਾ ਨਾਲ ਜੁੜੀ ਹੋਈ ਹੈ। ਇਹ ਜੋੜ ਵਸਤਾਂ/ਸੇਵਾਵਾਂ ਦੇ ਵਪਾਰ ਅਤੇ ਵਿੱਤੀ ਸਰਮਾਏ ਦੇ ਲੈਣ-ਦੇਣ ਨਾਲ ਬਣਿਆ ਹੋਇਆ ਹੈ। ਭਾਰਤ ਦੀ ਕੁੱਲ ਸਾਲਾਨਾ ਆਮਦਨ ਦਾ ਅੱਧੇ ਤੋਂ ਵੱਧ ਹਿੱਸਾ ਕੌਮਾਂਤਰੀ ਗੇੜ ਵਿੱਚ ਸ਼ਾਮਿਲ ਹੋ ਕੇ ਗੁਜ਼ਰਦਾ ਹੈ। ਸੰਸਾਰ ਆਰਥਿਕਤਾ ਦੇ ਚੰਗੇ ਅਤੇ ਬੁਰੇ ਪ੍ਰਭਾਵ ਭਾਰਤ ਉਪਰ ਕੌਮਾਂਤਰੀ ਵਪਾਰ ਅਤੇ ਗਲੋਬਲ ਵਿੱਤੀ ਸਰਮਾਏ ਦੇ ਸਰਹੱਦਾਂ ਤੋਂ ਪਾਰੋਂ ਦਾਖ਼ਲ ਹੋ ਜਾਂਦੇ ਹਨ। ਜੇ ਗਲੋਬਲ ਆਰਥਿਕਤਾ ਦਾ ਰੁਝਾਨ ਮੰਦੀ ਵੱਲ ਹੈ ਤਾਂ ਭਾਰਤ ਵੱਲੋਂ ਬਾਹਰ ਭੇਜਣ ਵਾਲੀਆਂ ਵਸਤਾਂ ਅਤੇ ਸੇਵਾਵਾਂ ਦੀ ਮੰਗ ਘਟ ਜਾਵੇਗੀ। ਬਰਾਮਦ ਘਟਣ ਜਾਂ ਇਸ ਵਿੱਚ ਖੜੋਤ ਆਉਣ ਨਾਲ ਦੇਸ਼ ਦੀ ਸਮਰੱਥਾ ਬਾਹਰਲੇ ਦੇਸ਼ਾਂ ਤੋਂ ਸਮਾਨ ਦਰਾਮਦ ਕਰਨ ਵਿਚ ਘਟ ਜਾਂਦੀ ਹੈ। ਸੰਸਾਰ ਆਰਥਿਕਤਾ ਵਿਚ ਮੰਦੀ ਨੂੰ ਇਸ ਦ੍ਰਿਸ਼ਟੀਕੋਣ ਤੋਂ ਦੇਖਿਆ ਜਾ ਸਕਦਾ ਹੈ।

ਸੰਸਾਰ ਆਰਥਿਕਤਾ 2004 ਤੋਂ ਸੰਕਟਗ੍ਰਸਤ ਹੋਈ ਅਤੇ ਇਸ ਤੋਂ ਬਾਹਰ ਨਹੀਂ ਨਿਕਲ ਸਕੀ। 2020-21 ਦੌਰਾਨ ਕੋਵਿਡ-19 ਨੇ ਸਾਰੇ ਦੇਸ਼ਾਂ ਦੀ ਆਮਦਨ ਘਟਾ ਦਿੱਤੀ; ਭਾਰਤ ਦੀ ਆਮਦਨ ਲਗਭਗ 7% ਘਟ ਗਈ ਸੀ ਅਤੇ ਬੇਰੁਜ਼ਗਾਰੀ ਵਿੱਚ ਚੋਖਾ ਵਾਧਾ ਹੋਇਆ ਸੀ। 2021-22 ਵਿੱਚ ਇਸ ਤੋਂ ਬਾਹਰ ਆਉਣ ਦੀ ਪ੍ਰਕਿਰਿਆ ਸ਼ੁਰੂ ਹੋਈ ਅਤੇ 2022-23 ਵਿੱਚ ਆਮਦਨ ਵਿਚ 6-7% ਦਾ ਵਾਧਾ ਦਰਜ ਕੀਤਾ ਗਿਆ। ਹੁਣ 2024 ਵਿੱਚ ਗਲੋਬਲ ਰੁਝਾਨ ਮੰਦੀ ਵੱਲ ਹਨ, ਇਸ ਕਰ ਕੇ ਇਸ ਦੇ ਬੁਰੇ ਪ੍ਰਭਾਵਾਂ ਤੋਂ ਦੇਸ਼ ਬਚ ਨਹੀਂ ਸਕਦਾ। ਇਸ ਕਰ ਕੇ 2024-25 ਵਿੱਚ ਦੇਸ਼ ਦੀ ਕੁੱਲ ਆਮਦਨ 5 ਟ੍ਰਿਲੀਅਨ ਡਾਲਰ ਹਾਸਲ ਕਰਨਾ ਅਸੰਭਵ ਹੈ। ਜੇ ਆਰਥਿਕਤਾ 6.5% ਜਾਂ 7% ਸਾਲਾਨਾ ਦਰ ਨਾਲ ਤਰੱਕੀ ਕਰਦੀ ਹੈ ਅਤੇ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ ਪਿਛਲੇ ਸਾਲਾਂ ਵਾਂਗ 1.5-2.0% ਹੇਠਾਂ ਆਉਂਦਾ ਹੈ ਤਾਂ ਬੜੀ ਮੁਸ਼ਕਿਲ ਨਾਲ ਦੇਸ਼ ਦੀ ਕੁੱਲ ਆਮਦਨ 3.8 ਟ੍ਰਿਲੀਅਨ ਡਾਲਰ (2023) ਤੋਂ ਵਧ ਕੇ 2024-25 ਵਿੱਚ 3.9 ਟ੍ਰਿਲੀਅਨ ਡਾਲਰ ਜਾਂ ਇਸ ਤੋਂ ਮਾਮੂਲੀ ਵਧ ਸਕਦੀ ਹੈ। ਇਸ ਕਰ ਕੇ 5 ਟ੍ਰਿਲੀਅਨ ਡਾਲਰ ਦਾ ਟੀਚਾ ਪ੍ਰਾਪਤ ਕਰਨਾ ਮੁਸ਼ਕਿਲ ਹੋਵੇਗਾ।

ਸੰਸਾਰ ਆਰਥਿਕਤਾ ਦੇ ਡਾਵਾਂਡੋਲ ਹੋਣ ਨਾਲ ਭਾਰਤ 'ਤੇ ਪੈਣ ਵਾਲੇ ਪ੍ਰਭਾਵ ਦਾ ਪਰਛਾਵਾਂ ਟੈਕਨੀਕਲ ਕੰਪਨੀਆਂ ਵੱਲੋਂ ਨੌਕਰੀਆਂ ਤੋਂ ਕੱਢੇ ਜਾਣ ਵਾਲਿਆਂ ਦੇ ਵੇਰਵਿਆਂ ਤੋਂ ਮਿਲਦਾ ਹੈ। ਇੰਡੀਅਨ ਐਕਸਪ੍ਰੈੱਸ ਨੇ 11 ਜਨਵਰੀ 2024 ਨੂੰ ਰਿਪੋਰਟ ਕੀਤਾ ਹੈ ਕਿ ਐਮੇਜ਼ੋਨ ਟਵਇਚ ਨੇ 35% ਸਟਾਫ ਕੱਢਣ ਦਾ ਫ਼ੈਸਲਾ ਕੀਤਾ ਹੈ। ਪੇਟੀਐੱਮ 1000 ਮੁਲਾਜ਼ਮਾਂ ਦੀ ਛਾਂਟੀ ਕਰ ਰਹੀ ਹੈ, ਫਲਿਪਕਾਰਟ 1100-1500 ਮੁਲਾਜ਼ਮ ਨੌਕਰੀ ਤੋਂ ਕੱਢ ਰਹੀ ਹੈ। ਯੂਨੀਟੀ ਸਾਫਟਵੇਅਰ 25% ਮੁਲਾਜ਼ਮਾਂ ਦੀ ਛੁੱਟੀ ਕਰ ਦੇਵੇਗੀ ਅਤੇ ਹੂਮੇਨ ਕੰਪਨੀ ਨੇ ਇਸ ਸਾਲ 4% ਮੁਲਾਜ਼ਮ ਕੱਢਣ ਦਾ ਫ਼ੈਸਲਾ ਕੀਤਾ ਹੈ। ਇਨ੍ਹਾਂ ਕੰਪਨੀਆਂ ਨੇ ਘਟ ਰਹੇ ਮੁਨਾਫਿ?ਆਂ ਕਾਰਨ ਇਹ ਫ਼ੈਸਲਾ ਕੀਤਾ ਹੈ। ਇਸ ਦੇ ਦੋ ਕਾਰਨ ਦੱਸੇ ਹਨ: ਇੱਕ, ਕਾਰੋਬਾਰ ਵਿਚ ਬੇਯਕੀਨੀ ਤੇ ਦੂਜਾ ਕਾਰਨ ਕੋਵਿਡ-19 ਸਮੇਂ ਜਿਆਦਾ ਕੀਤੀਆਂ ਭਰਤੀਆਂ ਦੱਸਿਆ ਹੈ। ਇਹ ਅੰਕੜੇ ਇਸ਼ਾਰਾ ਕਰਦੇ ਹਨ ਕਿ ਵੱਡੀਆਂ ਕੰਪਨੀਆਂ ਨੂੰ ਮੁਲਾਜ਼ਮ ਰੱਖਣ ਵਿੱਚ ਕਠਨਾਈ ਆ ਰਹੀ ਹੈ, ਉਨ੍ਹਾਂ ਕੋਲ ਲੋੜੀਂਦਾ ਕਾਰੋਬਾਰ ਨਹੀਂ। ਛੋਟੀਆਂ ਇਕਾਈਆਂ ਖਾਸ ਕਰ ਕੇ ਮਾਈਕਰੋ, ਸਮਾਲ, ਮੀਡੀਅਮ ਐਂਟਰਪਰਾਈਜ਼ ਬਾਰੇ ਅੰਕੜਿਆਂ ਦੀ ਘਾਟ ਕਰ ਕੇ ਟਿੱਪਣੀ ਕਰਨੀ ਔਖੀ ਹੈ ਪਰ ਇਹ ਗੱਲ ਸਾਫ ਹੈ ਕਿ ਆਰਥਿਕ ਕਿਰਿਆਵਾਂ ਉਤੇ ਪ੍ਰਭਾਵ ਜ਼ਰੂਰ ਪੈਂਦਾ ਨਜ਼ਰ ਆਉਂਦਾ ਹੈ।

(ਬਾਕੀ ਸਫ਼ਾ 31 'ਤੇ)

# ਸੱਭਿਅਤਾ ਦਾ ਸੰਕਟ

ਰਣਜੀਤ ਸਿੰਘ ਕੁਕੀ



ਸੱਭਿਅਤਾ ਦਾ ਸੰਕਟ ਹਮੇਸ਼ਾਂ ਨਿਰਦੋਸ਼ ਨਾਗਰਿਕਾਂ ਦੇ ਪਤਨ ਅਤੇ ਜ਼ੁਲਮ ਦਾ ਕਾਰਨ ਬਣਦਾ ਹੈ । ਸ਼ਾਂਤੀ-ਰੱਖਿਅਕ ਏਜੰਸੀਆਂ, ਸਰਕਾਰਾਂ ਤੇ ਲੀਡਰਸ਼ਿੱਪ ਬੇਸ਼ਰਮੀ ਨਾਲ ਨਿਸ਼ਕਿਰਿਆ ਅਤੇ ਮਰੀਆਂ ਹੋਈਆਂ ਹਨ। ਵ੍ਹਾਈਟ ਹਾਊਸ ਅਤੇ ਮਹਾਨ ਕਾਰਪੋਰੇਸ਼ਨਾਂ ਦੁਆਰਾ ਦਿੱਤੀ ਜਾਂਦੀ ਸਬਸਿਡੀ ਕਾਰਨ ਭਿਆਨਕ ਅੱਤਵਾਦ ਦੀਆਂ ਕਾਰਵਾਈਆਂ ਦੁਨੀਆਂ ਭਰ ਵਿੱਚ ਜਾਰੀ ਰਹਿੰਦੀਆਂ ਹਨ। ਮਨੁੱਖੀ ਕਦਰਾਂ-ਕੀਮਤਾਂ ਦੇ ਡਿੱਗਣ ਨਾਲ ਨਿਰਦੋਸ਼ ਲੋਕ ਹਮੇਸ਼ਾ ਦੁੱਖ ਭੋਗਦੇ ਹਨ। ਗਾਜ਼ਾ ਵਿੱਚ ਚੱਲ ਰਿਹਾ ਕਤਲੇਆਮ ਵਿਅਤਨਾਮ ਯੁੱਧ ਅਤੇ ਹੀਰੋਸ਼ੀਮਾ ਉੱਤੇ ਬੰਬਾਰੀ ਦੇ ਕਾਲੇ ਸੁਪਨਿਆਂ ਦੀ ਯਾਦ ਦਿਵਾਉਂਦਾ ਹੈ। ਕੀ ਇਹ ਉਹ ਸੱਭਿਅਤਾ ਹੈ ਜਿਸ ਵਿੱਚ ਅਸੀਂ ਵਿਕਸਤ ਹੋਏ ਹਾਂ ਜਿੱਥੇ ਦੂਜੇ ਵਿਸ਼ਵ ਯੁੱਧ ਤੋਂ

ਬਾਅਦ ਨੂਰਮਬਰਗ ਵਿੱਚ ਕੋਈ ਅਜ਼ਮਾਇਸ਼ ਨਹੀਂ ਹੋਈ ਜਾਪਦੀ ਹੈ ? ਅਸੀਂ ਇਸ ਨੂੰ ਸਭਿਅਤਾ ਕਿਵੇਂ ਕਹਿ ਸਕਦੇ ਹਾਂ ਜਦੋਂ ਅਮਰੀਕਾ ਦੀ ਸਾਬਕਾ ਵਿਦੇਸ਼ ਸਕੱਤਰ ਮੈਡੇਲੀਨ ਅਲਬ੍ਰਾਈਟ ਦੀ ਘਟੀਆ ਟਿੱਪਣੀ ਕਿਸੇ ਦੇ ਕੰਨਾਂ ਵਿੱਚ ਗੂੰਜਦੀ ਹੈ। ਹਾਂ, ਉਨ੍ਹਾਂ ਦੀ ਮੌਤ ਇਸ ਦੇ ਯੋਗ ਸੀ ? ਇਹ ਯੁੱਧ ਦੇ ਪੀੜਤਾਂ ਲਈ ਹਮਦਰਦੀ ਦਿਖਾਉਣ ਦੇ ਯੋਗ ਰਾਜਨੇਤਾ ਨਹੀਂ ਹਨ, ਇਹ ਨਸਲਕੁਸ਼ੀ ਦੇ ਵਿਗਾੜ ਵਾਲੇ ਨੇਤਾ ਹਨ ਜੋ ਬਦਲਾ ਲੈਣ ਦੀ ਲਾਲਸਾ ਦੁਆਰਾ ਨੈਤਿਕਤਾ ਜਾਂ

ਨੈਤਿਕਤਾ ਦੀਆਂ ਸਾਰੀਆਂ ਭਾਵਨਾਵਾਂ ਨੂੰ ਓਵਰਰਾਈਡ ਕਰਦੇ ਹਨ। ਪਿੰਟਰ, ਆਪਣੇ ਲੇਖ ਕਲਾ, ਸੱਚ ਅਤੇ ਰਾਜਨੀਤੀ ਵਿੱਚ, ਢੁਕਵੇਂ ਸਵਾਲ ਪੁੱਛਦਾ ਹੈ: ਸਾਡੀ ਨੈਤਿਕ ਸਮਝਦਾਰੀ ਨੂੰ ਕੀ ਹੋ ਗਿਆ ਹੈ ? ਕੀ ਸਾਡੇ ਕੋਲ ਕਦੇ ਨੈਤਿਕਤਾ ਸੀ ? ਅਤੇ ਸਾਡੀ ਜ਼ਮੀਰ ਨੂੰ ਕੀ ਹੋਇਆ ? ਕੀ ਇਹ ਸਭ ਮਰ ਗਿਆ ਹੈ?

ਪਿਛਲੇ ਕੁਝ ਮਹੀਨਿਆਂ ਤੋਂ ਗਾਜ਼ਾ ਨੂੰ ਦੇਖਦੇ ਹੋਏ, ਇਹ ਸਪੱਸ਼ਟ ਹੋ ਜਾਂਦਾ ਹੈ। ਅਣਗਿਣਤ ਬਹੁਤ ਸਾਰੇ ਲੋਕਾਂ ਵਿੱਚ ਦਰਦ ਦੀ ਸਿਰਫ਼ ਇੱਕ ਕਹਾਣੀ ਹੈ, ਪਰ ਇਹ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜੰਗ ਤੋੜ-ਫੋੜ ਅਤੇ ਖੂਨੀ ਹਮਲੇ ਦਾ ਇੱਕ ਰੂਪ ਹੈ।



ਅਜੀਬ ਗੱਲ ਹੈ, ਸਮਕਾਲੀ ਸਮਿਆਂ ਵਿੱਚ ਭਿਆਨਕ ਦੁੱਖਾਂ ਦੇ ਬਾਵਜੂਦ, ਹਥਿਆਰਬੰਦ ਸੰਘਰਸ਼ ਸਾਡੀ ਸਭਿਅਤਾ ਦਾ ਇੱਕੋ ਇੱਕ ਉਪਾਅ ਜਾਪਦਾ ਹੈ। ਕਿਉਂ ਨਾ ਮਨੁੱਖਤਾ ਦੇ ਭਵਿੱਖ ਲਈ ਮਾਰਨ ਅਤੇ ਦਹਿਸ਼ਤਗਰਦੀ ਲਈ ਸਿਪਾਹੀਆਂ ਨੂੰ ਭੇਜਣਾ ਬੰਦ ਕੀਤਾ ਜਾਵੇ ? ਕਿਉਂ ਨਾ ਉਸ ਤ੍ਰਾਸਦੀ ਬਾਰੇ ਸੋਚਣਾ ਸ਼ੁਰੂ ਕਰੀਏ ਜਿਸ ਵਿੱਚੋਂ ਲੋਕ ਜ਼ਾਲਮਤਾ, ਬੇਰਹਿਮ ਅੱਤਿਆਚਾਰਾਂ ਅਤੇ ਸੱਚਾਈ 'ਤੇ ਬੇਰਹਿਮੀ ਨਾਲ ਜਕੜਨ ਦੀ ਪ੍ਰਣਾਲੀਗਤ ਉਦਾਸੀਨਤਾ ਨੂੰ ਦਰਸਾਉਂਦੇ ਹਨ ?

ਹਥਿਆਰਾਂ 'ਤੇ ਲੱਖਾਂ ਖਰਚਣ ਦੀ ਬਜਾਏ, ਰਾਸ਼ਟਰ ਉਨ੍ਹਾਂ ਏਜੰਸੀਆਂ ਦਾ ਸਮਰਥਨ ਕਿਉਂ ਨਹੀਂ ਕਰ ਸਕਦੇ ਜੋ ਸ਼ਰਨਾਰਥੀਆਂ ਅਤੇ ਯੁੱਧ ਤੋਂ ਬਚੇ ਲੋਕਾਂ ਦੀ ਭਲਾਈ ਲਈ ਸਮਰਪਿਤ ਹਨ। ਅਜਿਹੇ ਸਮੇਂ ਵਿੱਚ ਯੁੱਧ ਦੀ ਅਸਲ ਕੀਮਤ ਉਹਨਾਂ ਲੋਕਾਂ ਦੇ ਮਨਾਂ ਵਿੱਚ ਹੋਣੀ ਚਾਹੀਦੀ ਹੈ ਜੋ ਇਹ ਮੰਨਦੇ ਹਨ ਕਿ ਸਾਡੀ ਇੱਕ ਸਭਿਅਤਾ ਸਾਥੀ ਭਾਵਨਾ ਅਤੇ ਹਮਦਰਦੀ 'ਤੇ ਬਣੀ ਹੈ ਅਤੇ ਰਾਸ਼ਟਰਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸੱਚਾਈ ਦਾ ਇਸ ਨਾਲ ਸਬੰਧ ਹੈ ਕਿ ਤੁਸੀਂ ਸੰਸਾਰ ਵਿੱਚ ਆਪਣੀ ਭੂਮਿਕਾ ਨੂੰ ਕਿਵੇਂ ਨਿਭਾਉਂਦੇ ਹੋ। ਤੁਸੀਂ ਸਿਰਫ਼ ਆਪਣੇ ਦੋਸਤਾਂ ਨੂੰ ਕੁੱਟਣ ਅਤੇ ਅਧੀਨ ਕਰਨ ਅਤੇ ਕਤਲ ਕਰਨ ਅਤੇ ਜਨਤਾ ਨੂੰ ਤਬਾਹ ਕਰਨ ਦੀ ਇਜਾਜ਼ਤ ਦੇਣ ਲਈ ਸ਼ਕਤੀ ਦੀ ਵਰਤੋਂ ਨਹੀਂ ਕਰ ਸਕਦੇ ਅਤੇ ਫਿਰ ਬਿਨਾਂ ਕਿਸੇ ਝਿਜਕ ਦੇ, ਦੁਨੀਆ ਨੂੰ ਇਹ ਐਲਾਨ ਕਰ ਸਕਦੇ ਹੋ ਕਿ ਲੋਕਤੰਤਰ ਦੀ ਜਿੱਤ ਹੋਈ ਹੈ।

# ਕਿਸਾਨੀ ਦੇ ਵਿਕਾਸ ਲਈ ਫ਼ਸਲਾਂ ’ਤੇ ਘੱਟੋ-ਘੱਟ ਸਮਰਥਨ ਮੁੱਲ ਜ਼ਰੂਰੀ ਹੋਵੇ



ਪ੍ਰੋ. ਸੁਖਦੇਵ ਸਿੰਘ




ਭਾਰਤ ਵਿੱਚ ਭੋਜਨ ਦੀ ਘਾਟ ਪੂਰੀ ਕਰਨ ਲਈ ਕਿਸਾਨਾਂ ਨੂੰ ਅਨਾਜ ਦੀ ਪੈਦਾਵਾਰ ਵਧਾਉਣ ਵੱਲ ਹੱਲਾਸ਼ੇਰੀ ਦੇਣ ਲਈ 1966 ਵਿੱਚ ਭਾਰਤ ਸਰਕਾਰ ਨੇ ਕਣਕ ਅਤੇ ਚੌਲਾਂ ਦੀਆਂ ਦੋ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਪ੍ਰਣਾਲੀ ਸ਼ੁਰੂ ਕੀਤੀ। ਇਸ ਨਾਲ ਅਨਾਜ ਵਿੱਚ ਤਾਂ ਆਤਮ-ਨਿਰਭਰਤਾ ਹੋ ਗਈ ਪਰ ਇਸ ਨੇ ਫਸਲੀ ਵੰਨ-ਸਵੰਨਤਾ ਦਾ ਸੰਤੁਲਨ ਵਿਗਾੜ ਦਿੱਤਾ ਹੈ। ਖੇਤੀਬਾੜੀ ਨੂੰ ਧਨਾਢ ਇਜਾਰੇਦਾਰੀ ਤੋਂ ਬਚਾਉਂਦੇ ਹੋਏ ਇਸ ਵਿੱਚ ਦਰੁਸਤੀ ਲਈ ਕਣਕ ਅਤੇ ਚੌਲਾਂ ਤੋਂ ਇਲਾਵਾ ਹੋਰ ਫਸਲਾਂ ਦੇ ਵੀ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਅਤੇ ਇਸ ਨੂੰ ਕਾਨੂੰਨੀ ਬਣਾਉਣ ਦੀ ਬਜਾਇ ਧਨਾਢ ਵਪਾਰੀ ਅਤੇ ਸੰਸਾਰ ਵਪਾਰ ਸੰਗਠਨ ਦੇ ਅਸਰ ਹੇਠ ਭਾਰਤ ਸਰਕਾਰ ਖੇਤੀਬਾੜੀ ਨੂੰ ਉਦਯੋਗ ਮੰਨਦੇ ਹੋਏ ਖੁੱਲ੍ਹੀ ਮੰਡੀ ਹਵਾਲੇ ਛੱਡਣ ਦੀ ਤਜਵੀਜ਼ ਰੱਖਦੀ ਹੈ, ਦੂਜੇ ਪਾਸੇ ਭਾਰਤੀ ਕਿਸਾਨ ਖੇਤੀ ਦੇ ਉਦਯੋਗਿਕ-ਵਪਾਰਕ ਪੱਖ ਨਾਲੋਂ ਇਸ ਦੇ ਸਮਾਜਿਕ ਪੱਖ ਨੂੰ ਅਹਿਮ ਮੰਨਦੇ ਹੋਏ ਇਸ ਦੀ ਸੁਰੱਖਿਆ ਲਈ ਅੰਦੋਲਨ ਕਰ ਰਹੇ ਹਨ। ਵਰਨਣਯੋਗ ਹੈ ਕਿ ਨਾ ਸਿਰਫ 1.42 ਅਰਬ ਤੋਂ ਵੱਧ ਭਾਰਤੀ ਆਬਾਦੀ ਲਈ ਭੋਜਨ ਸੁਰੱਖਿਆ ਸਗੋਂ ਇਸ ਦੇ 58 ਫੀਸਦੀ ਹਿੱਸੇ ਦੀ ਜੀਵਕਾ ਖੇਤੀਬਾੜੀ ਉੱਤੇ ਨਿਰਭਰ ਹੈ।

ਭਾਰਤ ਵਿੱਚ ਘੱਟੋ-ਘੱਟ ਸਮਰਥਨ ਮੁੱਲ ਪ੍ਰਣਾਲੀ ਹੌਲੀ ਹੌਲੀ ਵਿਕਸਤ ਹੋਈ ਹੈ ਜਿਸ ਲਈ ਅਜੇ ਵੀ ਸੁਧਾਰ ਅਤੇ ਜਿਆਦਾ ਸਮਰਥਨ ਦੀ ਲੋੜ ਹੈ। ਵਰਤਮਾਨ ਵਿੱਚ ਭਾਰਤ ਸਰਕਾਰ ਦੁਆਰਾ ਗਠਿਤ ਖੇਤੀ ਲਾਗਤਾਂ ਅਤੇ ਕੀਮਤਾਂ ਲਈ ਕਮਿਸ਼ਨ (ਸੀ.ਏ.ਸੀ.ਪੀ.) 23 ਫਸਲਾਂ ਲਈ ਬੀਜਾਂ, ਖਾਦਾਂ, ਕੀਟਨਾਸ਼ਕਾਂ, ਮਨੁੱਖੀ ਮਜ਼ਦੂਰੀ, ਮਸ਼ੀਨੀ ਭਾੜੇ, ਠੇਕੇ ’ਤੇ ਜ਼ਮੀਨ ਦੇ ਕਿਰਾਏ ਆਦਿ ਸਬੰਧੀ ਨਕਦ ਅਦਾ ਕੀਤੇ ਖਰਚਿਆਂ (ਏ2) ਵਿੱਚ ਬਿਨਾਂ ਅਦਾਇਗੀ ਕੀਤੇ ਪਰਿਵਾਰਕ ਮਜ਼ਦੂਰੀ ਖਰਚੇ (ਐੱਫ.ਐੱਲ.) ਜੋੜ ਕੇ ਕੁੱਲ ਰਕਮ ਦਾ 1.5 (ਡੇਢ ਗੁਣਾ) ਰਕਮ ਨੂੰ ਘੱਟੋ-ਘੱਟ ਸਮਰਥਨ ਕੀਮਤ ਵਜੋਂ ਸਿਫ਼ਾਰਸ਼ ਕਰਦਾ ਹੈ। ਇਸ ਉਪਰੰਤ, ਉਤਪਾਦਨ ਲਾਗਤਾਂ, ਕਿਸਾਨਾਂ ਲਈ ਵਾਜਬ ਮਿਹਨਤਾਨਾ ਅਤੇ ਖਪਤਕਾਰਾਂ ਦੀ ਸਮਰੱਥਾ ਅਤੇ ਬਾਜ਼ਾਰ ਦੀਆਂ ਸਥਿਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਖੇਤੀ ਲਾਗਤਾਂ ਅਤੇ ਕੀਮਤਾਂ ਲਈ ਕਮਿਸ਼ਨ (ਸੀ.ਏ.ਸੀ.ਪੀ.) ਦੀ ਸਿਫ਼ਾਰਸ਼ ਨੂੰ ਭਾਰਤ ਦੀ ਸੰਸਦ ਦੁਆਰਾ ਬਿਜਾਈ ਦੇ ਸੀਜ਼ਨ ਤੋਂ ਪਹਿਲਾਂ ਵਿਚਾਰ ਉਪਰੰਤ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਨਿਰਧਾਰਿਤ ਘੱਟੋ-ਘੱਟ ਸਮਰਥਨ ਕੀਮਤ ਤੈਅ ਕਰਦੇ ਹੋਏ ਸੀ.ਏ.ਸੀ.ਪੀ. ਮਾਲਕੀ ਵਾਲੀ ਜ਼ਮੀਨ ਦੇ ਕਿਰਾਏ ਅਤੇ ਸੰਦਾਂ ਦੀ ਘਸਾਈ ਕਾਰਨ ਘਟਦੀ ਕੀਮਤ ਨੂੰ ਨਹੀਂ ਜੋੜਦਾ ਜਿਸ ਦੀ ਪ੍ਰਦਰਸ਼ਨਕਾਰੀ ਕਿਸਾਨ ਮੰਗ ਕਰ ਰਹੇ ਹਨ।ਕਿਸਾਨ ਅੰਦੋਲਨ ਦਾ ਸਭ ਤੋਂ ਵੱਡਾ ਕਾਰਨ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਕੀਮਤ (ਐੱਮ.ਐੱਸ.ਪੀ.) ’ਤੇ ਫਸਲ ਵੇਚਣ ਦਾ ਅਧਿਕਾਰ ਮੁਹੱਈਆ ਕਰਨ ਵਾਲੇ ਕਾਨੂੰਨ ਦੀ ਮੰਗ ਹੈ ਜਿਸ ਦਾ ਸੁਝਾਅ ਸੀ.ਏ.ਸੀ.ਪੀ. ਨੇ ਖੁਦ ਆਪਣੀ ਕੀਮਤ ਨੀਤੀ ਰਿਪੋਰਟ- 2018-19 ਵਿੱਚ ਦਿੱਤਾ ਸੀ। ਕਿਸਾਨ ਆਪਣੀ ਪੈਦਾਵਾਰ ਲਈ ਉਸੇ ਕਾਨੂੰਨੀ ਅਧਿਕਾਰ ਦੀ ਮੰਗ ਕਰ ਰਹੇ ਹਨ ਜੋ ਇਨ੍ਹਾਂ ਦੀ ਪੈਦਾਵਾਰ ਨੂੰ ਮੰਡੀ ਦੇ ਮੰਗ ਅਤੇ ਪੂਰਤੀ (ਡਿਮਾਂਡ ਤੇ ਸਪਲਾਈ) ਦਬਾਅ ਦੇ ਵਿਰੁੱਧ ਤਾਕਤ ਦੇਵੇ ਕਿਉਂਕਿ ਬਾਜ਼ਾਰ ਨੂੰ ਵਪਾਰੀ ਅਤੇ ਕਾਰਪੋਰੇਟ ਆਪਣੀ ਮਰਜ਼ੀ ਮੁਤਾਬਿਕ ਪ੍ਰਭਾਵਿਤ ਕਰ ਸਕਦੇ ਹਨ; ਇਹ ਚਿੰਤਾ ਸੀ.ਏ.ਸੀ.ਪੀ. ਨੇ ਵੀ ਆਪਣੀ 2018-19 ਦੀ ਰਿਪੋਰਟ ਵਿੱਚ ਸਾਂਝੀ ਕੀਤੀ ਹੈ।ਫ਼ਸਲ ਉਤਪਾਦਨ ਨੂੰ ਉਦਯੋਗਿਕ ਉਤਪਾਦਨ ਵਾਂਗ ਮੰਡੀ ਮੁਤਾਬਿਕ ਅਸਾਨੀ ਨਾਲ ਕੰਟਰੋਲ ਨਹੀਂ ਕੀਤਾ ਜਾ ਸਕਦਾ, ਫ਼ਸਲੀ ਚੱਕਰ ਅਤੇ ਵਕਤ ਨੂੰ ਬਦਲਣਾ ਇੰਨਾ ਆਸਾਨ ਨਹੀਂ ਹੁੰਦਾ।ਫ਼ਸਲ ਇੱਕ ਵਾਰ ਬੀਜੀ ਗਈ ਤਾਂ ਇਸ ਦੀ ਪੱਕਣ ਪਰਕਿਰਿਆ ਨੂੰ ਟਾਲਿਆ ਨਹੀਂ ਜਾ ਸਕਦਾ ਅਤੇ ਨਾ ਹੀ ਇਸ ਨੂੰ ਰੁਕ ਰੁਕ ਕੇ ਪਕਾਇਆ ਜਾ ਸਕਦਾ ਹੈ, ਇਸ ਦਾ ਸਮਾਂ ਤੈਅ ਹੈ।ਖੇਤੀਬਾੜੀ ਉਪਜ ਆਪਣੀ ਜੈਵਿਕ ਪ੍ਰਕਿਰਤੀ ਕਾਰਨ ਇੱਕ ਪਾਸੇ ਤਾਂ ਅਣਅਨੁਮਾਨਿਤ ਬੇਕਾਬੂ ਮੌਸਮੀ ਹਾਲਾਤ, ਸੁੰਡੀਆਂ ਤੇ ਬਿਮਾਰੀਆਂ ਦਾ ਸ਼ਿਕਾਰ ਹੁੰਦੀ ਹੈ, ਦੂਜੇ ਪਾਸੇ ਇਸ ਦੀ ‘ਇੱਕੋ ਵਾਰ ਇਕੱਠੀ’ ਉਪਜ ਇਸ ਨੂੰ ਮੰਡੀ ਦੇ ਖਿਡਾਰੀਆਂ ਸਾਹਮਣੇ ਕਮਜ਼ੋਰ ਬਣਾਉਂਦੀ ਹੈ। ਮੰਡੀ ਦਾ ਨਕਾਰਾਤਮਕ ਅਤੇ ਵਿਧੀਵਤ ਅਸਰ ਰੋਕਣ ਲਈ ਘੱਟੋ-ਘੱਟ ਸਮਰਥਨ ਕੀਮਤ ਦੀ ਕਾਨੂੰਨੀ ਗਰੰਟੀ ਜ਼ਰੂਰੀ ਹੈ।ਕਾਰਪੋਰੇਟ ਦੇ ਉਲਟ, ਛੋਟੇ ਕਿਸਾਨ ਨਾ ਤਾਂ ਫਸਲ ਸਟੋਰ ਕਰ ਕੇ ਥੋੜ੍ਹੀ ਥੋੜ੍ਹੀ ਮਾਤਰਾ ਵਿੱਚ ਵੇਚ ਸਕਦੇ ਹਨ ਅਤੇ ਨਾ ਹੀ ਇਸ ਦੇ ਗੁਣ ਬਦਲ ਕੇ ਇਸ ਨੂੰ ਨਵੇਂ ਰੂਪ ਵਿੱਚ ਵੇਚ ਸਕਦੇ ਹਨ। ਉਨ੍ਹਾਂ ਨੂੰ ਤੁਰੰਤ ਸਾਰੀ ਪੈਦਾਵਾਰ ਵੇਚਣੀ ਪੈਂਦੀ ਹੈ। ਇਸ ਲਈ ਕਿਸਾਨਾਂ ਵੱਲੋਂ ਸਰਕਾਰ ਦੁਆਰਾ ਐਲਾਨੀ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੀ ਉਮੀਦ ਕਰਨੀ ਜਾਇਜ਼ ਹੈ।ਇਹ ਜ਼ਿਕਰਯੋਗ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਪੂਰੀ ਫ਼ਸਲ ਸਰਕਾਰ ਦੁਆਰਾ ਖਰੀਦਣ ਦੀ ਗਾਰੰਟੀ ਨਹੀਂ ਸਗੋਂ ਇਹ ਹੈ ਕਿ ਕੋਈ ਵੀ ਇਸ ਨੂੰ ਐਲਾਨੀ ਘੱਟੋ-ਘੱਟ ਕੀਮਤ ਜਾਂ ਇਸ ਤੋਂ ਵੱਧ ਮੁੱਲ ’ਤੇ ਹੀ ਖਰੀਦੇ।ਕਾਨੂੰਨੀ ਗਾਰੰਟੀ ਦੀ ਅਣਹੋਂਦ ਵਿੱਚ ਵਪਾਰੀ ਖੇਤੀ ਉਪਜ ਨੂੰ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਮੁੱਲ ’ਤੇ ਖਰੀਦਦੇ ਹਨ, ਫਿਰ ਵੀ ਉਹ ਖਪਤਕਾਰਾਂ ਨੂੰ ਲਾਭ ਪਹੁੰਚਾਏ ਬਿਨਾਂ ਇਸ ਨੂੰ ਘੱਟੋ-ਘੱਟ ਸਮਰਥਨ ਮੁੱਲ ਤੋਂ ਕਿਤੇ ਵੱਧ ਮੁੱਲ ’ਤੇ ਵੇਚਦੇ ਹਨ। ਅਸਲ ਵਿੱਚ ਖੇਤੀ ਪੈਦਾਵਾਰ ਮਨੁੱਖ ਦੇ ਤੰਦਰੁਸਤ ਜੀਵਨ ਲਈ ਮੁੱਖ ਲੋੜ ਹੈ ਅਤੇ ਇਹ ਕਦੇ ਵੀ ਵਾਧੂ ਨਹੀਂ ਹੁੰਦੀ, ਇਹ ਸਿਰਫ ਕਿਸਾਨ ਦੀਆਂ ਹੋਰ ਲੋੜਾਂ ਦੀ ਪੂਰਤੀ ਅਤੇ ਉਸ ਕੋਲ ਪੈਦਾਵਾਰ ਨੂੰ ਇੰਨੀ ਮਿਕਦਾਰ ਵਿੱਚ ਸਟੋਰ ਨਾ ਕਰ ਸਕਣ ਦੀ ਸਮਰੱਥਾ ਕਰ ਕੇ ਵਾਧੂ ਹੋਣ ਦਾ ਪ੍ਰਭਾਵ ਦਿੰਦੀ ਹੈ ਜਿਸ ਦਾ ਫਾਇਦਾ ਵਪਾਰੀ ਲੈਂਦਾ ਹੈ। ਇਸ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਹੋਣੀ ਲਾਜ਼ਮੀ ਹੈ। ਜੇ ਕਿਸੇ ਬੇਕਾਬੂ ਹਾਲਾਤ ਵਿੱਚ ਕਿਸਾਨ ਦੀ ਫਸਲ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਕੀਮਤਾਂ ’ਤੇ ਵਿਕੇ ਤਾਂ ਪਾੜੇ ਦੀ ਭਰਪਾਈ ਸਰਕਾਰ ਕਰੇ।

ਸਾਰੇ ਰਾਜਾਂ ਵਿੱਚ ਸਾਰੀਆਂ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ‘ਜੈਵਿਕ ਖੇਤੀ ਅਤੇ ਫ਼ਸਲ ਵੰਨ-ਸਵੰਨਤਾ’ ਲਈ ਸਾਧਨ ਵਜੋਂ ਕੰਮ ਕਰ ਸਕਦੀ ਹੈ ਕਿਉਂਕਿ ਕਿਸਾਨਾਂ ਨੂੰ ਕੀਮਤਾਂ ਦੇ ਵਿਧੀਵਤ ਢੰਗ ਨਾਲ ਡਿੱਗਣ ਦੀ ਅਸੁਰੱਖਿਆ ਨਹੀਂ ਹੋਵੇਗੀ। ਖੇਤੀਬਾੜੀ ਉਪਜ ਜੀਵਨ ਲਈ ਹੈ; ਹੋਰ ਸਾਰੇ ਉਦਯੋਗਿਕ ਜਾਂ ਸੇਵਾ ਉਤਪਾਦ ਵਾਧੂ ਆਰਾਮ ਲਈ ਹਨ। ਜੇ ਇਸ ਨੂੰ ਮੰਡੀ ਦੇ ‘ਮੰਗ ਅਤੇ ਪੂਰਤੀ’ ਸਿਧਾਂਤ ਆਸਰੇ ਛੱਡ ਦਿੱਤਾ ਜਾਂਦਾ ਹੈ ਤਾਂ ਇਹ ਭੋਜਨ ਦੀ ਅਸੁਰੱਖਿਆ ਦਾ ਕਾਰਨ ਬਣ ਸਕਦਾ ਹੈ ਅਤੇ ਖੇਤੀਬਾੜੀ ਵਿੱਚ ਮੌਜੂਦ ਸਮਾਜਿਕ ਕਦਰਾਂ-ਕੀਮਤਾਂ ਨਾਲ ਸਮਝੌਤਾ ਹੋ ਸਕਦਾ ਹੈ। ਖੇਤੀ ਨੂੰ ਖੁੱਲ੍ਹੀ ਮੰਡੀ ਹਵਾਲੇ ਕਰਨਾ ਨਾ ਤਾਂ ਫਾਇਦੇਮੰਦ ਹੈ ਅਤੇ ਨਾ ਹੀ ਦੇਸ਼ ਪੱਖੀ, ਇਹ ਸਿਰਫ ਕਾਰਪੋਰੇਟ ਪੱਖੀ ਹੈ।

# ‘ਪੰਜਾਬੀ’ ਚੋਟੀ ਦੀਆਂ 10 ਭਾਸ਼ਾਵਾਂ ’ਚ ਵੀ ਸ਼ਾਮਲ ਨਹੀਂ



ਸੁਰਜੀਤ ਸਿੰਘ ਫਲੋਰਾ ਕੈਨੇਡਾ

ਦੁਨੀਆਂ ਵਿੱਚ 7,000 ਤੋਂ ਵੱਧ ਭਾਸ਼ਾਵਾਂ ਹਨ ਤੇ ਦੁਨੀਆ ਦੀ ਅੱਧੀ ਤੋਂ ਵੱਧ ਆਬਾਦੀ ਵੱਲੋਂ ਉਨ੍ਹਾਂ ਵਿੱਚੋਂ ਸਿਰਫ਼ 23 ਹੀ ਬੋਲੀਆਂ ਜਾਂਦੀਆਂ ਹਨ। ਦੁਨੀਆਂ ਭਰ ਵਿੱਚ ਲਗਪਗ 15 ਕਰੋੜ ਲੋਕ ਪੰਜਾਬੀ ਨੂੰ ਆਪਣੀ ਮਾਤ-ਭਾਸ਼ਾ ਦੇ ਤੌਰ ’ਤੇ ਬੋਲਦੇ ਹਨ ਪਰ ਇਹ ਦੁਨੀਆਂ ਦੀਆਂ ਸਿਖ਼ਰਲੀਆਂ 10 ਭਾਸ਼ਾਵਾਂ ਵਿੱਚ ਸ਼ਾਮਲ ਨਹੀਂ ਹੈ। ਜੇ ਤੁਸੀਂ ਅੰਗਰੇਜ਼ੀ ਨੂੰ ਪੜ੍ਹ ਰਹੇ ਹੋ ਤਾਂ ਸੰਭਾਵਨਾ ਹੈ ਕਿ ਤੁਸੀਂ 37 ਕਰੋੜ ਮੂਲ ਅੰਗਰੇਜ਼ੀ ਬੋਲਣ ਵਾਲਿਆਂ ਵਿੱਚੋਂ ਹੋ। ਅੰਗਰੇਜ਼ੀ ਵਪਾਰ, ਸਿੱਖਿਆ, ਯਾਤਰਾ ਤੇ ਅੰਤਰਰਾਸ਼ਟਰੀ ਸਬੰਧਾਂ ਵਿੱਚ ਸੰਪਰਕ ਭਾਸ਼ਾ ਵਜੋਂ ਵਰਤੀ ਜਾਂਦੀ ਹੈ। ਇਹ 1.4 ਬਿਲੀਅਨ ਲੋਕਾਂ ਦੁਆਰਾ ਬੋਲੀ ਜਾਂਦੀ ਹੈ। ਬਹੁਤ ਸਾਰੇ ਲੋਕਾਂ ਨੂੰ ਮੈਂਡਰਿਨ ਵਰਗੀਆਂ ਹੋਰ ਭਾਸ਼ਾਵਾਂ ਨਾਲੋਂ ਅੰਗਰੇਜ਼ੀ ਸਿੱਖਣਾ ਆਸਾਨ ਲੱਗਦਾ ਹੈ। ਇਹ ਅਮਰੀਕੀ ਸੱਭਿਆਚਾਰ ਤੋਂ ਪ੍ਰਭਾਵਿਤ ਹੈ ਅਤੇ ਇਸ ਨੂੰ ਅਕਸਰ ਮੌਕੇ ਦੀ ਭਾਸ਼ਾ ਵਜੋਂ ਦੇਖਿਆ ਜਾਂਦਾ ਹੈ।

ਮੈਂਡਰਿਨ ਚੀਨੀ 1.1 ਬਿਲੀਅਨ ਤੋਂ ਵੱਧ ਲੋਕਾਂ ਦੁਆਰਾ ਬੋਲੀ ਜਾਂਦੀ ਹੈ ਜੋ ਦੁਨੀਆਂ ਵਿੱਚ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚੋਂ ਇਕ ਹੈ। ਭਾਵੇਂ ਇਸ ਨੂੰ ਸਿੱਖਣਾ ਔਖਾ ਹੈ ਪਰ ਦੁਨੀਆ ਵਿੱਚ ਚੀਨ ਦੀ ਵਧਦੀ ਭੂਮਿਕਾ ਕਾਰਨ ਬਹੁਤ ਸਾਰੇ ਲੋਕ ਇਸ ਭਾਸ਼ਾ ਨੂੰ ਸਿੱਖਣ ਵਿੱਚ ਦਿਲਚਸਪੀ ਰੱਖਦੇ ਹਨ। ਹਿੰਦੀ ਨੂੰ ਦੁਨੀਆ ਭਰ ਵਿੱਚ 60 ਕਰੋੜ ਤੋਂ ਵੱਧ ਲੋਕ ਬੋਲਦੇ ਹਨ। ਹਿੰਦੀ ਭਾਰਤ ਦੀਆਂ ਮੁੱਖ ਭਾਸ਼ਾਵਾਂ ਵਿੱਚੋਂ ਇੱਕ ਹੈ। ਇਕੱਲੇ ਭਾਰਤ ਵਿੱਚ ਇਹ ਲਗਪਗ 34 ਕਰੋੜ ਲੋਕਾਂ ਦੀ ਪਹਿਲੀ ਭਾਸ਼ਾ ਹੈ। ਭਾਰਤ 121 ਤੋਂ ਵੱਧ ਭਾਸ਼ਾਵਾਂ ਦੇ ਨਾਲ ਆਪਣੀ ਸ਼ਾਨਦਾਰ ਭਾਸ਼ਾਈ ਵਿਭਿੰਨਤਾ ਲਈ ਜਾਣਿਆ ਜਾਂਦਾ ਹੈ।

ਫਿਰ ਵੀ ਹਿੰਦੀ ਇਸ ਦੇਸ਼ ਵਿਚ ਕੌਮੀ ਭਾਸ਼ਾ ਦਾ ਸਥਾਨ ਰੱਖਦੀ ਹੈ। ਇਹ ਭਾਸ਼ਾ ਸਿਰਫ਼ ਭਾਰਤ ਵਿੱਚ ਹੀ ਨਹੀਂ ਬੋਲੀ ਜਾਂਦੀ ਸਗੋਂ ਇਸ ਦੇ ਗੁਆਂਢੀ ਦੇਸ਼ਾਂ ਨੇਪਾਲ ਤੇ ਭੂਟਾਨ ਵਿੱਚ ਵੀ ਬੋਲੀ ਜਾਂਦੀ ਹੈ। ਹਿੰਦੀ ਭਾਸ਼ਾ ਦਾ ਗਿਆਨ ਹੋਣਾ ਪੂਰੇ ਭਾਰਤੀ ਉਪ-ਮਹਾਦੀਪ ਵਿੱਚ ਯਾਤਰਾ ਅਤੇ ਸੰਚਾਰ ਲਈ ਬਹੁਤ ਹੀ ਲਾਭਦਾਇਕ ਹੋ ਸਕਦਾ ਹੈ।

ਭਾਰਤ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਦੇਸ਼ ਹੈ, ਇਸ ਲਈ ਦੁਨੀਆਂ ਭਰ ਦੇ ਲੋਕ ਹਿੰਦੀ ਸਿੱਖਣ ਵਿੱਚ ਦਿਲਚਸਪੀ ਰੱਖਦੇ ਹਨ। ਸਪੈਨਿਸ਼ 54 ਕਰੋੜ ਤੋਂ ਵੱਧ ਲੋਕਾਂ ਦੁਆਰਾ ਬੋਲੀ ਜਾਂਦੀ ਹੈ। ਇਹ ਗਿਣਤੀ ਇਸ ਨੂੰ ਦੁਨੀਆਂ ਵਿੱਚ ਦੂਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਮੂਲ ਭਾਸ਼ਾ ਬਣਾਉਂਦੀ ਹੈ। ਇਹ ਭਾਸ਼ਾ ਜ਼ਿਆਦਾਤਰ ਦੱਖਣੀ ਤੇ ਮੱਧ ਅਮਰੀਕਾ ਵਿੱਚ ਵਰਤੀ ਜਾਂਦੀ ਹੈ ਅਤੇ ਸਪੇਨ ਵਿੱਚ ਵੀ। ਸੰਯੁਕਤ ਰਾਜ ਅਮਰੀਕਾ ਦੇ ਕੁਝ ਹਿੱਸਿਆਂ ਵਿੱਚ ਇਹ ਵਿਆਪਕ ਪੱਧਰ ’ਤੇ ਬੋਲੀ ਜਾਂਦੀ ਹੈ। ਸਪੈਨਿਸ਼ ਇੰਟਰਨੈੱਟ ’ਤੇ ਤੀਜੀ ਸਭ ਤੋਂ ਪ੍ਰਸਿੱਧ ਭਾਸ਼ਾ ਹੈ। ਇਹ 21 ਦੇਸ਼ਾਂ ਵਿੱਚ ਪ੍ਰਾਇਮਰੀ ਭਾਸ਼ਾ ਹੈ ਅਤੇ ਕੁਝ ਦੇਸ਼ ਇਸ ਨੂੰ ਸੈਕੰਡਰੀ ਭਾਸ਼ਾ ਵਜੋਂ ਵਰਤਦੇ ਹਨ। ਫਰੈਂਚ ਨੂੰ ਵਿਸ਼ਵ ਪੱਧਰ ’ਤੇ 27 ਕਰੋੜ ਤੋਂ ਵੱਧ ਲੋਕ ਬੋਲਦੇ ਹਨ। ਇਹ ਭਾਸ਼ਾ ਸਿਰਫ਼ ਫਰਾਂਸ ਤੱਕ ਹੀ ਸੀਮਤ ਨਹੀਂ ਸਗੋਂ ਦੁਨੀਆਂ ਭਰ ਦੇ 29 ਦੇਸ਼ਾਂ ਵਿੱਚ ਵੀ ਵਰਤੀ ਜਾਂਦੀ ਹੈ। ਲਗਪਗ ਅੱਠ ਕਰੋੜ ਲੋਕ ਆਪਣੀ ਪਹਿਲੀ ਭਾਸ਼ਾ ਵਜੋਂ ਫਰੈਂਚ ਬੋਲਦੇ ਹਨ। ਕਈ ਥਾਵਾਂ ’ਤੇ ਇਹ ਦੂਜੀ ਭਾਸ਼ਾ ਵਜੋਂ ਬੋਲੀ ਜਾਂਦੀ ਹੈ ਜਿਵੇਂ ਕਿ ਬਹੁਤ ਸਾਰੇ ਅਫ਼ਰੀਕੀ ਦੇਸ਼ਾਂ ਤੇ ਕੈਨੇਡਾ ਦੇ ਕੁਝ ਹਿੱਸਿਆਂ ’ਚ।




ਫਰੈਂਚ ਕਲਾ, ਫੈਸ਼ਨ ਅਤੇ ਪਕਵਾਨਾਂ ’ਤੇ ਆਪਣੇ ਪ੍ਰਭਾਵ ਲਈ ਜਾਣੀ ਜਾਂਦੀ ਹੈ। ਅਰਬੀ 27 ਕਰੋੜ ਤੋਂ ਵੱਧ ਲੋਕਾਂ ਦੇ ਇੱਕ ਵਿਸ਼ਾਲ ਭਾਈਚਾਰੇ ਦੁਆਰਾ ਬੋਲੀ ਜਾਂਦੀ ਹੈ, ਖ਼ਾਸ ਤੌਰ ’ਤੇ ਮੱਧ ਪੂਰਬ ਅਤੇ ਉੱਤਰੀ ਅਫ਼ਰੀਕਾ ’ਚ ਵੱਖ-ਵੱਖ ਉਪ-ਭਾਸ਼ਾਵਾਂ ਲਈ ਮਸ਼ਹੂਰ ਹੈ। ਬੰਗਾਲੀ ਨੂੰ ਦੁਨੀਆਂ ਭਰ ਵਿੱਚ 27 ਕਰੋੜ ਤੋਂ ਵੱਧ ਲੋਕ ਬੋਲਦੇ ਹਨ। ਇਹ ਬੰਗਲਾਦੇਸ਼ ਅਤੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਪ੍ਰਾਇਮਰੀ ਭਾਸ਼ਾ ਵਜੋਂ ਕੰਮ ਕਰਦੀ ਹੈ। ਇਹ ਭਾਸ਼ਾ ਨਾ ਸਿਰਫ਼ ਸਾਹਿਤ ਅਤੇ ਸੱਭਿਆਚਾਰਕ ਵਿਰਸੇ ਵਿੱਚ ਅਮੀਰ ਹੈ ਸਗੋਂ ਦੱਖਣੀ ਏਸ਼ਿਆਈ ਕਲਾਵਾਂ ਅਤੇ ਮੀਡੀਆ ਨੂੰ ਰੂਪ ਦੇਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਵਿਆਪਕ ਵਰਤੋਂ ਅਤੇ ਸੱਭਿਆਚਾਰਕ ਪ੍ਰਭਾਵ ਕਾਰਨ ਬੰਗਾਲੀ ਇੱਕ ਅਹਿਮ ਭਾਸ਼ਾਈ ਧਾਗੇ ਵਜੋਂ ਮੌਜੂਦਗੀ ਰੱਖਦੀ ਹੈ ਜੋ ਵੱਖ-ਵੱਖ ਭਾਈਚਾਰਿਆਂ ਨੂੰ ਜੋੜਦਾ ਹੈ ਅਤੇ ਦੱਖਣੀ ਏਸ਼ਿਆਈ ਵਿਰਾਸਤ ਦੀ ਸੰਭਾਲ ਵਿੱਚ ਯੋਗਦਾਨ ਪਾਉਂਦਾ ਹੈ। ਰੂਸੀ ਭਾਸ਼ਾ ਲਗਪਗ 26 ਕਰੋੜ ਲੋਕਾਂ ਦੁਆਰਾ ਬੋਲੀ ਜਾਂਦੀ ਹੈ। ਇਹ ਰੂਸ ਅਤੇ ਪੂਰਬੀ ਯੂਰਪ ਦੇ ਕੁਝ ਹਿੱਸਿਆਂ ਵਿੱਚ ਮੁੱਖ ਭਾਸ਼ਾ ਵਜੋਂ ਕੰਮ ਕਰਦੀ ਹੈ। ਆਪਣੇ ਮਹੱਤਵਪੂਰਨ ਸਾਹਿਤਕ ਯੋਗਦਾਨ ਲਈ ਮਸ਼ਹੂਰ ਰੂਸੀ ਭਾਸ਼ਾ ਨੇ ਅੰਤਰਰਾਸ਼ਟਰੀ ਕੂਟਨੀਤੀ ਅਤੇ ਪੁਲਾੜ ਵਿਗਿਆਨ ਦੇ ਖੇਤਰਾਂ ਵਿੱਚ ਪ੍ਰਮੁੱਖ ਭੂਮਿਕਾ ਨਿਭਾਈ ਹੈ।ਕਾਬਿਲੇ.ਗੌਰ ਹੈ ਕਿ ਇਹ ਭਾਸ਼ਾ ਸੱਭਿਆਚਾਰਕ ਵਟਾਂਦਰੇ ਅਤੇ ਸਹਿਯੋਗ ਨੂੰ ਉਤਸ਼ਾਹਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਰਹੀ ਹੈ ਅਤੇ ਇਹ ਰੂਸ ਦੀ ਅਮੀਰ ਵਿਰਾਸਤ ਅਤੇ ਵਿਸ਼ਵ-ਵਿਆਪੀ ਪ੍ਰਭਾਵ ਦੇ ਪ੍ਰਮਾਣ ਵਜੋਂ ਖੜ੍ਹੀ ਹੈ। ਇਹ ਇੰਝ ਰੂਸ ਦੀ ਪਹੁੰਚ ਨੂੰ ਭੂਗੋਲਿਕ ਸਰਹੱਦਾਂ ਤੋਂ ਪਾਰ ਪੁਲਾੜ ਖੋਜ ਦੇ ਵਿਸ਼ਾਲ ਵਿਸਤਾਰ ਵਿੱਚ ਵਧਾਉਂਦੀ ਹੈ। ਪੁਰਤਗਾਲੀ ਵਿਸ਼ਵ ਪੱਧਰ ’ਤੇ 26 ਕਰੋੜ ਤੋਂ ਵੱਧ ਲੋਕਾਂ ਵੱਲੋਂ ਬੋਲੀ ਜਾਂਦੀ ਹੈ। ਪੁਰਤਗਾਲੀ ਨੂੰ ਬ੍ਰਾਜ਼ੀਲ, ਪੁਰਤਗਾਲ ਅਤੇ ਕਈ ਅਫ਼ਰੀਕੀ ਦੇਸ਼ਾਂ ਸਣੇ ਕੁਝ ਹੋਰ ਦੇਸ਼ਾਂ ਵਿੱਚ ਇੱਕ ਅਧਿਕਾਰਤ ਭਾਸ਼ਾ ਦਾ ਦਰਜਾ ਪ੍ਰਾਪਤ ਹੈ।

ਇਸ ਦਾ ਪ੍ਰਭਾਵ ਭਾਸ਼ਾਈ ਸੀਮਾਵਾਂ ਤੋਂ ਪਰੇ ਫੈਲਿਆ ਹੋਇਆ ਹੈ ਜੋ ਸੰਗੀਤ, ਸਾਹਿਤ ਅਤੇ ਖੇਡਾਂ ਦੇ ਖੇਤਰਾਂ ਵਿੱਚ ਇੱਕ ਛਾਪ ਛੱਡਦਾ ਹੈ। ਇਸ ਭਾਸ਼ਾ ਦੀ ਮਹੱਤਤਾ ਗਲੋਬਲ ਲੈਂਡਸਕੇਪ ਵਿੱਚ ਵਧ ਰਹੀ ਹੈ ਖ਼ਾਸ ਤੌਰ ’ਤੇ ਵਪਾਰ ਅਤੇ ਸੈਰ-ਸਪਾਟੇ ਦੇ ਖੇਤਰਾਂ ਵਿੱਚ ਕਿਉਂਕਿ ਵਧੇਰੇ ਲੋਕ ਇਸ ਦੀ ਸੱਭਿਆਚਾਰਕ ਅਮੀਰੀ ਅਤੇ ਵੱਖ-ਵੱਖ ਖੇਤਰਾਂ ਵਿੱਚ ਯੋਗਦਾਨ ਨੂੰ ਪਛਾਣਦੇ ਹਨ। ਗੱਲ ਉਰਦੂ ਜ਼ੁਬਾਨ ਦੀ ਕਰੀਏ ਤਾਂ ਇਹ 23 ਕਰੋੜ ਤੋਂ ਵੱਧ ਲੋਕਾਂ ਦੁਆਰਾ ਬੋਲੀ ਜਾਂਦੀ ਹੈ।

ਇਸ ਦਾ ਪਾਕਿਸਤਾਨ ਅਤੇ ਭਾਰਤ, ਦੋਵਾਂ ਵਿੱਚ ਮਹੱਤਵਪੂਰਨ ਪ੍ਰਭਾਵ ਹੈ। ਹਿੰਦੀ ਨਾਲ ਭਾਸ਼ਾਈ ਜੜ੍ਹਾਂ ਸਾਂਝੀਆਂ ਕਰਦੇ ਹੋਏ ਇਹ ਭਾਰਤੀ ਉਪ ਮਹਾਦੀਪ ਦੇ ਸੱਭਿਆਚਾਰਕ ਤਾਣੇ-ਬਾਣੇ ਦਾ ਇੱਕ ਅਹਿਮ ਹਿੱਸਾ ਬਣਦੀ ਹੈ। ਆਪਣੀ ਅਮੀਰ ਕਵਿਤਾ ਅਤੇ ਡੂੰਘੀਆਂ ਸੱਭਿਆਚਾਰਕ ਰਵਾਇਤਾਂ ਲਈ ਮਸ਼ਹੂਰ ਉਰਦੂ ਦਾ ਸਾਹਿਤ ਅਤੇ ਕਲਾਤਮਕ ਪ੍ਰਗਟਾਵੇ ’ਤੇ ਡੂੰਘਾ ਪ੍ਰਭਾਵ ਹੈ। ਜ਼ਿਕਰਯੋਗ ਹੈ ਕਿ ਕੋਈ ਵੀ ਭਾਸ਼ਾ ਇੱਕ ਪੁਲ ਦੇ ਰੂਪ ਵਿੱਚ ਕੰਮ ਕਰਦੀ ਹੈ, ਭਾਈਚਾਰਿਆਂ ਨੂੰ ਜੋੜਦੀ ਹੈ ਅਤੇ ਇੱਕ ਸਾਂਝੀ ਵਿਰਾਸਤ ਨੂੰ ਆਪਣੇ ਸੁਚੱਜੇ ਅਤੇ ਭਾਵਪੂਰਨ ਸੁਭਾਅ ਦੁਆਰਾ ਉਤਸ਼ਾਹਿਤ ਕਰਦੀ ਹੈ।

# ਇੰਡੀਅਨ ਏਜੰਟਾਂ ਵੱਲੋਂ ਸੁਪਾਰੀ ਦੇ ਕੇ ਸਿੱਖਾਂ ਨੂੰ ਕਤਲ ਕਰਾਉਣ ਦੀ ਸਾਜ਼ਿਸ਼ ਦਾ ਮਾਮਲਾ

## ਸੀ.ਬੀ.ਸੀ. ਦੀ ਦਸਤਾਵੇਜ਼ੀ ਫ਼ਿਲਮ 'ਚ ਸਨਸਨੀਖ਼ੇਜ਼ ਪ੍ਰਗਟਾਵੇ



ਡਾ. ਗੁਰਵਿੰਦਰ ਸਿੰਘ
001-604-825-1550







ਕੈਨੇਡੀਅਨ ਬਰੌਡਕਾਸਟਿੰਗ ਕਾਰਪੋਰੇਸ਼ਨ ਨੇ ਪੱਤਰਕਾਰੀ ਦੇ ਖੇਤਰ ਵਿੱਚ ਵੱਡਾ ਮਾਅਰਕਾ ਮਾਰਿਆ ਹੈ। ਇੱਕ ਸਨਸਨੀਖੇਜ਼ ਦਸਤਾਵੇਜ਼ੀ ਫਿਲਮ ਰਾਹੀਂ ਸੀ.ਬੀ.ਸੀ. ਨੇ ਪੇਸ਼ ਕੀਤਾ ਹੈ ਕਿ ਕਿਸ ਤਰੀਕੇ ਨਾਲ ਕੈਨੇਡਾ ਦੀ ਧਰਤੀ 'ਤੇ ਭਾਰਤੀ ਏਜੰਟਾਂ ਦੁਆਰਾ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਸਾਜਿਸ਼ ਰਚੀ ਗਈ। ਇਸ ਦਾ ਖੁਲਾਸਾ ਅਮਰੀਕਾ ਦੇ ਸਿਖਜ਼ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਆਗੂ ਗੁਰਪਤਵੰਤ ਸਿੰਘ ਪੰਨੂ ਨੂੰ ਕਤਲ ਕਰਨ ਲਈ ਨਿਖਲ ਗੁਪਤਾ ਰਾਹੀਂ ਇੰਡੀਅਨ ਸਟੇਟ ਵੱਲੋਂ ਸਾਜਿਸ਼ ਅਧੀਨ ਸੁਪਾਰੀ ਦੇਣ ਦੀ ਘਟਨਾ ਸਾਹਮਣੇ ਆਉਣ ਤੋਂ ਬਾਅਦ ਸੱਚ ਪ੍ਰਗਟ ਹੋ ਗਿਆ। ਸੀ.ਬੀ.ਸੀ. ਨੇ ਆਪਣੀ ਦਸਤਾਵੇਜ਼ੀ ਫਿਲਮ ਵਿੱਚ ਦਰਸਾਇਆ ਹੈ ਕਿ ਕੈਨੇਡਾ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਡੈਲਟਾ ਦੇ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨਿੱਝਰ ਦਾ ਸਾਜਿਸ਼ੀ ਢੰਗ ਨਾਲ ਇੰਡੀਅਨ ਏਜੰਸੀਆਂ ਵੱਲੋਂ ਕਤਲ ਕੀਤੇ ਜਾਣ ਕਥਿਤ ਦੋਸ਼ਾਂ ਪਿੱਛੇ ਕਿੰਨੀ ਸ਼ੱਕੀ ਭੂਮਿਕਾ ਹੈ। ਇਸ ਤੋਂ ਇਲਾਵਾ ਇੰਡੀਅਨ ਮੀਡੀਏ ਅਤੇ ਏਜੰਸੀਆਂ ਵੱਲੋਂ ਕਿਸੇ ਹੋਰ ਦੀ ਵੀਡੀਓ ਦਿਖਾ ਕੇ, ਉਸ ਸ਼ਖਸ ਨੂੰ ਬੰਦੂਕਾਂ ਰਾਹੀਂ ਟ੍ਰੇਨਿੰਗ ਲੈਂਦੇ ਦਿਖਾਉਂਦੇ ਹਰਦੀਪ ਸਿੰਘ ਨਿੱਝਰ ਦੱਸਣਾ ਕਿੰਨਾ ਤੱਥਹੀਣ ਹੈ, ਇਹ ਸੱਚ ਸੀ.ਬੀ.ਸੀ. ਦੀ ਦਸਤਾਵੇਜ਼ੀ ਡਾਕੂਮੈਂਟਰੀ ਪੇਸ਼ ਕਰਦੀ ਹੈ।

ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ, ਕਰੀਬ ਇੱਕ ਸਾਲ ਪਹਿਲਾਂ (14-07-2022) ਕਰੋੜਪਤੀ ਸਿੱਖ ਆਗੂ ਭਾਈ ਰਿਪੁਦਮਨ ਸਿੰਘ ਮਲਿਕ ਦੇ ਕਤਲ ਦੇ ਮਾਮਲੇ ਵਿੱਚ ਸਨਸਨੀਖੇਜ਼ ਪ੍ਰਗਟਾਵੇ ਕਰਦਿਆਂ, ਸੀ.ਬੀ.ਸੀ. ਨੇ ਦਰਸਾਇਆ ਕਿ ਕਤਲ ਤੋਂ ਇੱਕ ਦਿਨ ਪਹਿਲਾਂ ਮਲਿਕ ਨੂੰ ਭਾਰਤੀ ਨੰਬਰਾਂ ਤੋਂ ਤਿੰਨ ਫੋਨ ਕਾਲਾਂ ਆਈਆਂ ਸਨ, ਜਿਨਾਂ ਵਿੱਚੋਂ ਇੱਕ ਸਾਬਕਾ ਭਾਰਤੀ ਕੌਂਸਲਰ (ਵੈਨਕੂਵਰ ਦੇ ਕੌਂਸਲਖਾਨੇ ਦਾ ਸਾਬਕਾ ਕੌਂਸਲ ਅਧਿਕਾਰੀ) ਦੀ ਸੀ। ਹੋਰ ਵੀ ਸਨਸਨੀਖੇਜ਼ ਗੱਲ ਹੈ ਕਿ ਕਤਲ ਵਾਲੇ ਦਿਨ ਦੀ ਭਾਈ ਮਲਿਕ ਦੀ ਡਾਇਰੀ ਵਿੱਚ ਲਿਖਿਆ ਹੋਇਆ ਹੈ ਕਿ 10 ਵਜੇ ਵੈਨਕੂਵਰ ਸਥਿਤ ਭਾਰਤੀ ਕੌਂਸਲ ਖਾਨੇ ਦੇ ਉਸੇ ਹੀ ਸਾਬਕਾ ਅਧਿਕਾਰੀ ਨਾਲ ਉਹਨਾਂ ਦੀ ਮੀਟਿੰਗ ਸੀ, ਜਦਕਿ ਸਾਢੇ ਨੌਂ ਵਜੇ ਸਰੀ ਵਿੱਚ ਆਪਣੇ ਕਾਰੋਬਾਰ ਦੇ ਥਾਂ 'ਤੇ ਮਲਿਕ ਦੀ ਹੱਤਿਆ ਕਰ ਦਿੱਤੀ ਗਈ। ਜ਼ਿਕਰਯੋਗ ਹੈ ਕਿ ਇੱਕ ਪਾਸੇ ਭਾਈ ਮਲਿਕ ਅਤੇ ਭਾਈ ਅਜੈਬ ਸਿੰਘ ਬਾਗੜੀ ਨੂੰ ਏਅਰ ਇੰਡੀਆ ਬੰਬ ਧਮਾਕੇ ਦੇ ਮਾਮਲੇ ਵਿੱਚ ਜੇਲ ਵਿੱਚ ਰੱਖਿਆ ਗਿਆ, ਜੋ ਕਿ ਬਾਅਦ ਵਿੱਚ ਬਰੀ ਹੋ ਗਏ ਸਨ, ਦੂਜੇ ਪਾਸੇ ਮਲਿਕ ਦੀ ਭਾਰਤ ਫੇਰੀ ਮੌਕੇ ਇੰਡੀਅਨ ਅਧਿਕਾਰੀਆਂ ਵੱਲੋਂ ਉਹਨਾਂ ਨਾਲ ਬਕਾਇਦਾ ਮੀਟਿੰਗਾਂ ਕੀਤੇ ਜਾਣ ਨਾਲ ਖਤਰਨਾਕ ਸਾਜਿਸ਼ ਸਾਹਮਣੇ ਆਈ ਆਉਂਦੀ ਹੈ। ਕੈਨੇਡਾ ਵਿੱਚ ਸਿੱਖਾਂ ਦੀਆਂ ਹੱਤਿਆਵਾਂ ਦੇ ਮਾਮਲੇ ਵਿੱਚ ਇਹ ਕਈ ਤਰ੍ਹਾਂ ਦੇ ਪਰਦੇ ਫਾਸ਼ ਕਰਦੀ ਹੈ। ਆਉਂਦੇ ਸਮੇਂ ਬਹੁਤ ਵੱਡੇ ਸਨਸਨੀਖੇਜ ਖੁਲਾਸੇ ਹੋਣ ਦੇ ਆਸਾਰ ਹਨ।

ਸੀ.ਬੀ.ਸੀ. ਨੂੰ ਬੇਬਾਕੀ, ਦ੍ਰਿੜਤਾ, ਤੱਥਾਂ ਅਧਾਰਿਤ ਅਤੇ ਦਲੇਰਾਨਾ ਢੰਗ ਨਾਲ, ਅਜਿਹੀ ਦਸਤਾਵੇਜ਼ੀ ਫਿਲਮ ਤਿਆਰ ਕਰਨ ਲਈ ਵਧਾਈ ਦੇਣੀ ਬਣਦੀ ਹੈ। ਭਾਰਤੀ ਗੋਦੀ ਮੀਡੀਆ ਨੂੰ ਝੂਠੀਆਂ ਖਬਰਾਂ ਲਾ ਕੇ, ਗਲਤ ਬਿਰਤਾਂਤ ਸਿਰਜਣ ਲਈ ਵੀ ਇਸ ਡਾਕੂਮੈਂਟਰੀ ਵਿੱਚ ਸ਼ਰਮਸ਼ਾਰ ਕੀਤਾ ਗਿਆ ਹੈ। ਸੀ.ਬੀ.ਸੀ. ਦੀ ਫਿਲਮ 'ਚੋ ਜਾਣਕਾਰੀ ਧੰਨਵਾਦ ਸਹਿਤ ਲਈ ਗਈ ਹੈ। ਸੀ.ਬੀ.ਸੀ. ਦੇ ਰਿਪੋਰਟਰਾਂ ਵੱਲੋਂ ਭਾਰਤੀ ਕੌਂਸਲ ਖਾਨੇ ਨਾਲ ਸੰਪਰਕ ਕਰਨ 'ਤੇ ਕੋਈ ਵੀ ਜਵਾਬ ਨਾ ਦੇਣਾ ਵੀ ਇੰਡੀਅਨ ਏਜੰਟਾਂ ਦੀ ਸ਼ੱਕੀ ਭੂਮਿਕਾ ਜ਼ਾਹਿਰ ਕਰਦਾ ਹੈ।

# ਪ੍ਰਵਾਸ ਤੇ ਰੁਜ਼ਗਾਰ ਸਬੰਧੀ ਪੰਜਾਬੀਆਂ ਤੇ ਬਿਹਾਰੀਆਂ ਦੀ ਪਹੁੰਚ ਵਿੱਚ ਹੈ ਵੱਡਾ ਫ਼ਰਕ



ਗੁਰਪ੍ਰੀਤ ਸਿੰਘ ਤੂਰ
ਆਈ.ਪੀ.ਐਸ.



ਬਿਹਾਰ ਦੇ ਰਹਿਣ ਵਾਲਿਆਂ ਦੀ, ਭਾਰਤੀ ਉੱਚ ਸੇਵਾਵਾਂ ਅਤੇ ਕੇਂਦਰ ਦੀਆਂ ਗ੍ਰੇਡ ਬੀ ਅਤੇ ਸੀ ਗਰੇਡਨੌਕਰੀਆਂ ਵਿੱਚ ਬਹੁਤਾਤ ਕਿਉਂ ਹੈ? ਫਰਵਰੀ ਮਹੀਨੇ ਮੈਨੂੰ ਚਾਰ-ਪੰਜ ਦਿਨਾਂ ਲਈ ਪਟਨਾ ਸਾਹਿਬ ਜਾਣ ਦਾ ਮੌਕਾ ਮਿਲਿਆ, ਇਸ ਸਮੇਂ ਦੌਰਾਨ ਮੈਂ ਉਹ ਕਾਰਨ ਲੱਭਣ ਦੇ ਯਤਨ ਕੀਤੇ।

ਜਿਸ ਕਮਰੇ ਵਿੱਚ ਮੈਂ ਰਿਹਾ, ਸਮਾਨ ਰੱਖਦਿਆਂ ਹੀ ਆਦਤ ਅਨੁਸਾਰ ਪਰਦੇ ਪਾਸੇ ਕੀਤੇ ਤੇ ਬਾਹਰ ਮੈਨੂੰ ਜੇ.ਈ.ਈ ਅਤੇ 'ਨੀਟ' ਦੇ ਦੋ ਵੱਡੇ ਆਕਾਰ ਦੇ ਇਸ਼ਤਿਹਾਰੀ ਬੋਰਡ ਵਿਖਾਈ ਦਿੱਤੇ। ਸ਼ਹਿਰ ਵਿੱਚ ਅਜਿਹੇ ਬੋਰਡਾਂ ਦੀ ਭਰਮਾਰ ਵੇਖੀ ਗਈ। ਖਾਸ ਤੌਰ 'ਤੇ ਸ਼ਹਿਰ ਦੀ ਫਰੇਜ਼ਰ ਅਤੇ ਬੋਰਿੰਗ ਕਨਾਲ ਰੋਡ 'ਤੇ ਅਜਿਹੀਆਂ ਕੋਚਿੰਗ ਸੰਸਥਾਵਾਂ ਦੇ ਕਈ ਸੈਂਟਰ ਹਨ। ਲੁਧਿਆਣਾ ਸ਼ਹਿਰ ਵਿੱਚ ਜਿਵੇਂ ਭੀੜੀਆਂ ਬੀਹੀਆਂ ਅਤੇ ਛੋਟੇ-ਛੋਟੇ ਘਰਾਂ ਵਿੱਚ ਹੌਜ਼ਰੀ ਦਾ ਕੰਮ ਚਲਦਾ ਹੈ ਇਵੇਂ ਹੀ ਪਟਨਾ ਸ਼ਹਿਰ ਵਿੱਚ ਅਜਿਹੀਆਂ ਛੋਟੀਆਂ-ਛੋਟੀਆਂ ਥਾਵਾਂ 'ਤੇ ਵਿਦਿਆਰਥੀਆਂ ਨੂੰ ਮੁਕਾਬਲੇ ਦੇ ਇਮਤਿਹਾਨਾਂ 'ਚੋਂ ਸਫ਼ਲਤਾ ਦੇ ਪਹਾੜੇ ਪੜ੍ਹਾਏ ਜਾਂਦੇ ਹਨ। ਜਿਸ ਗੱਲ ਨੇ ਮੈਨੂੰ ਅਚੰਭਿਤ ਕੀਤਾ ਉਹ ਸੀ ਪਟਨਾ ਏਅਰਪੋਰਟ ਦਾ ਡਿਪਾਰਚਰ ਖੇਤਰ, ਅਜਿਹੀਆਂ ਥਾਵਾਂ ਮਹਿੰਗੀਆਂ ਖਪਤਕਾਰੀ ਵਸਤਾਂ ਦੀ ਇਸ਼ਤਿਹਾਰਬਾਜ਼ੀ ਲਈ ਜਾਣੀਆਂ ਜਾਂਦੀਆਂ ਹਨ ਪਰ ਪਟਨਾ ਏਅਰਪੋਰਟ ਦੇ ਡਿਪਾਰਚਰ ਲੌਂਜ ਵਿੱਚ ਮੁਕਾਬਲੇ ਦੇ ਇਮਤਿਹਾਨਾਂ ਦੀ ਇਸ਼ਤਿਹਾਰਬਾਜ਼ੀ ਦੀ ਝਲਕ ਵਿਖਾਈ ਦਿੱਤੀ। ਰੌਸ਼ਨੀ ਵਿੱਚ ਚਮਕਦੇ ਇਨ੍ਹਾਂ ਬੋਰਡਾਂ 'ਤੇ ਸੱਤ-ਅੱਠ ਨੌਜਵਾਨਾਂ ਦੀਆਂ ਤਸਵੀਰਾਂ ਸਨ, ਜਿਨ੍ਹਾਂ ਨੇ 'ਨੀਟ' ਇਮਤਿਹਾਨ ਵਿੱਚ ਪਹਿਲੇ ਸਥਾਨ ਹਾਸਲ ਕੀਤੇ ਸਨ।

ਗੰਗਾ ਦਰਿਆ ਪਟਨਾ ਸ਼ਹਿਰ ਨੂੰ ਛੂਹ ਕੇ ਲੰਘਦਾ ਹੈ। ਪਟਨਾ ਤੋਂ ਨਾਲੰਦਾ ਜਾਂਦਿਆਂ ਸ਼ਹਿਰ ਬਾਹਰ ਨਿਕਲਦਿਆਂ ਹੀ ਕੰਗਣ ਘਾਟ ਵਾਲਾ ਖੇਤਰ, ਗੰਗਾ ਦਰਿਆ ਦੇ ਚੌੜੇ ਰੇਤਲੇ ਕਿਨਾਰੇ, ਕੱਕੀ ਰੇਤ ਦੀ ਚਮਕ ਜਿਵੇਂ ਚੜ੍ਹਦੇ ਸੂਰਜ ਦੀਆਂ ਕਿਰਨਾਂ ਨੂੰ ਚਾਂਦਨੀ ਭਮਕ ਵਿੱਚ ਰੰਗ ਰਹੀ ਹੋਵੇ। ਦੂਰ ਤੱਕ ਨਜ਼ਰ ਮਾਰਦਿਆਂ ਇਸ ਘਾਟ 'ਤੇ ਲੋਕੀ ਕੰਮ-ਧੰਦੇ ਲੱਗੇ ਨਜ਼ਰ ਆਏ। ਚੱਪੂ ਮਾਰਨ ਵਾਲੀਆਂ ਦੋ ਛੋਟੀਆਂ ਕਿਸ਼ਤੀਆਂ ਦੂਰੋਂ ਵਿਖਾਈ ਦਿੱਤੀਆਂ। ਸੜਕ ਦੇ ਨਾਲ-ਨਾਲ ਤਿੰਨ ਘੰਟਿਆਂ ਦੇ ਸਫ਼ਰ ਦੌਰਾਨ ਸਬਜ਼ੀਆਂ ਤੇ ਫਲਾਂ ਦੀ ਕਾਸ਼ਤ ਤੇ ਖਰੀਦ-ਵੇਚ ਦੀ ਚਹਿਲ-ਪਹਿਲ ਸੀ। ਖੇਤਾਂ ਵਿੱਚ ਗੋਡੀ ਕਰਦੇ ਕਿਸਾਨ, ਬੋਰੀਆਂ 'ਤੇ ਸਬਜ਼ੀਆਂ ਦੀਆਂ ਛੋਟੀਆਂ-ਛੋਟੀਆਂ ਢੇਰੀਆਂ ਰੱਖੀ ਬੈਠੇ ਉਨ੍ਹਾਂ ਦੇ ਬੱਚੇ, ਇਹ ਦ੍ਰਿਸ਼ ਕਿਰਤ ਦੀ ਸੁੰਦਰ ਰੰਗੋਲੀ ਵਾਂਗ ਵਿਖਾਈ ਦਿੱਤੇ। ਬੋਰੀਆਂ 'ਤੇ ਪੁਦੀਨੇ ਤੇ ਧਨੀਏ ਦੀਆਂ ਤਾਜ਼ਗੀ ਭਰੀਆਂ ਗੁੱਟੀਆਂ ਪਈਆਂ ਸਨ। ਛੋਟੇ-ਛੋਟੇ ਕੇਲਿਆਂ ਦੇ ਪੀਲੇ ਅਤੇ ਹਰੇ ਰੰਗ ਦੇ ਗੁੱਛੇ ਜੀਭ ਤੇ ਅੱਖਾਂ ਲਈ ਖਿੱਚ ਦੇ ਕੇਂਦਰ ਸਨ। ਛੋਟੀਆਂ-ਛੋਟੀਆਂ ਮੱਛੀਆਂ ਵੀ ਵੇਚਣ ਲਈ ਸਬਜ਼ੀਆਂ ਵਾਂਗ ਰੱਖੀਆਂ ਹੋਈਆਂ ਸਨ। ਛੋਟੇ-ਛੋਟੇ ਅਕਾਰ ਵਿੱਚ ਆਰਥਿਕਤਾ ਦਾ ਸਫ਼ਰ ਨਿਰੰਤਰ ਜਾਰੀ ਸੀ।

ਨਾਲੰਦਾ ਯੂਨੀਵਰਸਿਟੀ ਨੂੰ ਬਾਰ੍ਹਵੀਂ ਸਦੀ ਵਿੱਚ ਬਖਤਿਆਰ ਖਿਲਜੀ ਨੇ ਢਹਿ-ਢੇਰੀ ਕਰਕੇ ਅੱਗ ਲਾ ਦਿੱਤੀ ਸੀ। ਏਸ਼ੀਆ ਦਾ ਸਭ ਤੋਂ ਵੱਡਾ ਵਿੱਦਿਅਕ ਅਦਾਰਾ ਇੱਕ ਵੱਡਾ ਥੇਹ ਬਣ ਗਿਆ ਸੀ। ਕਿਹਾ ਜਾਂਦਾ ਹੈ ਕਿ ਇਸ ਵਿਦਿਅਕ ਅਦਾਰੇ ਦੀ ਲਾਇਬ੍ਰੇਰੀ ਛੇ ਮਹੀਨੇ ਅੱਗ ਦੀਆਂ ਲਾਟਾਂ ਵਿੱਚ ਮਚਦੀ ਰਹੀ ਸੀ। ਬ੍ਰਿਟਿਸ਼ ਹਕੂਮਤ ਨੇ 1917 ਤੋਂ 1935 ਤੱਕ ਇਸ ਥੇਹ ਦੀ ਖੁਦਾਈ ਕਰਵਾ ਕੇ ਇਸ ਵਿੱਦਿਅਕ ਕੇਂਦਰ ਦੇ ਨੈਣ ਨਕਸ਼ਾਂ ਨੂੰ ਉਘਾੜਿਆ। ਲਾਇਬ੍ਰੇਰੀ, ਪੜ੍ਹਨ ਵਾਲੇ ਕਮਰੇ, ਉਸਤਾਦਾਂ ਤੇ ਵਿਦਿਆਰਥੀਆਂ ਦੀ ਰਿਹਾਇਸ਼, ਅਨਾਜ ਨਾਲ ਭਰੇ ਸਟੋਰ, ਖੁਰਚ-ਖੁਰਚ ਕੇ ਉਨ੍ਹਾਂ ਵਿਦਿਆ ਦਾਨ ਦੀਆਂ ਇਤਿਹਾਸਕ ਪੈੜਾਂ ਨੂੰ ਨੰਗਾ ਕਰ ਲਿਆ। ਬਿਹਾਰ ਟੂਰਿਜ਼ਮ ਨੇ ਇਸ ਖੇਤਰ ਨੂੰ ਵਿਸ਼ੇਸ਼ ਖਿੱਚ ਦਾ ਕੇਂਦਰ ਬਣਾਇਆ ਹੋਇਆ ਹੈ। ਚਾਲੀ ਰੁਪਏ ਟਿਕਟ ਅਤੇ ਚਾਰ ਸੌ ਰੁਪਏ ਗਾਈਡ ਨੇ ਲਏ। ਨਾਲੰਦਾ ਯੂਨੀਵਰਸਿਟੀ ਦੇ ਖੰਡਰ ਅਤੇ ਬੋਧ ਗਯਾ ਯੂਨੈਸਕੋ ਵੱਲੋਂ ਬਿਹਾਰ ਪ੍ਰਾਂਤ ਦੀਆਂ ਪ੍ਰਮਾਣਕ ਥਾਵਾਂ ਹਨ। ਇਸ ਖੇਤਰ ਨੂੰ ਵੇਖਦਿਆਂ ਮੈਨੂੰ ਜਪਾਨ ਦੇ ਸੀਨੀਅਰ ਨਾਗਰਿਕਾਂ ਤੇ ਥਾਈਲੈਂਡ ਦੇ ਗੰਭਰੂਟ ਬੋਧੀਆਂ ਦੇ ਵੱਡੇ ਗਰੁੱਪ ਵਿਖਾਈ ਦਿੱਤੇ। ਉੱਧਰ ਬਿਹਾਰ ਦੇ ਸਕੂਲੀ ਵਿਦਿਆਰਥੀਆਂ ਦੇ ਦਸ-ਬਾਰ੍ਹਾਂ ਗਰੁੱਪ ਵੀ ਇਹ ਖੰਡਰ ਵੇਖਣ ਆਏ ਹੋਏ ਸਨ। ਕਤਾਰਾਂ ਵਿੱਚ ਘੁੰਮਦੇ ਵਿਦਿਆਰਥੀ ਵਿਦੇਸ਼ੀ ਸੈਲਾਨੀਆਂ ਨੂੰ ਗਹੁ ਨਾਲ ਤੱਕਦੇ ਸਨ। ਗਾਈਡ ਵਿਦਿਆਰਥੀਆਂ ਨੂੰ ਇਨ੍ਹਾਂ ਥਾਵਾਂ ਦੀ ਇਤਿਹਾਸਕ ਮਹੱਤਤਾ ਦੱਸਣ ਵਿੱਚ ਮਗਨ ਸਨ। ਉੱਥੇ ਖੰਡਰਾਂ ਦੇ ਵੀ ਮੁੱਲ ਵੇਖੇ ਗਏ ਹਨ ਜਦੋਂ ਕਿ ਪੰਜਾਬ ਦਾ ਚੱਪਾ-ਚੱਪਾ ਘੱਲੂ-ਘਾਰਿਆਂ, ਸ਼ਹੀਦੀ ਜੋੜ-ਮੇਲ ਸਥਾਨਾਂ ਤੇ ਹੋਰ ਇਤਿਹਾਸਕ ਮਹੱਤਤਾ ਵਾਲੀਆਂ ਥਾਵਾਂ ਨਾਲ ਭਰਿਆ ਪਿਆ ਹੈ। ਪੰਜਾਬੀਆਂ ਨੂੰ ਸ਼ਿੱਦਤ ਨਾਲ ਆਪਣੇ ਇਤਿਹਾਸ ਨੂੰ ਪਛਾਨਣਾ ਚਾਹੀਦਾ ਹੈ।

ਬਿਹਾਰ ਪ੍ਰਾਂਤ ਵਿੱਚ ਸਰਕਾਰੀ ਆਦੇਸ਼ ਅਨੁਸਾਰ ਹੋਟਲਾਂ, ਰੈਸਟੋਰੈਂਟਾਂ ਤੇ ਪਬਲਿਕ ਖੇਤਰ ਵਿੱਚ ਸ਼ਰਾਬ ਦੇ ਸੇਵਨ 'ਤੇ ਪਾਬੰਦੀ ਹੈ। ਹੋਟਲ ਦੀ ਹਰ ਮੰਜ਼ਿਲ 'ਤੇ ਸਰਕਾਰ ਦੇ ਇਹ ਆਦੇਸ਼ ਮੋਟੇ ਅੱਖਰਾਂ ਵਿੱਚ ਛਾਪੇ ਗਏ ਹਨ। ਬਿਹਾਰ ਤੋਂ ਬਾਅਦ ਗੁਜਰਾਤ ਅਜਿਹੀ ਮਨਾਹੀ ਵਾਲਾ ਦੂਜਾ ਸੂਬਾ ਹੈ। ਜਦੋਂ ਕਿ ਪੰਜਾਬ ਇਸ ਸਥਿਤੀ ਦੇ ਦੂਸਰੇ ਕਿਨਾਰੇ ਲਈ ਜਾਣਿਆ ਜਾਂਦਾ ਹੈ, ਜਿੱਥੇ ਹੋਟਲਾਂ ਨੂੰ ਛੱਡ ਕੇ ਮੋਟਰਾਂ ਕਾਰਾਂ ਨੂੰ ਵੀ ਸ਼ਰਾਬ ਪੀਣ ਲਈ ਵਰਤਿਆ ਜਾਂਦਾ ਹੈ। ਇਸ ਦੇ ਸਮਾਜਿਕ ਨਤੀਜੇ ਪ੍ਰਤੱਖ ਵਿਖਾਈ ਦਿੰਦੇ ਹਨ।

### ਪੰਜਾਬ ਤੇ ਪੂਰਬੀ ਪ੍ਰਵਾਸੀ

ਪੂਰਬੀ ਪਰਵਾਸੀਆਂ ਦੀ ਮਿਹਨਤ ਤੇ ਲਗਨ ਪੰਜਾਬ ਵਿੱਚ ਉਨ੍ਹਾਂ ਦੀ ਸਫ਼ਲਤਾ ਦਾ ਮੂਲ ਰਾਜ਼ ਹੈ। ਹਰੀ ਕ੍ਰਾਂਤੀ ਸਮੇਂ ਖੇਤੀ ਕਾਮਿਆਂ ਦੀ ਲੋੜ ਤੋਂ ਇਹ ਆਮਦ ਸ਼ੁਰੂ ਹੋਈ ਤੇ ਹੌਲੀ-ਹੌਲੀ ਉਨ੍ਹਾਂ ਇਥੇ ਪੱਕੇ ਵਸੇਬੇ ਬਣਾ ਲਏ ਹਨ। ਪੰਜਾਬੀਆਂ ਵਿੱਚ ਕੰਮ ਪ੍ਰਤੀ ਘਟ ਰਹੀ ਦਿਲਚਸਪੀ ਅਤੇ ਵਿਦੇਸ਼ਾਂ ਲਈ ਪਰਵਾਸ ਨੇ ਪੂਰਬੀ ਕਾਮਿਆਂ ਨੂੰ ਸਫ਼ਲਤਾ ਦਾ ਖੁੱਲ੍ਹਾ ਮੈਦਾਨ ਪ੍ਰਦਾਨ ਕੀਤਾ। ਅਰਾਮਪ੍ਰਸਤ ਪੰਜਾਬੀਆਂ ਨੇ ਪਰਵਾਸੀਆਂ ਦੇ ਪਰਿਵਾਰਾਂ ਨੂੰ ਰਹਿਣ ਲਈ ਘਰ ਵਿੱਚ ਛੱਤ ਦਿੱਤੀ ਤੇ ਇਸ ਦੇ ਬਦਲੇ ਘਰ ਦੀ ਸਾਫ਼-ਸਫਾਈ ਅਤੇ ਰੋਟੀ ਟੁੱਕ ਦਾ ਕੰਮ ਕਰਵਾਉਣਾ ਸ਼ੁਰੂ ਕੀਤਾ। ਇਸੇ ਪਲੇਟਫਾਰਮ ਤੋਂ ਹੌਲੀ-ਹੌਲੀ ਉਨ੍ਹਾਂ ਦੇ ਪਰਿਵਾਰ ਹਰ ਘਰੇਲੂ ਕੰਮ ਵਿੱਚ ਸ਼ਾਮਲ ਹੋ ਗਏ। ਉਸਾਰੀ ਦੇ ਖੇਤਰ ਵਿੱਚ ਹੁਨਰਮੰਦੀ ਨੇ ਇਨ੍ਹਾਂ ਅੱਗੇ ਰੁਜ਼ਗਾਰ ਦੇ ਕਈ ਦਰਵਾਜ਼ੇ ਖੋਲ੍ਹ ਦਿੱਤੇ। ਇਮਾਰਤਸਾਜ਼ੀ, ਫਰਸ਼, ਲੱਕੜੀ, ਸੈਨਿਟਰੀ, ਫਰਨੀਚਰ, ਬੋਰਿੰਗ, ਰੰਗ-ਰੋਗਨ, ਪਲੰਬਰ ਅਜਿਹਾ ਕੋਈ ਵੀ ਕੰਮ ਨਹੀਂ ਜਿਹੜਾ ਇਨ੍ਹਾਂ ਪਰਵਾਸੀਆਂ ਦੀ ਪਹੁੰਚ ਤੇ ਹੁਨਰ ਤੋਂ ਬਾਹਰ ਹੋਵੇ। ਇਸ ਖੇਤਰ ਵਿੱਚ ਮੁਹਾਰਤ ਨੇ ਉਨ੍ਹਾਂ ਲਈ ਆਪਣੇ ਪਲਾਟ ਖਰੀਦਣ ਤੇ ਘਰ ਬਣਾਉਣ ਦਾ ਰਾਹ ਪੱਧਰਾ ਕੀਤਾ। ਉਨ੍ਹਾਂ ਨੇ ਕਮਾਈ ਦਾ ਸੰਯੁਕਤ ਫਾਰਮੂਲਾ ਅਪਣਾਇਆ। ਜਦੋਂ ਸਬਜ਼ੀ ਦੀ ਰੇਹੜੀ ਦਾ ਕੰਮ ਚੱਲ ਪਿਆ ਤਾਂ ਉਹ ਕੰਮ ਪਤਨੀ ਨੂੰ ਸੰਭਾਲ ਕੇ ਪਰਿਵਾਰ ਮੁਖੀ ਨੇ ਹੋਰ ਕੰਮ ਸ਼ੁਰੂ ਕਰ ਲਿਆ। ਇੱਕ ਰੇਹੜੀ ਨਾਲ ਦੂਸਰੀ ਰੇਹੜੀ ਖੜ੍ਹੀ ਕਰ ਲਈ, ਉਸ ਲਈ ਪਰਿਵਾਰਕ ਮੈਂਬਰ ਵੀ ਲੱਭ ਲਿਆ। ਉਨ੍ਹਾਂ ਰੇਹੜੀਆਂ ਤੇ ਖੋਖਿਆਂ ਤੋਂ ਦੁਕਾਨਾਂ ਤੱਕ ਪਹੁੰਚਣ ਲਈ ਬਹੁਤਾ ਸਮਾਂ ਨਹੀਂ ਲਾਇਆ, ਇਹ ਸਫ਼ਰ ਨਿਰੰਤਰ ਜਾਰੀ ਹੈ।

ਪੂਰਬੀ ਪਰਵਾਸੀ ਰੁਜ਼ਗਾਰ ਦੀ ਭਾਲ ਵਿੱਚ ਆਉਂਦੇ ਹਨ ਜਦੋਂ ਕਿ ਪੰਜਾਬੀ ਰੁਜ਼ਗਾਰ ਦੇ ਨਾਲ-ਨਾਲ ਵੇਖਾ-ਵੇਖੀ, ਰੀਸੋ-ਰੀਸੀ ਤੇ ਸ਼ਰੀਕੇਬਾਜ਼ੀ ਕਰਕੇ ਵੀ ਪਰਵਾਸ ਕਰ ਰਹੇ ਹਨ। ਉਨ੍ਹਾਂ ਆਪਣੀਆਂ ਜਾਇਦਾਦਾਂ ਨਹੀਂ ਵੇਚੀਆਂ ਜਦੋਂ ਕਿ ਪੰਜਾਬੀ ਆਇਲੈਟਸ ਤੇ ਪੜ੍ਹਾਈ ਲਈ ਆਪਣੀਆਂ ਜ਼ਮੀਨਾਂ ਜਾਇਦਾਦਾਂ ਵੇਚ ਕੇ ਪਰਵਾਸ ਕਰਦੇ ਹਨ। ਇਵੇਂ ਸੁਚਾਰੂ ਮਾਨਵੀ ਸਰੋਤਾਂ ਦੇ ਨਾਲ-ਨਾਲ ਪ੍ਰਾਂਤ ਵਿਚੋਂ ਵੱਡੀ ਪੱਧਰ 'ਤੇ ਜਾਇਦਾਦ ਦਾ ਵਿਦੇਸ਼ਾਂ ਵੱਲ ਵਹਾਓ ਵੀ ਜਾਰੀ ਹੈ। ਉਨ੍ਹਾਂ ਰਾਸ਼ਟਰੀ ਖੇਤਰ ਦੇ ਅੰਦਰ ਹੀ ਪਰਵਾਸ ਕਰਕੇ ਆਪਣੇ ਵਿਰਸੇ ਤੇ ਸੱਭਿਆਚਾਰ ਨੂੰ ਸੰਭਾਲ ਕੇ ਰੱਖਿਆ ਹੈ ਜਦੋਂ ਕਿ ਵਿਦੇਸ਼ਾਂ ਵਿੱਚ ਪੰਜਾਬੀਆਂ ਦੇ ਵਿਰਸੇ ਤੇ ਸੱਭਿਆਚਾਰ ਦੇ ਰੰਗ ਫਿੱਕੇ ਪੈਣ ਲੱਗੇ ਹਨ। ਪਹਿਲਾਂ-ਪਹਿਲਾਂ ਪੰਜਾਬੀਆਂ ਨੇ ਪਰਿਵਾਰਕ ਪਰਵਾਸ ਦੇ ਨਾਲ-ਨਾਲ ਉਚੇਰੀ ਸਿੱਖਿਆ ਲਈ ਵੀ ਪਰਵਾਸ ਕੀਤਾ। ਵਿਦਿਆਰਥੀਆਂ ਨੇ ਮੁਕਾਬਲੇ ਦੇ ਇਮਤਿਹਾਨਾਂ ਵਿਚੋਂ ਸਕਾਲਰਸ਼ਿਪ ਹਾਸਲ ਕਰਕੇ ਨਾਮੀ ਵਿੱਦਿਅਕ ਅਦਾਰਿਆਂ ਵਿਚੋਂ ਉੱਚ ਡਿਗਰੀਆਂ ਹਾਸਲ ਕੀਤੀਆਂ।

(ਬਾਕੀ ਸਫ਼ਾ 31 'ਤੇ)



# ਕਾੜ੍ਹਨੀ ਦੇ ਦੁੱਧ ਵਰਗੇ ਰਿਸ਼ਤੇ

## ਸਾਂਝੇ ਪਰਿਵਾਰਾਂ ਦੀ ਥਾਂ ਵਧਿਆ ਇਕਹਿਰੇ ਪਰਿਵਾਰਾਂ ਦਾ ਰੁਝਾਨ

## ਬੱਚਿਆਂ ਨੂੰ ਵੀ ਰਿਸ਼ਤਿਆਂ ਦੀ ਅਹਿਮੀਅਤ ਸਿਖਾਉਣ ਪੰਜਾਬੀ






*ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਰਿਸ਼ਤਿਆਂ ਸਬੰਧੀ ਸਹੀ ਜਾਣਕਾਰੀ ਦੇਣ ਅਤੇ ਆਪਣੇ ਬੱਚਿਆਂ ਨੂੰ ਹਰ ਰਿਸ਼ਤੇ ਦੀ ਕਦਰ ਕਰਨਾ ਸਿਖਾਉਣ। ਅਸਲ ਵਿੱਚ ਆਪਸੀ ਰਿਸ਼ਤੇ ਕਾੜ੍ਹਨੀ ਦੇ ਦੁੱਧ ਵਰਗੇ ਪਵਿੱਤਰ ਅਤੇ ਗੁਣਾਂ ਨਾਲ ਭਰਪੂਰ ਹੁੰਦੇ ਹਨ। ਇਸ ਲਈ ਇਹਨਾਂ ਰਿਸ਼ਤਿਆਂ ਨਾਲ ਮੋਹ ਦੀਆਂ ਤੰਦਾਂ ਹੋਰ ਮਜ਼ਬੂਤ ਕਰਨੀਆਂ ਚਾਹੀਦੀਆਂ ਹਨ।*

ਅੱਜ ਦੇ ਆਧੁਨਿਕ ਅਤੇ ਖਪਤਕਾਰੀ ਯੁੱਗ ਵਿੱਚ ਸਾਂਝੇ ਪਰਿਵਾਰਾਂ ਦੀ ਥਾਂ ਇਕਹਿਰੇ ਪਰਿਵਾਰਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ। ਅਸਲੀਅਤ ਤਾਂ ਇਹ ਹੈ ਕਿ ਵੱਡੀ ਗਿਣਤੀ ਪੰਜਾਬੀਆਂ ਦੇ ਅੱਲੜ ਤੇ ਨੌਜਵਾਨ ਬੱਚੇ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿੱਚ ਪੜ੍ਹਾਈ ਜਾਂ ਰੁਜ਼ਗਾਰ ਲਈ ਚਲੇ ਗਏ ਹਨ ਅਤੇ ਪੰਜਾਬ ਵਿੱਚ ਸਿਰਫ਼ ਬੁੱਢੜੇ ਮਾਪੇ ਰਹਿ ਗਏ ਹਨ। ਪੰਜਾਬ 'ਚੋਂ ਪਰਵਾਸ ਸਿਰਫ਼ ਵਿਦੇਸ਼ਾਂ ਨੂੰ ਹੀ ਨਹੀਂ ਹੋ ਰਿਹਾ ਸਗੋਂ ਪਿੰਡਾਂ ਤੋਂ ਵੀ ਸ਼ਹਿਰਾਂ ਵੱਲ ਪਰਵਾਸ ਹੋ ਰਿਹਾ ਹੈ। ਹਾਲ ਤਾਂ ਇਹ ਹੋ ਗਿਆ ਹੈ ਕਿ ਪਿੰਡਾਂ ਵਿੱਚ ਜਿਹੜੇ ਲੋਕ ਗੱਡੀਆਂ ਦੇ ਮਾਲਕ ਹੁੰਦੇ ਹਨ, ਉਹ ਲੋਕ ਸ਼ਹਿਰਾਂ ਵਿੱਚ ਆ ਕੇ ਬੱਸ ਦੀ ਇੱਕ ਸਵਾਰੀ ਬਣ ਜਾਂਦੇ ਹਨ। ਇਸ ਦੇ ਬਾਵਜੂਦ ਪਿੰਡਾਂ ਤੋਂ ਸ਼ਹਿਰਾਂ ਵੱਲ ਵੱਧ ਰਿਹਾ ਪਰਵਾਸ ਜਾਰੀ ਹੈ।

ਸਾਂਝੇ ਪਰਿਵਾਰਾਂ ਦਾ ਵੱਡਾ ਗੁਣ ਹੈ ਕਿ ਹਰ ਬੱਚਾ ਆਪਣੇ ਪਰਿਵਾਰ ਵਿੱਚ ਰਹਿ ਕੇ ਹੀ ਰਿਸ਼ਤਿਆਂ ਦੀ ਅਹਿਮੀਅਤ ਸਮਝਦਾ ਹੈ। ਸਾਂਝੇ ਪਰਿਵਾਰ ਵਿੱਚ ਬੱਚੇ ਦੇ ਮਾਪਿਆਂ ਦੇ ਨਾਲ ਤਾਏ, ਚਾਚੇ, ਦਾਦਾ ਦਾਦੀ, ਭੂਆ, ਚਾਚੀਆਂ ਤਾਈਆਂ ਵੀ ਉਸਦਾ ਧਿਆਨ ਰੱਖਦੇ ਹਨ। ਜਦੋਂ ਬੱਚਾ ਨਾਨਕੇ ਜਾਂਦਾ ਹੈ ਤਾਂ ਨਾਨਕਾ ਪਰਿਵਾਰ ਵਿੱਚ ਨਾਨਾ-ਨਾਨੀ, ਮਾਮੇ ਮਾਮੀਆਂ, ਮਾਸੀਆਂ ਆਦਿ ਵੀ ਬੱਚੇ ਨੂੰ ਬਹੁਤ ਪਿਆਰ ਕਰਦੇ ਹਨ। ਇਹ ਰਿਸ਼ਤੇ ਅਸਲ ਵਿੱਚ ਕਾੜ੍ਹਨੀ ਦੇ ਦੁੱਧ ਵਰਗੇ ਪਵਿੱਤਰ ਅਤੇ ਗੁਣਾਂ ਨਾਲ ਭਰਪੂਰ ਹੁੰਦੇ ਹਨ। ਮੋਹ ਦੀ ਤੰਦ ਇਹਨਾਂ ਰਿਸ਼ਤੇਦਾਰਾਂ ਨੂੰ ਆਪਸ ਵਿੱਚ ਜੋੜੀ ਰੱਖਦੀ ਹੈ। ਸਾਂਝੇ ਪਰਿਵਾਰ ਵਿੱਚ ਬੱਚਾ ਜਲਦੀ ਹਰ ਵਸਤੂ ਸਮਝਣ ਲੱਗ ਜਾਂਦਾ ਹੈ, ਉਸ ਨੂੰ ਦੁਨੀਆਂਦਾਰੀ ਦੀ ਸਮਝ ਬਹੁਤ ਛੇਤੀ ਆ ਜਾਂਦੀ ਹੈ।

ਦੂਜੇ ਪਾਸੇ ਇਕਹਿਰੇ ਪਰਿਵਾਰਾਂ ਦੇ ਬੱਚੇ ਕਾੜ੍ਹਨੀ ਦੇ ਦੁੱਧ ਵਰਗੇ ਰਿਸ਼ਤਿਆਂ ਤੋਂ ਅਕਸਰ ਕੋਰੇ ਰਹਿ ਜਾਂਦੇ ਹਨ। ਅੱਜ ਕੱਲ੍ਹ ਤਾਂ ਪੰਜਾਬ ਦੇ ਵਸਨੀਕਾਂ ਦੇ ਵਧੇਰੇ ਬੱਚੇ ਵਿਦੇਸ਼ ਚਲੇ ਗਏ ਹਨ ਅਤੇ ਪਰਦੇਸਾਂ ਵਿੱਚ ਉਹਨਾਂ ਨੂੰ ਰਿਸ਼ਤਿਆਂ ਦੀ ਅਹਿਮੀਅਤ ਉਂਝ ਵੀ ਭੁਲਦੀ ਜਾਂਦੀ ਹੈ ਅਤੇ ਵਿਦੇਸ਼ੀ ਸੱਭਿਆਚਾਰ ਨੂੰ ਅਪਨਾਉਣ ਨੂੰ ਤਰਜੀਹ ਦੇਣ ਲੱਗਦੇ ਹਨ। ਭਾਵੇਂ ਕਿ ਵੱਡੀ ਗਿਣਤੀ ਪਰਵਾਸੀ ਪੰਜਾਬੀਆਂ ਨੇ ਆਪਣੇ ਬੱਚਿਆਂ ਨੂੰ ਕਾੜ੍ਹਨੀ ਦੇ ਦੁੱਧ ਵਰਗੇ ਰਿਸ਼ਤਿਆਂ ਦੀ ਅਹਿਮੀਅਤ ਅਤੇ ਮਹਾਨਤਾ ਬਾਰੇ ਜਾਣਕਾਰੀ ਦਿੱਤੀ ਹੁੰਦੀ ਹੈ ਪਰ ਵਿਦੇਸ਼ ਗਏ ਵੱਡੀ ਗਿਣਤੀ ਬੱਚੇ ਰਿਸ਼ਤਿਆਂ ਨੂੰ ਘੱਟ ਅਹਿਮੀਅਤ ਦਿੰਦੇ ਹਨ।

ਹਰ ਰਿਸ਼ਤੇ ਦੀ ਆਪਣੀ ਇੱਕ ਪਹਿਚਾਣ ਹੁੰਦੀ ਹੈ ਅਤੇ ਵੱਡੀ ਗਿਣਤੀ ਬੱਚੇ ਮਾਪਿਆਂ ਵੱਲੋਂ ਦਿੱਤੀ ਗਈ ਚੰਗੀ ਸਿੱਖਿਆ ਅਨੁਸਾਰ ਹੀ ਹਰ ਰਿਸ਼ਤੇ ਦਾ ਮਾਣ-ਸਨਮਾਨ ਕਰਦੇ ਹਨ। ਬੱਚਿਆਂ ਨੂੰ ਹਰ ਰਿਸ਼ਤੇ ਬਾਰੇ ਸਹੀ ਜਾਣਕਾਰੀ ਉਹਨਾਂ ਦੇ ਮਾਪੇ ਹੀ ਦੇ ਸਕਦੇ ਹਨ। ਭਾਵੇਂ ਕਿ ਅੱਜ ਦੇ ਖਪਤਕਾਰੀ ਅਤੇ ਨਿੱਜਵਾਦ ਦੇ ਯੁੱਗ ਵਿੱਚ ਪਰਿਵਾਰ ਦਾ ਹਰ ਮੈਂਬਰ ਘਰ ਵਿਚੋਂ ਆਪਣਾ ਹਿੱਸਾ ਲੈਣ ਲਈ ਸੰਘਰਸ਼ ਕਰਦਾ ਦਿਖਾਈ ਦਿੰਦਾ ਹੈ ਪਰ ਫੇਰ ਵੀ ਘਰੇਲੂ ਮਸਲੇ ਕਈ ਵਾਰ ਆਪਸੀ ਭਾਈਚਾਰਕ ਸਾਂਝ ਨਾਲ ਹੀ ਹੱਲ ਹੋ ਜਾਂਦੇ ਹਨ। ਦੂਜੇ ਪਾਸੇ ਕਈ ਵਾਰ ਘਰ ਅਤੇ ਜ਼ਮੀਨ ਵਿਚੋਂ ਆਪੋ ਆਪਣਾ ਹਿੱਸਾ ਲੈਣ ਮੌਕੇ ਇੱਕ ਦੂਜੇ ਪ੍ਰਤੀ ਤਨਾਓ ਪੈਦਾ ਹੋ ਜਾਂਦਾ ਹੈ। ਇਸ ਤਰਾਂ ਚੰਗੇ ਭਲੇ ਰਿਸ਼ਤਿਆਂ ਵਿੱਚ ਤਰੇੜਾਂ ਪੈ ਜਾਂਦੀਆਂ ਹਨ। ਭਾਵੇਂਕਿ ਬਾਅਦ ਵਿੱਚ ਪਰਿਵਾਰਕ ਮੈਂਬਰਾਂ ਵੱਲੋਂ ਆਪਸੀ ਸਾਂਝ ਪਕੇਰੀ ਕਰਨ ਲਈ ਯਤਨ ਕੀਤੇ ਜਾਂਦੇ ਹਨ ਪਰ ਕੰਧਾਂ 'ਤੇ ਪਈਆਂ ਤਰੇੜਾਂ ਨੂੰ ਕਾਗ਼ਜ਼ ਲਗਾ ਕੇ ਨਹੀਂ ਮੇਟਿਆ ਜਾ ਸਕਦਾ। ਕਈ ਮਾਪੇ ਆਪਣੇ ਬੱਚਿਆਂ ਸਾਹਮਣੇ ਹੀ ਕਿਸੇ ਰਿਸ਼ਤੇਦਾਰ ਦੀ ਬਦਖੋਈ ਜਾਂ ਬਦਨਾਮੀ ਕਰਦੇ ਹਨ ਅਤੇ ਅਨਮੋਲ ਬੱਚੇ ਕਈ ਵਾਰ ਸਬੰਧਿਤ ਰਿਸ਼ਤੇਦਾਰ ਨੂੰ ਹੀ ਦੱਸ ਦਿੰਦੇ ਹਨ ਕਿ ਉਹਨਾਂ ਬਾਰੇ ਬੱਚਿਆਂ ਦੇ ਮਾਪਿਆਂ ਦੇ ਕਿਹੋ ਜਿਹੇ ਵਿਚਾਰ ਹਨ। ਇਸ ਕਾਰਨ ਵੀ ਕਈ ਵਾਰ ਰਿਸ਼ਤੇਦਾਰਾਂ ਵਿਚਾਲ ਤਨਾਓ ਪੈਦਾ ਹੋ ਜਾਂਦਾ ਹੈ।

ਹੁਣ ਉਹ ਵੇਲਾ ਨਹੀਂ ਰਿਹਾ ਕਿ ਗੁਆਂਢ ਦੀਆਂ ਕੁੜੀਆਂ ਅਤੇ ਰਿਸ਼ਤੇਦਾਰਾਂ ਦੀਆਂ ਕੁੜੀਆਂ ਰਲ ਮਿਲ ਕੇ ਪੀਂਘਾ ਝੂਟਣ, ਚਰਖਾ ਕੱਤਣ ਅਤੇ ਚਾਦਰਾਂ ਕੱਢਣ। ਹੁਣ ਤਾਂ ਬੱਚੇ ਆਪੋ ਆਪਣੇ ਘਰਾਂ ਵਿੱਚ ਰਹਿ ਕੇ ਮੋਬਾਇਲ ਅਤੇ ਕੰਪਿਊਟਰ ਗੇਮਾਂ ਖੇਡਦੇ ਰਹਿੰਦੇ ਹਨ। ਸ਼ੋਸ਼ਲ ਮੀਡੀਆ ਤੇ ਬੱਚਿਆਂ ਅਤੇ ਮਾਪਿਆਂ ਦੇ ਅਨੇਕਾਂ ਦੋਸਤ ਬਣ ਜਾਂਦੇ ਹਨ ਪਰ ਇਹ ਲੋਕ ਆਪਣੇ ਰਿਸ਼ਤੇਦਾਰਾਂ ਤੋਂ ਹੀ ਦੂਰ ਹੁੰਦੇ ਜਾਂਦੇ ਹਨ। ਕਈ ਵਾਰ ਤਾਂ ਇਹ ਦੂਰੀ ਏਨੀ ਜ਼ਿਆਦਾ ਵੱਧ ਜਾਂਦੀ ਹੈ ਕਿ ਇਕੋ ਸ਼ਹਿਰ ਵਿੱਚ ਰਹਿੰਦੇ ਹੋਏ ਰਿਸ਼ਤੇਦਾਰ ਵੀ ਇੱਕ ਤਰਾਂ ਅਜਨਬੀ ਬਣ ਜਾਂਦੇ ਹਨ।

ਇਸ ਸਮੇਂ ਪੰਜਾਬੀ ਪੂਰੀ ਦੁਨੀਆਂ ਵਿੱਚ ਫ਼ੈਲੇ ਹੋਏ ਹਨ। ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਰਿਸ਼ਤਿਆਂ ਸਬੰਧੀ ਸਹੀ ਜਾਣਕਾਰੀ ਦੇਣ ਅਤੇ ਆਪਣੇ ਬੱਚਿਆਂ ਨੂੰ ਹਰ ਰਿਸ਼ਤੇ ਦੀ ਕਦਰ ਕਰਨਾ ਸਿਖਾਉਣ। ਅਸਲ ਵਿੱਚ ਆਪਸੀ ਰਿਸ਼ਤੇ ਕਾੜ੍ਹਨੀ ਦੇ ਦੁੱਧ ਵਰਗੇ ਪਵਿੱਤਰ ਅਤੇ ਗੁਣਾਂ ਨਾਲ ਭਰਪੂਰ ਹੁੰਦੇ ਹਨ। ਇਸ ਲਈ ਇਹਨਾਂ ਰਿਸ਼ਤਿਆਂ ਨਾਲ ਮੋਹ ਦੀਆਂ ਤੰਦਾਂ ਹੋਰ ਮਜ਼ਬੂਤ ਕਰਨੀਆਂ ਚਾਹੀਦੀਆਂ ਹਨ।





## ਸਰਦਾਰ ਜਸਪਾਲ ਸਿੰਘ ਦੇ ਨੇਸ਼ਨ ਸਟੇਟ ਬਾਰੇ ਲੇਖ ਦੀ ਪੜਚੋਲ

# ਸਮਾਜਿਕ ਘਟਨਾਵਾਂ ਦੇ ਵਰਨਣ ਅਤੇ ਵਿਸ਼ਲੇਸ਼ਣ ਵਿਚਕਾਰ ਫ਼ਰਕ ਦਾ ਸਮਾਜ ਮਨੋਵਿਸ਼ਲੇਸ਼ਣਾਤਮਕ-ਅਧਾਰ

**ਜਸਵੀਰ ਸਿੰਘ**

ਸਰਦਾਰ ਜਸਪਾਲ ਸਿੰਘ ਦਾ ਨੇਸ਼ਨ ਸਟੇਟ ਬਾਰੇ ਲਿਖਿਆ ਲੇਖ ਪੱਛਮ ਵਿੱਚ ਵਾਪਰੇ ਕੁੱਝ ਸਮਾਜਿਕ ਅਤੇ ਰਾਜਸੀ ਵਰਤਾਰਿਆਂ ਅਤੇ ਸਿੱਖ ਸਮਾਜ ਨਾਲ ਸਬੰਧਿਤ ਕੁੱਝ ਰਾਜਸੀ ਘਟਨਾਵਾਂ ਦੀ ਪੇਸ਼ਕਾਰੀ ਅਤੇ ਵਰਨਣ ਕਰਕੇ ਸਿੱਖ ਰਾਜ ਦੇ ਮਾਡਲ ਦੀ ਉਪਰੀ ਜਿਹੀ ਸਧਾਰਨ ਜਾਣਕਾਰੀ ਦੇ ਕੇ ਨੇਸ਼ਨ ਸਟੇਟ ਦੇ ਅਤਿ ਮਹੱਤਵਪੂਰਨ ਵਰਤਾਰੇ ਬਾਰੇ ਨਾਂਹਵਾਚੀ ਫੈਸਲਾ ਸੁਣਾਉਂਦਾ ਹੈ। ਇਸ ਲੇਖ ਵਿੱਚ ਦਰਜ਼ ਘਟਨਾਵਾਂ ਅਤੇ ਇਤਿਹਾਸਕ ਪਾਤਰਾਂ ਦੀਆਂ ਕਾਰਵਾਈਆਂ ਪਿਛਲੇ ਕਾਰਨਾਂ ਬਾਰੇ ਸਿਧਾਂਤਕ ਵਿਸ਼ਲੇਸ਼ਣ ਗਾਇਬ ਹੈ। ਇਸ ਲੇਖ ਵਿੱਚ ਸਰਦਾਰ ਜਸਪਾਲ ਸਿੰਘ ਹੁਰੀਂ 'ਰੱਬੀ ਸੱਤਾ' ਦੇ 'ਲੋਕ ਸੱਤਾ' ਵਿੱਚ ਬਦਲਾਅ ਅਮਲ ਦੌਰਾਨ ਧਰਮ ਦੀ ਮਹੱਤਤਾ ਦੇ ਖ਼ਾਤਮੇ ਅਤੇ ਨੇਸ਼ਨ ਸਟੇਟ ਦੇ ਵਿਕਾਸ ਨੂੰ ਸਤਾਰ੍ਹਵੀਂ ਸਦੀ ਦੌਰਾਨ ਪੱਛਮੀ ਰਾਜਾਂ ਵਿੱਚ ਪੈਦਾ ਹੋਈ 'ਇਨਲਾਈਟਨਮੈਂਟ' ਦੀ ਲਹਿਰ ਨਾਲ ਜੋੜਦੇ ਹਨ। ਜਦਕਿ ਇਹ ਵਰਤਾਰਾ ਪੱਛਮ ਵਿੱਚ ਪੰਦ੍ਹਰਵੀਂ ਸਦੀ ਵਿਚੋਂ 'ਧਰਮ ਸੁਧਾਰ ਲਹਿਰ' ਜਿਸ ਨੂੰ 'ਰਿਫਾਰਮੇਸ਼ਨ' ਕਿਹਾ ਜਾਂਦਾ ਹੈ, ਨਾਲ ਜੁੜ ਜਾਂਦਾ ਹੈ। ਇਹ ਵਰਤਾਰਾ ਇਸਾਈ ਰੋਮਨ ਸੱਤਾ ਅਤੇ 'ਲੇਟਿਨ ਭਾਸ਼ਾ' ਦੇ ਦਾਅਵੇ ਤੋਂ ਨਿਜ਼ਾਤ ਪਾਉਣ ਦੇ ਅਮਲ ਨਾਲ ਸਬੰਧਿਤ ਹੈ। ਇਸੇ ਵਰਤਾਰੇ ਨੇ ਭਾਸ਼ਾ, ਨੇਸ਼ਨ ਅਤੇ ਰਾਜ ਦੇ ਆਪਸੀ ਸਬੰਧਾਂ ਤੋਂ ਨੇਸ਼ਨ ਸਟੇਟ ਸਿਰਜਣ ਲਈ ਜ਼ਮੀਨ ਤਿਆਰ ਕੀਤੀ। ਇਹ ਉਹੀ ਸਮਾਂ ਸੀ ਜਦੋਂ ਗੁਰੂ ਸਾਹਿਬਾਨ ਪੰਜਾਬ ਵਿੱਚ ਸਨਾਤਨ ਧਰਮ ਅਤੇ ਸੰਸਕ੍ਰਿਤ ਦੇ ਸਮਾਜਿਕ ਦਾਅਵੇ ਨੂੰ ਤੋੜਨ ਲਈ ਸਿੱਖ ਧਾਰਮਿਕ ਸਮੂਹ ਦੇ ਗਿਆਨ ਪ੍ਰਬੰਧ ਨੂੰ ਪੀੜ੍ਹੀ ਦਰ ਪੀੜ੍ਹੀ ਪ੍ਰਵਾਹਿਤ ਕਰਨ ਲਈ ਗੁਰਮੁਖੀ ਲਿਪੀ ਦੀ ਸਿਰਜਣਾ ਕਰ ਰਹੇ ਸਨ। ਪੱਛਮ ਵਿੱਚ ਅਤੇ ਖਾਸ ਕਰਕੇ ਮੱਧ-ਯੂਰਪ ਵਿਚਲੇ ਭਾਸ਼ਾਈ ਸਮੂਹਾਂ ਦੇ ਬੌਧਿਕ ਤੇ ਰਾਜਨੀਤਿਕ ਇਲੀਟ ਨੇ ਭਾਸ਼ਾ ਤੇ ਲਿਪੀ ਦੀ ਵਰਤੋਂ ਨਾਲ 'ਨੇਸ਼ਨ' ਸਿਰਜੇ ਜਿਨ੍ਹਾਂ ਆਪਣੇ ਜਨਮ-ਖੇਤਰਾਂ ਵਿੱਚ ਆਪਣੇ ਰਾਜ ਸਿਰਜਣ ਵਿੱਚ ਸਫ਼ਲਤਾ ਪਾਈ।

ਇਸ ਵਰਤਾਰੇ ਨੇ ਯੂਰਪ ਵਿੱਚ 'ਰਾਜ ਸਿਰਜਣਾ' ਦੇ ਪਹਿਲੇ ਨਿਯਮ (ਭਾਵ 'ਵੱਡੇ ਖੇਤਰ', ਵੱਡੀ ਜਨਸੰਖਿਆ' ਅਤੇ 'ਵੱਡੀ ਆਰਥਿਕਤਾ' ਦੇ ਸੁਮੇਲ ਤੋਂ ਪੈਦਾ ਕੀਤੀ 'ਵੱਡੀ ਫ਼ੌਜ' ਦੁਆਰਾ ਹੀ ਰਾਜ ਸਿਰਜਿਆ ਜਾ ਸਕਦਾ ਹੈ) ਨੂੰ ਬਦਲ ਦਿੱਤਾ। ਇਹ ਅਮਲ ਇਤਿਹਾਸਕ ਵਿਕਾਸ ਦੇ ਉਸ ਮਾਰਕਸਵਾਦੀ ਬਦਲਾਅ ਨਾਲ ਮੇਲ ਖਾਂਦਾ ਹੈ ਜਿਸ ਵਿੱਚ ਜਗੀਰਦਾਰੀ ਸਮਾਜ ਦੇ ਪੂੰਜੀਵਾਦੀ ਸਮਾਜ ਵਿੱਚ ਤਬਦੀਲੀ ਦੇ ਅਮਲ ਦੌਰਾਨ ਕੁਝ 'ਕੌਮੀ ਸਮੂਹ' ਰਾਜਨੀਤਿਕ ਤਾਕਤ ਪਾਉਣ ਤੋਂ ਵਾਂਝੇ ਰਹਿ ਜਾਂਦੇ ਹਨ। ਫਰੇਡਰਿਕ ਐਂਗਲਜ਼ ਇਨ੍ਹਾਂ ਤਾਕਤਹੀਣ ਕੌਮੀ ਸਮੂਹਾਂ ਨੂੰ "ਕਿਸਮਤਹੀਣ ਕੌਮਾਂ" ਦਾ ਦਰਜਾ ਦਿੰਦਾ ਹੈ। ਇਸੇ ਤਰ੍ਹਾਂ ਜਿਹੜੇ ਭਾਸ਼ਾਈ ਸਮੂਹ ਅਤੇ ਕੌਮਾਂ ਭਾਸ਼ਾ, ਨੇਸ਼ਨ ਅਤੇ ਰਾਜ' ਦੇ ਆਪਸੀ ਸਬੰਧਾਂ ਨੂੰ ਵਰਤ ਕੇ ਰਾਜਨੀਤਿਕ ਤੌਰ 'ਤੇ ਤਾਕਤਵਰ ਹੋਣ ਤੋਂ ਖੁੰਝ ਗਈਆਂ ਉਹ ਨੇਸ਼ਨ ਸਟੇਟਾਂ ਅੰਦਰ 'ਨੈਸ਼ਨਲ ਘੱਟ ਗਿਣਤੀਆਂ' ਦੇ ਪੱਧਰ 'ਤੇ ਡਿੱਗ ਗਈਆਂ। ਨੇਸ਼ਨ ਸਟੇਟ ਅੰਦਰ 'ਰਾਜ ਸਿਰਜਣ' ਅਤੇ 'ਕੌਮ ਸਿਰਜਣ' ਦੇ ਅਮਲ ਇਸ ਦੇ ਅਟੁੱਟ ਹਿੱਸੇ ਹਨ। ਇਹੀ ਕਾਰਨ ਹੈ ਕਿ ਨੇਸ਼ਨ ਸਟੇਟ 'ਤੇ ਕਾਬਜ਼ 'ਬਹੁਗਿਣਤੀ ਸਮੂਹ' ਵਿਰੋਧੀ ਪਛਾਣਾਂ ਵਾਲੇ ਸਮੂਹਾਂ ਦੀਆਂ ਭਾਸ਼ਾਵਾਂ ਅਤੇ ਲਿਪੀਆਂ ਦਾ ਰਾਜਨੀਤਿਕ ਤਾਕਤ ਦੀ ਵਰਤੋਂ ਕਰਕੇ ਖਾਤਮਾ ਕਰਦੇ ਹਨ। ਸਰਦਾਰ ਜਸਪਾਲ ਸਿੰਘ ਨੇਸ਼ਨ ਸਟੇਟ ਨੂੰ ਬਦਲਣ ਦੀ ਜਿੱਦ ਵਿੱਚ ਉਪਰੋਕਤ ਵਰਤਾਰੇ ਦੇ ਸੰਦਰਭ ਵਿੱਚ ਅੰਗਰੇਜ਼ੀ ਰਾਜ ਦੌਰਾਨ ਬ੍ਰਾਹਮਣ ਇਲੀਟ ਅਤੇ ਫੇਰ ਮੁਸਲਿਮ ਇਲੀਟ ਵੱਲੋਂ 'ਭਾਸ਼ਾ ਅਤੇ ਲਿਪੀ' ਦੇ ਅਧਾਰ 'ਤੇ ਨੇਸ਼ਨ ਅਤੇ ਖੇਤਰ ਦੇ ਆਪਸੀ ਸੁਮੇਲ ਨਾਲ ਰਾਜ ਸਿਰਜਣ ਦੀ ਸਮਝ ਦੇ ਸਿੱਖ ਰਾਜਨੀਤਿਕ ਤੇ ਬੌਧਿਕ ਇਲੀਟ ਵਿੱਚ ਪੈਦਾ ਨਾ ਹੋਣ ਦੇ ਕਾਰਨਾਂ ਬਾਰੇ ਜਾਨਣ ਤੇ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। ਇਹ ਕਹੀ ਜਾਣਾ ਕਿ ਅੰਗਰੇਜ਼ੀ ਰਾਜ ਦੌਰਾਨ ਸਿੱਖਾਂ ਦੀ ਪੰਜਾਬ ਦੇ ਕਿਸੇ ਖੇਤਰ ਵਿੱਚ ਬਹੁਗਿਣਤੀ ਨਹੀਂ ਸੀ ਆਪਣੇ ਆਪ ਵਿੱਚ ਬਚਕਾਨਾ ਤਰਕ ਬਣਦਾ ਹੈ। ਮਾਸਟਰ ਤਾਰਾ ਸਿੰਘ ਦਾ ਆਪਣਾ ਬਿਆਨ ਇਸ ਤਰਕ ਨੂੰ ਰੱਦ ਕਰਦਾ ਹੈ। ਮਾਸਟਰ ਜੀ ਨੇ ਖੁਦ 'ਜਨਸੰਖਿਆ ਤਬਦੀਲੀ' ਦੇ ਅਧਾਰ 'ਤੇ ਰਾਜ ਸਿਰਜਣ ਬਾਰੇ ਅਣਜਾਣ ਰਹਿਣ ਬਾਰੇ ਮਾਯੂਸੀ ਜ਼ਾਹਿਰ ਕੀਤੀ ਸੀ।

ਸਰਦਾਰ ਜਸਪਾਲ ਸਿੰਘ ਨੇ ਭਾਰਤੀ ਨੇਸ਼ਨ ਸਟੇਟ ਵੱਲੋਂ ਸਿੱਖ ਘੱਟ ਗਿਣਤੀ ਨੂੰ ਭਾਰਤੀ ਕੌਮੀ ਪਛਾਣ ਸਿਰਜਣ ਲਈ ਦਬਾਉਣ ਦੀ ਨੀਤੀ ਦਾ ਸਿਰਫ਼ ਵਰਨਣ ਕੀਤਾ ਹੈ। ਉਨ੍ਹਾਂ ਲਈ ਜ਼ਰੂਰੀ ਸੀ ਕਿ ਉਹ ਮੌਜੂਦਾ ਸਮੇਂ ਵਿੱਚ ਸਿੱਖ ਪਾਠਕਾਂ ਨੂੰ ਇਹ ਯਾਦ ਕਰਵਾਉਂਦੇ ਕਿ 'ਭਾਰਤੀ ਨੇਸ਼ਨ ਸਟੇਟ' ਦੇ ਅਤਿ ਕੇਂਦਰਕ੍ਰਿਤ ਰੂਪ ਬਾਰੇ ਭਾਰਤੀ ਰਾਸ਼ਟਰੀ ਆਗੂਆਂ ਨੇ 1928-29 ਦੇ 'ਨਹਿਰੂ ਸੰਵਿਧਾਨ' ਵਿੱਚ ਹੀ ਸਪਸ਼ਟ ਕਰ ਦਿੱਤਾ ਸੀ। ਸੈਂਟਰਲ ਸਿੱਖ ਲੀਗ ਦਾ ਜਨਰਲ ਸਕੱਤਰ 'ਮੰਗਲ ਸਿੰਘ ਗਿੱਲ' ਭਾਰਤੀ ਸੰਵਿਧਾਨ ਦੇ ਨਿਯਮ ਘੜਨ ਵਾਲੀ 'ਨਹਿਰੂ ਕਮੇਟੀ' ਦੇ ਮੈਂਬਰ ਸਨ। 7 ਜੁਲਾਈ 1928 ਨੂੰ ਨਹਿਰੂ ਕਮੇਟੀ ਨੇ ਸਪਸ਼ਟ ਕੀਤਾ ਕਿ, "ਅਸੀਂ ਸਾਂਝੇ ਤੌਰ 'ਤੇ ਵਿਧਾਨ ਪਾਲਿਕਾਵਾਂ ਵਿੱਚ ਸੀਟਾਂ ਦੇ ਰਾਖਵੇਂਕਰਨ ਦਾ ਵਿਰੋਧ ਕਰਦੇ ਹਾਂ ਭਾਵੇਂ ਇਹ ਬਹੁਗਿਣਤੀ ਲਈ ਹੋਣ ਜਾਂ ਘੱਟ=ਗਿਣਤੀਆਂ ਲਈ। ਅਸੀਂ ਸਿਫ਼ਾਰਸ਼ ਕਰਦੇ ਹਾਂ ਕਿ (ਭਾਰਤੀ) ਸੰਵਿਧਾਨ ਵਿੱਚ ਕਿਸੇ ਤਰ੍ਹਾਂ ਦਾ ਕੋਈ ਰਾਖਵਾਂਕਰਨ ਨਾ ਕੀਤਾ ਜਾਵੇ।"

ਮੰਗਲ ਸਿੰਘ ਗਿੱਲ ਇਸ ਸਿਫ਼ਾਰਸ਼ ਨਾਲ ਸਹਿਮਤ ਸੀ। ਇਸ ਸਹਿਮਤੀ ਨੇ ਚੀਫ਼ ਖ਼ਾਲਸਾ ਦਿਵਾਨ ਦੀ ਪੰਜਾਬ ਵਿਧਾਨ ਕੌਂਸਲ ਵਿੱਚ 'ਸਿੱਖਾਂ ਲਈ ਵੱਧ ਸੀਟਾਂ ਰਾਖਵੀਆਂ ਰੱਖਣ' ਦੀ ਮੰਗ ਦਾ ਭੋਗ ਪਾ ਦਿੱਤਾ। ਬਾਅਦ ਵਿੱਚ ਨਹਿਰੂ ਕਮੇਟੀ ਨੇ ਸਰਦਾਰ ਮੰਗਲ ਸਿੰਘ ਦੀ ਸ਼ਲਾਘਾ ਕਰਦਿਆਂ ਬਿਆਨ ਜਾਰੀ ਕੀਤਾ, "ਕਮੇਟੀ ਸਰਦਾਰ ਮੰਗਲ ਸਿੰਘ ਵੱਲੋਂ ਪ੍ਰਗਟਾਏ ਵਿਚਾਰਾਂ ਨੂੰ ਮਾਨਤਾ ਦਿੰਦੀ ਹੈ। ਉਨ੍ਹਾਂ (ਮੰਗਲ ਸਿੰਘ) ਨੇ 'ਸੰਪਰਦਾਇਕ ਫਾਇਦਿਆਂ ਨੂੰ 'ਦੇਸ਼ ਹਿੱਤ' ਵਿੱਚ ਕੁਰਬਾਨ ਕਰਨ ਵਾਲੀ ਆਪਾ-ਵਾਰੂ ਭਾਵਨਾ ਦਾ ਪ੍ਰਗਟਾਵਾ ਕੀਤਾ ਹੈ।

ਨਹਿਰੂ ਕਮੇਟੀ ਨੇ ਮੰਗਲ ਸਿੰਘ ਗਿੱਲ ਦੀ ਸਹਿਮਤੀ ਨੂੰ ਪੂਰੀ ਸਿੱਖ ਕੌਮ ਦੀ ਦੇਸ਼-ਭਗਤੀ ਦੀ ਭਾਵਨਾ ਵਜੋਂ ਪ੍ਰਚਾਰਿਆ ਜਿਸ ਅਨੁਸਾਰ ਸਿੱਖਾਂ ਨੇ 'ਦੇਸ਼ ਹਿੱਤਾਂ' ਲਈ ਆਪਣੇ 'ਕੌਮੀ ਹਿੱਤਾਂ' ਦੀ ਕੁਰਬਾਨੀ ਦੇ ਦਿੱਤੀ ਸੀ। ਮਾਸਟਰ ਤਾਰਾ ਸਿੰਘ ਵੱਲੋਂ ਨਹਿਰੂ ਕਮੇਟੀ ਨੂੰ ਰੱਦ ਕਰਨ ਦਾ ਕਾਰਨ ਕਮੇਟੀ ਵੱਲੋਂ ਪੰਜਾਬ ਵਿੱਚ ਮੁਸਲਮਾਨਾਂ ਨੂੰ ਵੱਧ ਤਾਕਤਵਰ ਬਣਾਉਣਾ ਸੀ ਨਾ ਕਿ ਭਵਿੱਖ ਵਿੱਚ ਉਸਰਨ ਵਾਲੀ ਹਿੰਦੂ ਬਹੁਗਿਣਤੀ ਵਾਲੀ ਨੇਸ਼ਨ ਸਟੇਟ ਸੀ। ਇਹ ਬੇਹੱਦ ਢੁਕਵਾਂ ਸਮਾਂ ਸੀ ਜਦੋਂ ਸਿੱਖ ਬੌਧਿਕ ਹਲਕਿਆਂ ਵਿੱਚ ਨੇਸ਼ਨ ਸਟੇਟ ਬਾਰੇ ਬਹਿਸ ਪੈਦਾ ਹੋ ਜਾਣੀ ਚਾਹੀਦੀ ਸੀ ਪਰ ਬਨਾਰਸ ਹਿੰਦੂ ਯੂਨੀਵਰਸਿਟੀ ਵਿੱਚ ਸਿੱਖ ਪ੍ਰੋਫੈਸਰ ਗੁਰਮੁੱਖ ਨਿਹਾਲ ਸਿੰਘ ਨੇ ਨਹਿਰੂ ਰਿਪੋਰਟ ਦਾ ਖੁੱਲ੍ਹਾ ਸਮਰਥਨ ਕੀਤਾ। ਕੀ ਮੁਸਲਿਮ ਇਲੀਟ ਵਾਂਗ ਸਿੱਖ ਇਲੀਟ ਵਿੱਚ ਉਸ ਸਮੇਂ ਇਹ ਸਮਝ ਪੈਦਾ ਨਹੀਂ ਸੀ ਹੋਣੀ ਚਾਹੀਦੀ ਕਿ "ਨਹਿਰੂ ਸੰਵਿਧਾਨ ਅਨੁਸਾਰ ਸਿਰਜੀ ਜਾਣ ਵਾਲੀ ਭਾਰਤੀ ਨੇਸ਼ਨ ਸਟੇਟ ਵਿੱਚ ਉਨ੍ਹਾਂ ਦੀ ਹਸਤੀ ਨੈਸ਼ਨਲ ਘੱਟ-ਗਿਣਤੀ' ਵਜੋਂ ਡਿੱਗ ਜਾਵੇਗੀ ? ਸਰਦਾਰ ਜਸਪਾਲ ਸਿੰਘ ਇਸ ਵਰਤਾਰੇ ਦਾ ਵਿਸ਼ਲੇਸ਼ਣ ਨਹੀਂ ਕਰਦੇ। ਨੇਸ਼ਨ ਸਟੇਟ ਦੇ ਸਿਧਾਂਤਾਂ ਦਾ ਸਿੱਖ ਰਾਜਨੀਤਿਕ ਸਿਧਾਂਤਾਂ ਨਾਲ ਕੋਈ ਮੇਲ ਹੋਣਾ ਜਾਂ ਨਾ ਹੋਣਾ ਵੱਖਰਾ ਮਸਲਾ ਹੈ ਪਰ ਸਿੱਖਾਂ ਦੀ ਕੌਮੀ ਹੋਣੀ ਤੇ ਹਸਤੀ ਲਈ ਵੱਡੇ ਸੰਕਟ ਪੈਦਾ ਕਰਨ ਵਾਲੇ ਨੇਸ਼ਨ ਸਟੇਟ ਦੇ ਵਰਤਾਰੇ ਬਾਰੇ ਜਾਨਣਾ ਤੇ ਸਮਝਣਾ ਬਿਲਕੁਲ ਅਕਸ ਅਮਲ ਹੈ। ਉੱਤਰ ਬਸਤੀਵਾਦੀ ਵਿਚਾਰਾਂ ਅਤੇ ਮਾਰਕਸਵਾਦੀ ਸਿਧਾਂਤਾਂ ਦੇ ਅਸਰ ਹੇਠ ਅੰਗਰੇਜ਼ ਸ਼ਾਸਨ ਅਤੇ ਪੱਛਮੀ ਗਿਆਨ ਪਰੰਪਰਾ ਨੂੰ ਰੱਦ ਕਰ ਦੇਣ ਨਾਲ ਅਤੇ ਅੰਗਰੇਜ਼ ਕਾਲ ਦੌਰਾਨ ਨੇਸ਼ਨ ਸਟੇਟ ਬਾਰੇ ਅਣਜਾਣ ਰਹਿਣ ਕਾਰਨ ਸਿੱਖ ਬੌਧਿਕ ਪ੍ਰੰਪਰਾਂ ਦੇ ਵਿਗਾਸ ਅਮਲ ਤੇ ਵੱਡੇ ਅਸਰ ਪਏ ਹਨ ਤੇ ਪੈ ਰਹੇ ਹਨ। ਇਸ ਬੌਧਿਕ ਕਮਜ਼ੋਰੀ ਨੇ ਕੌਮਾਂਤਰੀ ਪੱਧਰ 'ਤੇ ਸਿੱਖ ਵਿਰੋਧੀ ਵਿਦਵਤਾ ਦੇ ਇੱਕ ਅਜਿਹੇ ਅਮਲ ਨੂੰ ਹਵਾ ਦਿੱਤੀ ਹੈ ਜੋ ਪੱਛਮੀ ਖੋਜ ਵਿਧੀਆਂ ਤੇ ਸਿਧਾਂਤਾਂ ਦੀ ਵਰਤੋਂ ਕਰਕੇ ਸਿੱਖਾਂ ਦੇ ਅੰਦਰੂਨੀ ਧਾਰਮਿਕ ਤੇ ਸਮਾਜਿਕ ਏਕੇ ਨੂੰ ਤੋੜ ਦੇਣ ਲਈ ਸਰਗਰਮ ਹੈ। ਅਜਿਹੇ ਹਾਲਤਾਂ ਵਿੱਚ ਖੋਜ ਵਿਧੀਆਂ, ਸਮਾਜ

ਵਿਗਿਆਨਕ ਸਿਧਾਂਤਾਂ ਅਤੇ ਸੰਕਲਪਾਂ ਦੀ ਕੌਮੀ ਹਿੱਤਾਂ ਲਈ ਵਰਤੋਂ ਕਰਨ ਦੀ ਪੇਸ਼ੇਵਰ ਸਮਝ ਹੋਰ ਮਹੱਤਵਪੂਰਨ ਹੋ ਜਾਂਦੀ ਹੈ। ਵੈਸੇ ਵੀ ਸਮਾਜ ਵਿਗਿਆਨਾਂ ਦੀ ਵਿਧੀਵਤ ਸਿਧਾਂਤਕਾਰੀ ਦੌਰਾਨ ਖੋਜ ਵਿਧੀਆਂ ਦੀ ਵਰਤੋਂ ਦਾਰਸ਼ਨਿਕ ਪੱਧਰ 'ਤੇ ਕੀਤੀ ਜਾਂਦੀ ਰਹੀ ਹੈ। ਮੌਜੂਦਾ ਸਮਿਆਂ ਵਿੱਚ ਨੇਸ਼ਨ ਸਟੇਟ ਅੰਦਰ ਹੋਣ ਵਾਲੇ ਕੌਮੀ ਸੰਘਰਸ਼ਾਂ ਨੇ ਸਮਾਜ ਵਿਗਿਆਨਕ ਸਿਧਾਂਤਕਾਰੀ ਦੀ ਮਹੱਤਤਾ ਨੂੰ ਹੋਰ ਵਧਾ ਦਿੱਤਾ ਹੈ। ਸਰਦਾਰ ਜਸਪਾਲ ਸਿੰਘ ਦੇ ਲੇਖ ਦੇ ਸੰਦਰਭ ਵਿੱਚ ਵੀ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਸਮਾਜਿਕ ਘਟਨਾਵਾਂ ਦੀ ਪੜਤਾਲ ਕਰਨ ਸਮੇਂ ਸਿਧਾਂਤਾਂ ਦੀ ਵਰਤੋਂ ਕਰਕੇ ਕੌਮੀ ਹਿੱਤਾਂ ਲਈ ਫਾਇਦੇਮੰਦ ਵਿਆਖਿਆਵਾਂ ਅਤੇ ਸਮਾਜਿਕ ਤੱਥਾਂ ਦਾ ਕੌਮੀ ਏਕੇ ਲਈ ਸਧਾਰਨੀਕਰਨ ਕੀਤਾ ਜਾਵੇ।

ਸਮਾਜ ਵਿਗਿਆਨਕ ਪੜਤਾਲ ਦੌਰਾਨ 'ਸੰਚਾਰ' ਅਤੇ 'ਸਮਝ' ਦੇ ਤੱਤ ਬੇਹੱਦ ਮਹੱਤਵਪੂਰਨ ਹੁੰਦੇ ਹਨ। ਇਸ ਅਮਲ ਦੌਰਾਨ ਪੜਤਾਲ ਕਰਨ ਵਾਲਾ ਇਤਿਹਾਸਕਾਰ ਜਾਂ ਸਮਾਜਿਕ ਵਿਦਵਾਨ ਸਮਾਜਿਕ ਘਟਨਾਵਾਂ ਅਤੇ ਇਤਿਹਾਸਕ ਪਾਤਰਾਂ ਦੀਆਂ ਕਾਰਵਾਈਆਂ ਬਾਰੇ 'ਸਿਧਾਂਤਕ ਸਮਝ' ਉਸਾਰਦਾ ਹੈ ਤੇ ਇਸ ਦਾ ਆਪਣੇ ਮੌਜੂਦਾ ਪਾਠਕਾਂ ਤੱਕ ਸੰਚਾਰ ਕਰਦਾ ਹੈ। ਇਤਿਹਾਸਕ ਘਟਨਾਵਾਂ ਅਤੇ ਇਤਿਹਾਸਕ ਪਾਤਰਾਂ ਦੀਆਂ ਕਾਰਵਾਈਆਂ ਦੇ 'ਕਾਰਨਾਂ' ਦੀ ਪੜਤਾਲ ਕਿਸੇ ਵੀ ਇਤਿਹਾਸਕ ਵਿਸ਼ਲੇਸ਼ਣ ਦੀ ਜਿੰਦ ਜਾਨ ਹੁੰਦੀ ਹੈ। ਜੇ 'ਕਾਰਨਾਂ ਦੀ ਪੜਤਾਲ' ਬਾਰੇ ਇਤਿਹਾਸਕਾਰ ਜਾਂ ਸਮਾਜ ਵਿਗਿਆਨੀ ਕਿਸੇ ਸਿਧਾਂਤਕ ਉਲਝਣ ਦਾ ਸ਼ਿਕਾਰ ਹੋ ਜਾਂਦੇ ਹਨ ਤਾਂ ਇਸ ਦਾ ਵਿਸ਼ਲੇਸ਼ਣ ਅਤੇ ਵਿਆਖਿਆ ਦੇ ਅਮਲ 'ਤੇ ਉਲਟਾ ਅਸਰ ਹੁੰਦਾ ਹੈ। ਇਹ 'ਵਿਆਖਿਆ' ਅਤੇ 'ਵਿਸ਼ਲੇਸ਼ਣ' ਦੇ ਸੰਚਾਰ 'ਤੇ ਵੀ ਉਲਟ ਅਸਰ ਪਾ ਕੇ ਪਾਠਕ ਦੀ ਉਲਝਣ ਨੂੰ ਹੋਰ ਵਧਾ ਦਿੰਦਾ ਹੈ। ਇਸ ਲਈ 'ਸਿਧਾਂਤ', 'ਕਾਰਨਾਂ ਦੀ ਸਮਝ' ਅਤੇ 'ਕਾਰਨਾਂ ਦੀ ਵਿਆਖਿਆ' ਦੇ ਤੱਤ ਸਮਾਜ ਵਿਗਿਆਨਕ ਪੜਤਾਲ ਦੇ ਅਮਲ ਵਿੱਚ ਇੱਕ ਦੂਜੇ ਦੇ ਪੂਰਕ ਹਨ। ਸਮਾਜ ਵਿਗਿਆਨੀ, 'ਕਾਰਨ ਆਟੋ ਐਪਲ' ਇਸ ਇਤਿਹਾਸਕ ਪੜਚੋਲ ਨੂੰ 'ਆਲੋਚਨਾਤਮਿਕ ਅਤੇ (ਸਮਾਜਿਕ ਤਣਾਅ ਤੋਂ) ਮੁਕਤੀ' ਦੇਣ ਵਾਲਾ ਅਮਲ ਦੱਸਦਾ ਹੈ। ਐਪਲ, ਇਸ ਇਤਿਹਾਸਕ ਪੜਤਾਲ ਦੀ ਕਾਰਵਾਈ ਦੀ ਤੁਲਨਾ ਪੇਸ਼ੇਵਰ ਮਨੋਵਿਗਿਆਨੀ ਦੁਆਰਾ ਆਪਣੇ ਮਰੀਜ਼ ਦੇ ਮਨੋ=ਵਿਸ਼ਲੇਸ਼ਣ ਰਾਹੀਂ ਇਲਾਜ ਕਰਨ ਦੇ ਅਮਲ ਨਾਲ ਕਰਦਾ ਹੈ। ਮਨੋਵਿਗਿਆਨਕ ਇਲਾਜ ਦੇ ਤਿੰਨ ਹਿੱਸੇ ਹੁੰਦੇ ਹਨ। ਪਹਿਲੇ ਪੱਧਰ 'ਤੇ ਮਰੀਜ਼ ਮਨੋਵਿਗਿਆਨੀ ਨੂੰ ਇੱਕ ਸਾਂਝੀ ਭਾਸ਼ਾ ਰਾਹੀਂ ਆਪਣੇ ਬਾਰੇ ਦੱਸਦਾ ਹੈ। ਮਨੋਵਿਗਿਆਨੀ ਮਰੀਜ਼ ਤੋਂ ਉਸ ਦੇ ਸਮਾਜਿਕ ਪਿਛੋਕੜ ਅਤੇ ਉਸ ਦੇ ਨਿੱਜੀ ਵਿਚਾਰਾਂ ਬਾਰੇ ਜਾਣਕਾਰੀ ਲੈਂਦਾ ਹੈ। ਦੂਜੇ ਪੱਧਰ 'ਤੇ ਮਨੋਵਿਗਿਆਨੀ ਮਰੀਜ਼ ਵਲੋਂ ਦਿੱਤੀ ਜਾਣਕਾਰੀ ਦਾ ਮਨੋ=ਵਿਸ਼ਲੇਸ਼ਣ ਸਿਧਾਂਤਾਂ ਦੇ ਅਧਾਰ 'ਤੇ ਵਿਸ਼ਲੇਸ਼ਣ ਕਰਕੇ ਮਰੀਜ਼ ਦੇ ਅਚੇਤ ਮਨ ਅਤੇ ਅਚੇਤ ਕਾਰਵਾਈਆਂ ਦੇ ਕਾਰਨਾਂ ਦਾ ਪਤਾ ਲਾਉਂਦਾ ਹੈ। ਇਸ ਪੱਧਰ 'ਤੇ ਮਨੋਵਿਗਿਆਨੀ ਅਤੇ ਮਰੀਜ਼ ਵਿਚਕਾਰ ਕੋਈ ਸੰਚਾਰ ਨਹੀਂ ਹੁੰਦਾ। ਤੀਜੇ ਪੱਧਰ 'ਤੇ ਮਨੋਵਿਗਿਆਨੀ ਮਰੀਜ਼ ਦੇ ਇਲਾਜ ਦੇ ਅਮਲ ਵਜੋਂ ਉਸ ਨਾਲ ਆਪਣਾ ਮਨੋਵਿਸ਼ਲੇਸ਼ਣ ਸਾਂਝਾ ਕਰਦਾ ਹੈ। ਇਸ ਪੱਧਰ 'ਤੇ ਮਨੋਵਿਗਿਆਨੀ ਅਤੇ ਮਰੀਜ਼ ਵਿਚਕਾਰ ਸੰਚਾਰ ਮੁੜ ਪੈਦਾ ਹੋ ਜਾਂਦਾ ਹੈ। ਇਸ ਪੱਧਰ 'ਤੇ ਮਰੀਜ਼ ਮਨੋਵਿਸ਼ਲੇਸ਼ਣ ਦੇ ਅਧਾਰ 'ਤੇ ਆਪਣੇ ਵਿਹਾਰ ਨੂੰ 'ਸਮਝਦਾ' ਹੈ ਅਤੇ ਆਪਣੇ ਅਚੇਤ ਕਾਰਜਾਂ ਦੇ ਕਾਰਨਾਂ ਬਾਰੇ ਜਾਨਣ ਦੇ ਅਮਲ ਵਿੱਚ ਪੈਂਦਾ ਹੈ। ਇਸ ਪੱਧਰ ਆਪਣੇ ਨਿੱਜੀ ਅਨੁਭਵਾਂ ਨੂੰ ਮਨੋਵਿਗਿਆਨੀ ਵਲੋਂ ਦੱਸੇ ਸਿਧਾਂਤਾਂ ਦੇ ਅਧਾਰ 'ਤੇ ਪਰਖਦਾ ਹੈ ਤੇ ਇਨ੍ਹਾਂ ਦੀ ਵਿਆਖਿਆ ਕਰਦਾ ਹੈ। ਐਪਲ ਦਾ ਵਿਚਾਰ ਹੈ ਕਿ ਇਤਿਹਾਸਕਾਰਾਂ ਅਤੇ ਸਮਾਜ ਵਿਗਿਆਨੀਆਂ ਨੂੰ ਉਪਰੋਕਤ ਵਿਧੀ ਦੀ ਵਰਤੋਂ ਕਰਨੀ ਚਾਹੀਦੀ ਹੈ। ਇਹ ਵਿਧੀ ਇਤਿਹਾਸਕਾਰ ਅਤੇ ਉਸ ਦੇ ਪਾਠਕ ਵਿਚਕਾਰ ਸੰਚਾਰ, ਸਮਝ ਅਤੇ ਵਿਆਖਿਆ ਦੇ ਅਮਲ ਨੂੰ ਅਸਾਨ ਬਣਾਉਂਦੀ ਹੈ। ਐਪਲ ਅਨੁਸਾਰ ਸਮਾਜ ਵਿਗਿਆਨਾਂ ਦੀ ਇਹ ਵਿਧੀ

'ਵਿਚਾਰਧਾਰਾਵਾਂ' ਦੇ ਮੁਕਾਬਲੇ ਮਨੁੱਖ ਨੂੰ (ਸਮਾਜਿਕ ਤਣਾਅ ਤੋਂ) ਮੁਕਤੀ ਦਿੰਦੀ ਹੈ। ਐਪਲ ਅਨੁਸਾਰ ਅਜਿਹੀ ਮੁਕਤੀ ਇਤਿਹਾਸ ਦੇ ਪਾਠਕ ਨੂੰ ਮਿਲਦੀ ਹੈ ਪਰ ਇਤਿਹਾਸਕ ਕਾਰਵਾਈਆਂ ਕਰਨ ਵਾਲੇ ਪਾਤਰਾਂ ਨੂੰ ਇਹ ਮੁਕਤੀ ਨਸੀਬ ਨਹੀਂ ਹੁੰਦੀ। ਅਜਿਹਾ ਇਸ ਲਈ ਹੁੰਦੀ ਹੈ ਕਿਉਂਕਿ ਇਤਿਹਾਸਕਾਰ ਜਾਂ ਸਮਾਜ ਵਿਗਿਆਨੀ ਕੁੱਝ ਖਾਸ ਸਿਧਾਂਤਕ ਨਿਯਮਾਂ ਦੀ ਵਰਤੋਂ ਕਰਕੇ ਇਤਿਹਾਸਕ ਘਟਨਾਵਾਂ ਅਤੇ ਇਤਿਹਾਸਕ ਪਾਤਰਾਂ ਦੀਆਂ ਕਾਰਵਾਈਆਂ ਦੀ ਵਿਆਖਿਆ ਕਰਦੇ ਹਨ। ਕਈ ਵਾਰ ਇਤਿਹਾਸਕ ਪਾਤਰ ਇਨ੍ਹਾਂ ਸਿਧਾਂਤਕ ਤੇ ਦਾਰਸ਼ਨਿਕ ਨਿਯਮਾਂ ਤੋਂ ਅਣਜਾਣ ਰਹੇ ਹੁੰਦੇ ਹਨ। ਪਰ ਇਤਿਹਾਸ ਦੇ ਪਾਠਕ ਇਨ੍ਹਾਂ ਸਿਧਾਂਤਕ ਤੇ ਦਾਰਸ਼ਨਿਕ ਨਿਯਮਾਂ ਰਾਹੀਂ ਭੂਤਕਾਲ ਦੀਆਂ ਘਟਨਾਵਾਂ ਅਤੇ ਇਤਿਹਾਸ ਦੇ ਪਾਤਰਾਂ ਦੀਆਂ ਕਾਰਵਾਈਆਂ ਬਾਰੇ ਉਸਾਰੀ ਸਮਝ ਅਤੇ ਵਿਆਖਿਆ ਰਾਹੀਂ ਵਡਮੁੱਲੀ ਇਤਿਹਾਸਕ ਚੇਤਨਾ ਪ੍ਰਾਪਤ ਕਰਦੇ ਹਨ। ਇਹ ਇਤਿਹਾਸਕ ਚੇਤਨਾ ਨਵੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਤਿਹਾਸ ਦੀਆਂ ਨਵੀਆਂ ਵਿਆਖਿਆਵਾਂ ਦੇ ਸਨਮੁਖ ਕਰਦੀ ਹੈ। ਇਸ ਤਰ੍ਹਾਂ ਇਤਿਹਾਸਕਾਰ ਜਾਂ ਸਮਾਜ ਵਿਗਿਆਨਕ ਆਪਣੇ ਪਾਠਕ ਨੂੰ ਕੌਮ ਵਿਰੋਧੀ ਸਿਧਾਂਤਕ ਵਿਆਖਿਆ ਰਾਹੀਂ ਜਾਂ ਤਾਂ ਉਲਝਾ ਦਿੰਦਾ ਹੈ ਤੇ ਉਸ ਦੇ ਇਤਿਹਾਸ ਸਬੰਧੀ ਮਾਨਸਿਕ ਤਣਾਅ ਨੂੰ ਹੋਰ ਵਧਾ ਦਿੰਦਾ ਹੈ ਤੇ ਜਾਂ ਕੌਮ ਪੱਖੀ ਸਿਧਾਂਤਕ ਵਿਆਖਿਆ ਰਾਹੀਂ ਨਵੀਂ ਇਤਿਹਾਸਕ ਚੇਤਨਾ ਪੈਦਾ ਕਰਦਾ ਹੈ। ਇਹੀ ਕਾਰਨ ਹੈ ਕਿ ਹਰਜੋਤ ਉਬਰਾਏ ਅਤੇ ਅਰਵਿੰਦਪਾਲ ਮੰਡੇਰ ਪੜ੍ਹ ਕੇ ਕੌਮ ਪੱਖੀ ਸਿੱਖ ਮਾਨਸਿਕ ਉਲਝਣ ਦਾ ਸ਼ਿਕਾਰ ਹੋ ਜਾਂਦਾ ਹੈ ਪਰ ਸਰਦਾਰ ਅਜਮੇਰ ਸਿੰਘ ਦੀਆਂ ਕਿਤਾਬਾਂ ਇਤਿਹਾਸਕ ਤੌਰ 'ਤੇ ਚੇਤੰਨ ਸਿੱਖ ਨੂੰ ਇੱਕ ਖਾਸ ਕਿਸਮ ਦੇ ਇਤਿਹਾਸਕ ਤਣਾਅ ਤੋਂ ਮੁਕਤ ਕਰਦੀਆਂ ਹਨ ਅਤੇ ਇੱਕ ਵੱਖਰੀ ਇਤਿਹਾਸਕ ਚੇਤਨਾ ਪੈਦਾ ਕਰਦੀਆਂ ਹਨ। ਪਰ ਨੇਸ਼ਨ ਸਟੇਟ ਸਬੰਧੀ ਸਰਦਾਰ ਅਜਮੇਰ ਸਿੰਘ ਦੇ ਵਿਸ਼ਲੇਸ਼ਣ ਦੀਆਂ ਕੁਝ ਸਿਧਾਂਤਕ ਪੱਖਾਂ ਤੋਂ ਕਮੀਆਂ ਹਨ। ਇਸ ਬਾਰੇ ਇੱਕ ਵੱਖਰੇ ਲੇਖ ਰਾਹੀਂ ਜ਼ਿਕਰ ਕੀਤਾ ਜਾਵੇਗਾ।

ਇਸੇ ਤਰ੍ਹਾਂ ਸਰਦਾਰ ਜਸਪਾਲ ਸਿੰਘ ਦਾ ਲੇਖ ਅੰਗਰੇਜ਼ੀ ਕਾਲ ਦੌਰਾਨ ਇਤਿਹਾਸ ਦੇ ਸਿੱਖ ਪਾਤਰਾਂ ਦੀਆਂ ਕਾਰਵਾਈਆਂ ਦੀ ਨੇਸ਼ਨ ਸਟੇਟ ਦੇ ਸਿਧਾਂਤ ਦੇ ਸੰਦਰਭ ਵਿੱਚ ਨਾ ਤਾਂ ਕੋਈ ਪੜਤਾਲ ਹੀ ਕਰਦਾ ਹੈ ਤੇ ਨਾਂ ਸਿੱਖ ਰਾਜਨੀਤਿਕ ਮਾਡਲ ਦੀ ਸੰਦਰਭ ਵਿੱਚ ਕੋਈ ਇਤਿਹਾਸਕ ਚੇਤਨਾ ਸਿਰਜਦਾ ਹੈ। ਇਸ ਤਰ੍ਹਾਂ ਇਹ ਲੇਖ ਮੌਜੂਦਾ ਸਿੱਖ ਪੀੜ੍ਹੀ ਦਾ ਆਪਣੀਆਂ ਪਿਛਲੀਆਂ ਪੀੜ੍ਹੀਆਂ ਨਾਲ ਉਚਿਤ ਸੰਚਾਰ ਪੈਦਾ ਕਰਨ ਵਿੱਚ ਵੀ ਲਾਹੇਵੰਦ ਨਹੀਂ ਹੁੰਦਾ। ਵਿਹਾਰਕ ਤੌਰ 'ਤੇ ਨੇਸ਼ਨ ਸਟੇਟ ਦੇ ਵਿਗਾਸ ਅਮਲ, ਇਸ ਦੇ ਸਿਧਾਂਤਾਂ ਤੇ ਨਿਯਮਾਂ ਨੂੰ ਜਾਣੇ-ਸਮਝੇ ਬਿਨ੍ਹਾਂ ਅੰਗਰੇਜ਼ ਕਾਲ ਦੌਰਾਨ ਸਿੱਖ ਇਤਿਹਾਸਕ ਪਾਤਰਾਂ ਦੀਆਂ ਕਾਰਵਾਈਆਂ ਦਾ ਵਿਸ਼ਲੇਸ਼ਣ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੋਵੇਗਾ। 1928-29 ਦੇ ਮੰਗਲ ਸਿੰਘ ਗਿੱਲ ਅਤੇ 1947-48 ਦੇ ਸਰਦਾਰ ਹੁਕਮ ਸਿੰਘ ਦੀਆਂ ਕਾਰਵਾਈਆਂ ਦਾ ਤੁਲਣਾਤਮਿਕ ਅਧਿਐਨ ਨੇਸ਼ਨ-ਸਟੇਟ ਦੀ ਸਿਧਾਂਤਕ ਸਮਝ ਤੋਂ ਬਿਨ੍ਹਾਂ ਕਿਵੇਂ ਹੋ ਸਕਦਾ ਹੈ ?

**ਸਰਦਾਰ ਜਸਪਾਲ ਸਿੰਘ ਨੇ ਭਾਰਤੀ ਨੇਸ਼ਨ ਸਟੇਟ ਵੱਲੋਂ ਸਿੱਖ ਘੱਟ ਗਿਣਤੀ ਨੂੰ ਭਾਰਤੀ ਕੌਮੀ ਪਛਾਣ ਸਿਰਜਣ ਲਈ ਦਬਾਉਣ ਦੀ ਨੀਤੀ ਦਾ ਸਿਰਫ਼ ਵਰਨਣ ਕੀਤਾ ਹੈ। ਉਨ੍ਹਾਂ ਲਈ ਜ਼ਰੂਰੀ ਸੀ ਕਿ ਉਹ ਮੌਜੂਦਾ ਸਮੇਂ ਵਿੱਚ ਸਿੱਖ ਪਾਠਕਾਂ ਨੂੰ ਇਹ ਯਾਦ ਕਰਵਾਉਂਦੇ ਕਿ 'ਭਾਰਤੀ ਨੇਸ਼ਨ ਸਟੇਟ' ਦੇ ਅਤਿ ਕੇਂਦਰਕ੍ਰਿਤ ਰੂਪ ਬਾਰੇ ਭਾਰਤੀ ਰਾਸ਼ਟਰੀ ਆਗੂਆਂ ਨੇ 1928-29 ਦੇ 'ਨਹਿਰੂ ਸੰਵਿਧਾਨ' ਵਿੱਚ ਹੀ ਸਪਸ਼ਟ ਕਰ ਦਿੱਤਾ ਸੀ।**

# ਕੀ ਨੇਸ਼ਨ ਸਟੇਟ ਏਨੀ ਹੀ ਮਾੜੀ ਹੈ ?

**ਅਵਤਾਰ ਸਿੰਘ**

ਕੌਮਾਂਤਰੀ ਸਿਆਸੀ ਧਾਰਾ ਨਾਲ ਸਬੰਧਿਤ ਇੱਕ ਮਹੱਤਵਪੂਰਨ ਤੱਤ ਨੇਸ਼ਨ ਸਟੇਟ ਬਾਰੇ ਸਿੱਖ ਹਲਕਿਆਂ ਵਿੱਚ ਗਾਹੇ-ਬਗਾਹੇ ਆਮ ਹੀ ਚਰਚਾ ਚਲਦੀ ਰਹਿੰਦੀ ਹੈ। ਬਹੁਤੇ ਸਿੱਖ ਵਿਦਵਾਨ ਨੇਸ਼ਨ-ਸਟੇਟ ਨੂੰ ਇੱਕ ਬਹੁਤ ਹੀ ਖਤਰਨਾਕ ਅਤੇ ਅਛੂਤ ਵਰਤਾਰੇ ਦੇ ਤੌਰ 'ਤੇ ਪਰਿਭਾਸ਼ਿਤ ਕਰਦੇ ਹਨ ਅਤੇ ਸਿੱਖਾਂ ਨੂੰ ਇਹ ਬਹੁਤ ਹੀ ਅਨਮੁੱਲੀ ਸਲਾਹ ਦਿੰਦੇ ਨਜ਼ਰ ਆਉਂਦੇ ਹਨ ਕਿ ਨੇਸ਼ਨ ਸਟੇਟ ਦੇ ਚੱਕਰ ਵਿੱਚ ਨਾ ਪੈ ਜਾਇਓ ਨਹੀਂ ਤਾਂ ਮਾਰੇ ਜਾਓਗੇ। ਦੁਖਦਾਈ ਗੱਲ ਇਹ ਹੈ ਕਿ ਉਪਰੋਕਤ ਵਿਦਵਾਨ ਗੁਰਬਾਣੀ ਦੀਆਂ ਕੁਝ ਪਵਿੱਤਰ ਤੁਕਾਂ ਦੀ ਵਰਤੋਂ ਕਰਕੇ ਆਪਣੀ ਜਿੰਮੇਵਾਰੀ ਤੋਂ ਪੱਲਾ ਝਾੜ ਜਾਂਦੇ ਹਨ ਅਤੇ ਸਿੱਖਾਂ ਦੀ ਰਾਜਸੀ ਹੋਣੀ ਬਾਰੇ ਉਨ੍ਹਾਂ ਕੋਲ ਨਾ ਕੋਈ ਬਦਲਵਾਂ ਪ੍ਰਬੰਧ ਹੈ ਨਾ ਹੀ ਮਾਡਲ। ਇਸ ਲੇਖ ਰਾਹੀਂ ਅਸੀਂ ਨੇਸ਼ਨ ਸਟੇਟ ਬਾਰੇ ਕੌਮਾਂਤਰੀ ਇਤਿਹਾਸਕਾਰੀ ਦੇ ਸੰਦਰਭ ਵਿੱਚੋਂ ਸਿੱਖ ਸਟੇਟ ਦੀ ਸੰਭਾਵਨਾ ਬਾਰੇ ਵਿਚਾਰ ਚਰਚਾ ਕਰਨ ਦਾ ਯਤਨ ਕਰਾਂਗੇ।ਅਸੀਂ ਇਹ ਗੱਲ ਪਹਿਲੋਂ ਹੀ ਮੰਨ ਰਹੇ ਹਾਂ ਕਿ ਅਸੀਂ ਇਸ ਵਿਸ਼ੇ ਦੀ ਕੋਈ ਅੰਤਿਮ ਅਥਾਰਟੀ ਨਹੀਂ ਹਾਂ। ਸਾਡੀਆਂ ਵੀ ਬੌਧਿਕ ਸੀਮਤਾਈਆਂ ਅਤੇ ਕਮਜ਼ੋਰੀਆਂ ਹਨ ਪਰ ਆਪਣੀ ਤੁੱਛ ਬੁੱਧੀ ਅਨੁਸਾਰ ਅਸੀਂ ਯਤਨ ਕਰਾਂਗੇ ਕਿ ਕੁਝ ਸਾਰਥਕ ਨਿਕਲ ਆਵੇ।

ਅਸਲ ਵਿੱਚ ਪੇਸ਼ ਮਸਲੇ ਦੇ ਸੰਦਰਭ ਵਿੱਚ ਜੋ ਸਾਨੂੰ ਸਮਝ ਆਇਆ ਹੈ ਉਹ ਇਹ ਹੈ ਕਿ ਨੇਸ਼ਨ ਸਟੇਟ ਦਾ ਸੰਕਲਪ ਏਨਾ ਖਤਰਨਾਕ ਨਹੀਂ ਹੈ ਜਿੰਨਾ ਇਸ ਨੂੰ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਹ ਵੀ ਸਵਾਲ ਉਠਾਇਆ ਜਾ ਰਿਹਾ ਹੈ ਕਿ ਜੇ ਸਿੱਖਾਂ ਦੀਆਂ ਸਾਰੀਆਂ ਸਮੱਸਿਆਵਾਂ ਅਤੇ ਦੁਸ਼ਵਾਰੀਆਂ ਦਾ ਸਭ ਤੋਂ ਵੱਡਾ ਕਾਰਨ ਭਾਰਤ ਨੂੰ ਇੱਕ ਨੇਸ਼ਨ ਸਟੇਟ ਬਣਾਉਣ ਦੇ ਯਤਨ ਹੀ ਹਨ ਤਾਂ ਫ਼ਿਰ ਭਵਿੱਖ ਵਿੱਚ ਜਦੋਂ ਸਿੱਖਾਂ ਨੇ ਆਪਣੀ ਨੇਸ਼ਨ ਸਟੇਟ ਸਿਰਜਣੀ ਹੈ ਤਾਂ ਅਸੀਂ ਕਿਸ ਮੂੰਹ ਨਾਲ ਉਸ ਨੂੰ ਸਹੀ ਠਹਿਰਾਵਾਂਗੇ। ਜਾਂ ਅਸੀਂ ਕਿਸ ਮੂੰਹ ਨਾਲ ਆਪਣੀ ਭਵਿੱਖ ਦੀ ਪੀੜ੍ਹੀ ਨੂੰ ਆਪਣੀ ਨੇਸ਼ਨ ਸਟੇਟ ਸਿਰਜਣ ਲਈ ਹੌਸਲਾ ਅਤੇ ਅਗਵਾਈ ਦੇ ਸਕਾਂਗੇ। ਇਤਰਾਜ਼ ਕਰਨ ਵਾਲੇ ਸੱਜਣਾਂ ਦਾ ਕਹਿਣਾ ਹੈ ਕਿ ਨੇਸ਼ਨ ਸਟੇਟ ਦੀ ਨਫ਼ਰਤ ਭਰੀ ਵਿਆਖਿਆ ਕਰ ਕਰ ਕੇ ਕੁਝ ਸਿੱਖ ਵਿਦਵਾਨਾਂ ਨੇ ਸਿੱਖ ਨੇਸ਼ਨ ਸਟੇਟ ਦੇ ਰਾਹ ਰੋਕ ਲਏ ਹਨ।

ਜਦੋਂ ਤੁਸੀਂ ਨੈਸ਼ਨਲਇਜ਼ਮ ਅਤੇ ਨੇਸ਼ਨ ਸਟੇਟ ਦੇ ਵਰਤਾਰੇ ਦਾ ਅਧਿਐਨ ਕਰਦੇ ਹੋ ਤਾਂ ਇਹ ਸਵਾਲ ਸਹਿਜੇ ਹੀ ਹਰ ਜੁਝਾਰੂ (ਨੈਸ਼ਨਲਿਸਟ) ਦੇ ਮਨ ਵਿੱਚ ਆਉਂਦੇ ਹਨ। ਜਿਨ੍ਹਾਂ ਨੇ ਕਿਸੇ ਮਕਸਦ ਲਈ ਆਪਣਾ ਲਹੂ ਡੋਲ੍ਹਿਆ ਹੁੰਦਾ ਹੈ ਉਨ੍ਹਾਂ ਦੇ ਮਨ ਵਿੱਚ ਇਹ ਸਵਾਲ ਅਕਸਰ ਆਉਂਦਾ ਹੈ ਕਿ ਜੇ ਨੇਸ਼ਨ ਸਟੇਟ ਏਨੀ ਹੀ ਮਾੜੀ ਹੈ ਤਾਂ ਫ਼ਿਰ ਅਸੀਂ ਕਾਹਦੇ ਲਈ ਲੜ-ਮਰ ਰਹੇ ਹਾਂ ?

ਇੱਕ ਪਾਸੇ ਕੌਮਵਾਦ ਦਾ ਧੁਨੰਤਰ ਵਿਦਵਾਨ ਐਨਥਨੀ ਸਮਿੱਥ ਇਹ ਆਖਦਾ ਹੈ ਕਿ ਦੁਨੀਆ ਭਰ ਦੀਆਂ ਸਿਆਸੀ ਫ਼ਿਲਾਸਫ਼ੀਆਂ, ਦ੍ਰਿਸਟੀਆਂ ਅਤੇ ਵਿਸ਼ਵਾਸ਼ਾਂ ਵਿੱਚੋਂ ਜੇ ਕਿਸੇ ਵਿਚਾਰ ਨੇ ਸਭ ਤੋਂ ਜਿਆਦਾ ਵਫ਼ਾਦਾਰੀ ਹਾਸਲ ਕੀਤੀ ਹੈ ਤਾਂ ਉਹ ਕੌਮਵਾਦ ਦਾ ਫ਼ਲਸਫ਼ਾ ਹੀ ਹੈ। ਹੋਰਨਾਂ ਵਿਸ਼ਵਾਸ਼ਾਂ ਨੇ ਬੇਸ਼ੱਕ ਦੁਨੀਆ ਭਰ ਦੇ ਲੋਕਾਂ ਨੂੰ ਬਹੁਤ ਵੱਡੇ ਕਾਰਨਾਮੇ ਕਰਨ ਲਈ ਪ੍ਰੇਰਿਤ ਕੀਤਾ ਹੋਵੇ ਪਰ ਕੌਮੀ ਅਜ਼ਾਦੀ ਦੇ ਸੁਪਨੇ ਨਾਲ ਪ੍ਰਣਾਏ ਹੋਏ ਜੁਝਾਰਵਾਦ ਦੇ ਵਿਚਾਰ ਨੇ ਹੀ ਦੁਨੀਆ ਭਰ ਵਿੱਚ ਅਣਗਿਣਤ ਲੋਕਾਂ ਨੂੰ ਆਪਣੀ ਜਾਨ ਅਤੇ ਆਪਣਾ ਸਭ ਕੁਝ ਕੁਰਬਾਨ ਕਰ ਦੇਣ ਲਈ ਪ੍ਰੇਰਿਤ ਕੀਤਾ ਹੈ। ਅੱਜ ਵੀ ਦੁਨੀਆ ਭਰ ਦੇ ਕਰੋੜਾਂ ਲੋਕ ਆਪਣੀ ਅਜ਼ਾਦੀ ਲਈ ਆਪਣੀਆਂ ਜਾਨਾਂ ਨਿਛਾਵਰ ਕਰਨ ਲਈ ਤਿਆਰ ਬੈਠੇ ਹਨ।

ਫ਼ਿਰ ਇਸ ਸਥਿਤੀ ਵਿੱਚ ਨੇਸ਼ਨ ਸਟੇਟ ਨੂੰ ਭੰਡੀ ਜਾਣਾਂ ਅਤੇ ਉਸ ਨੂੰ ਏਨਾ ਖ਼ਤਰਨਾਕ ਬਣਾ ਕੇ ਪੇਸ਼ ਕਰਨਾ ਕਿੱਧਰ ਦੀ ਸਿਆਣਪ ਹੈ ? ਇਹ ਸਵਾਲ ਹਰ ਕੌਮਵਾਦੀ ਦੇ ਮਨ ਵਿੱਚ ਉੱਠਣਾ ਸੁਭਾਵਿਕ ਹੈ।

ਇੱਥੇ ਆਕੇ ਇੱਕ ਬੌਧਿਕ ਅਤੇ ਫ਼ਲਸਫ਼ਈ ਤੋੜ-ਵਿਛੋੜੇ ਦੀ ਅਤੇ ਡੂੰਘੀ ਵਿਆਖਿਆ ਦੀ ਲੋੜ ਹੁੰਦੀ ਹੈ ਜੋ ਹਾਲੇ ਸ਼ਾਇਦ ਸਾਡੇ ਤੋਂ ਥੋੜੀ ਦੂਰ ਚੱਲ ਰਹੀ ਹੈ।

ਅਸੀਂ ਹਾਲ ਦੀ ਘੜੀ ਨੇਸ਼ਨ-ਸਟੇਟ ਅਤੇ ਨੈਸ਼ਨਲ ਸਟੇਟ ਦਰਮਿਆਨ ਫ਼ਰਕ ਨੂੰ ਸਮਝ ਨਹੀਂ ਸਕੇ। ਅਰਜੁਨ ਅੱਪਾਦੁਰਾਈ ਆਖਦਾ ਹੈ ਕਿ ਜਦੋਂ ਕੋਈ ਬਹੁ-ਗਿਣਤੀ ਇਕੋ ਦੇਸ਼ ਵਿੱਚ ਵਸਣ ਵਾਲੀਆਂ ਬਹੁਤੀਆਂ ਕੌਮਾਂ ਨੂੰ ਇੱਕੋ ਰੱਸੇ ਨਾਲ ਬੰਨ੍ਹਕੇ ਉਨ੍ਹਾਂ ਦਾ ਭਾਰਤੀਕਰਨ, ਇੰਡੋਨੇਸ਼ੀਆਈਕਰਨ ਜਾਂ ਬਰਤਾਨਵੀਕਰਨ ਕਰਨ ਦੀ ਜਿੱਦ ਕਰਨ ਲੱਗਦੀ ਹੈ ਤਾਂ ਛੋਟੀਆਂ ਕੌਮਾਂ ਵਿੱਚ ਵਿਦਰੋਹ ਪੈਣੇ ਲਾਜ਼ਮੀ ਹਨ। ਜਦੋਂ ਛੋਟੀਆਂ ਕੌਮਾਂ ਵਿਦਰੋਹ ਕਰਦੀਆਂ ਹਨ ਤਾਂ ਫ਼ਿਰ ਭਾਰੂ ਬਹੁ-ਗਿਣਤੀ ਆਪਣੀ ਫ਼ੌਜੀ ਤਾਕਤ, ਅਫ਼ਸਰਸ਼ਾਹੀ ਅਤੇ ਕੌਮਾਂਤਰੀ ਡਿਪਲੋਮੇਸੀ ਦਾ ਸਹਾਰਾ ਲੈ ਕੇ ਉਨ੍ਹਾਂ ਛੋਟੀਆਂ ਕੌਮਾਂ ਨੂੰ ਤਬਾਹ ਕਰਨ ਦੇ ਰਾਹ ਪੈਂਦੀ ਹੈ।ਉਹ ਆਖਦਾ ਹੈ ਕਿ ਜਦੋਂ ਬਹੁ-ਕੌਮੀ ਦੇਸ਼ ਨੂੰ ਇੱਕ ਕੌਮੀ, ਨੇਸ਼ਨ-ਸਟੇਟ ਵਿੱਚ ਤਬਦੀਲ ਕਰਨ ਦੇ ਯਤਨ ਹੁੰਦੇ ਹਨ।ਜਦੋਂ ਛੋਟੀਆਂ ਕੌਮਾਂ ਇਨ੍ਹਾਂ ਮਾਰੂ ਯਤਨਾਂ ਦਾ ਵਿਰੋਧ ਕਰਦੀਆਂ ਹਨ ਤਾਂ ਉਨ੍ਹਾਂ ਕੌਮਾਂ ਦੇ ਬੱਚਿਆਂ, ਬੀਬੀਆਂ ਅਤੇ ਬਜ਼ੁਰਗਾਂ ਦੇ ਅੱਧ-ਕਟੇ ਅਤੇ ਅੱਧ-ਜਲੇ ਅੰਗ ਸੜਕਾਂ ਤੇ ਖਿਲਾਰ ਦਿੱਤੇ ਜਾਂਦੇ ਹਨ।

ਹੁਣ ਦਰਪੇਸ਼ ਮਸਲੇ ਦੇ ਸੰਦਰਭ ਵਿੱਚ ਅਸੀਂ ਇਹ ਆਖਣਾ ਚਾਹੁੰਦੇ ਹਾਂ ਕਿ ਦੁਨੀਆ ਭਰ ਦੇ ਸਾਰੇ ਮੁਲਕਾਂ ਵਿੱਚੋਂ ਸਿਰਫ਼ 15-16 ਮੁਲਕ ਹੀ ਨੇਸ਼ਨ ਸਟੇਟ ਅਖਵਾਉਣ ਦੇ ਹੱਕਦਾਰ ਹਨ, ਕਿਉਂਕਿ ਉੱਥੇ ਰਾਜ ਕਰਨ ਵਾਲੇ ਲੋਕਾਂ ਦੀ ਕੌਮ ਹੀ ਵਸਦੀ ਹੈ।ਦੁਨੀਆਂ ਦੇ ਬਾਕੀ ਸਾਰੇ ਮੁਲਕ ਨੇਸ਼ਨ-ਸਟੇਟ ਦੀ ਪਰਿਭਾਸ਼ਾ ਅਧੀਨ ਨਹੀਂ ਆਉਂਦੇ ਬਲਕਿ ਉਹ ਨੈਸ਼ਨਲ-ਸਟੇਟ ਦੀ ਪਰਿਭਾਸ਼ਾ ਅਧੀਨ ਆਉਂਦੇ ਹਨ। ਜਿੱਥੇ ਬਹੁਤ ਸਾਰੀਆਂ ਕੌਮਾਂ ਇੱਕੋ ਥਾਂ 'ਤੇ ਵਸਦੀਆਂ ਹਨ।ਜਦੋਂ ਨੈਸ਼ਨਲ-ਸਟੇਟ ਨੂੰ ਨੇਸ਼ਨ ਸਟੇਟ ਬਣਾਉਣ ਦੇ ਯਤਨ ਜਬਰ ਰਾਹੀਂ ਹੁੰਦੇ ਹਨ ਤਾਂ ਨੇਸ਼ਨ-ਸਟੇਟ ਇੱਕ ਫ਼ਾਸ਼ੀ ਸਟੇਟ ਬਣ ਜਾਂਦੀ ਹੈ।

ਇਸ ਲੇਖ ਵਿੱਚ ਜਦੋਂ ਅਸੀਂ ਫ਼ਾਸ਼ੀ ਸਟੇਟ ਸ਼ਬਦ ਦੀ ਵਰਤੋਂ ਕਰਾਂਗੇ ਤਾਂ ਇਸ ਨੂੰ ਭਾਰਤੀ ਹਿੰਦੂ ਸਟੇਟ ਦੇ ਸੰਦਰਭ ਵਿੱਚ ਹੀ ਸਮਝਿਆ ਜਾਵੇ।ਹਰ ਫ਼ਾਸ਼ੀ ਰਾਜਨੀਤੀਵਾਨ ਜਾਂ ਨੀਤੀਵਾਨ 'ਨੇਸ਼ਨ-ਸਟੇਟ' (ਇੱਕੋ ਕੌਮ ਦੀ ਨਿਰੰਕੁਸ਼ ਚੌਧਰ) ਸਥਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਹਰ ਜੁਝਾਰੂ ਅਜਿਹੀ ਨੈਸ਼ਨਲ ਸਟੇਟ ਸਿਰਜਣ ਲਈ ਯਤਨਸ਼ੀਲ ਹੁੰਦਾ ਹੈ ਜਿੱਥੇ ਨਾਗਰਿਕਾਂ ਦੀ ਮੁਢਲੀ ਅਜ਼ਾਦੀ (ਸਿਟੀਜਨ ਆਟੋਨੌਮੀ ) ਖੇਤਰੀ ਏਕਤਾ (ਟੈਰੀਟੋਰੀਅਲ ਯੂਨਿਟੀ) ਅਤੇ ਇਤਿਹਾਸਕ ਪਹਿਚਾਣ (ਹਿਸਟੋਰੀਕ ਐਂਡਿਟੀ) ਸਟੇਟ ਦੇ ਪ੍ਰਮੁੱਖ ਨਿਸ਼ਾਨੇ ਹੁੰਦੇ ਹਨ।

ਨਾਗਰਿਕਾਂ ਦੀ ਮੁਢਲੀ ਅਜ਼ਾਦੀ ਦਾ ਮਤਲਬ ਹੈ ਕਿ ਹਰ ਮੁਲਕ ਵਿੱਚ ਵਸਦਾ ਹਰ ਨਾਗਰਿਕ ਬਰਾਬਰ ਹੈ ਅਤੇ ਜਿਸ ਨੂੰ ਸਵੈ-ਸ਼ਾਸ਼ਨ ਅਤੇ ਹਰ ਕਿਸਮ ਦੀ ਅਜ਼ਾਦੀ ਦਾ ਹੱਕ ਹਾਸਲ ਹੈ। ਦੇਸ਼ ਵਿੱਚ ਵਸਦੇ ਸਾਰੇ ਸਮੂਹ ਅਤੇ ਕੌਮਾਂ ਆਪਣੀ ਲੋੜ ਅਨੁਸਾਰ ਸਵੈ-ਸ਼ਾਸ਼ਨ ਦੇ ਕਨੂੰਨ ਘੜਦੇ ਹਨ ਅਤੇ ਬਿਨਾ ਕਿਸੇ ਬਾਹਰੀ ਦਬਾਅ ਤੋਂ ਸਵੈ-ਪ੍ਰਗਟਾਵੇ ਅਤੇ ਅਜ਼ਾਦੀ ਨੂੰ ਮਹਿਸੂਸ ਕਰ ਸਕਦੇ ਹਨ।

ਹੁਣ ਜੇ ਇੱਥੇ ਜੁਝਾਰੂਆਂ ਦੀ ਸਿਆਸੀ ਲੀਡਰਸ਼ਿਪ ਵੀ ਆਦਰਸ਼ਕ ਨਾ ਹੋਵੇ ਅਤੇ ਉਹ ਕੋਈ ਮਾੜਾ ਮੋਟਾ ਸਿਆਸੀ ਵਿਰੋਧ ਵੀ ਬਰਦਾਸ਼ਤ ਨਾ ਕਰ ਸਕੇ ਤਾਂ ਉਹ ਸਟੇਟ ਵੀ ਉਨ੍ਹਾਂ ਜੁਝਾਰੂਆਂ ਦੇ ਆਸ਼ੇ ਤੋਂ ਥਿੜਕ ਗਈ ਮੰਨੀ ਜਾਵੇਗੀ ਜਿਨ੍ਹਾਂ ਨੇ ਸਟੇਟ ਨੂੰ ਉਸਾਰਨ ਲਈ ਆਪਣਾ ਖ਼ੂਨ ਵਹਾਇਆ।

ਖ਼ੇਤਰੀ ਏਕਤਾ ਸਮੂਹ ਦੇ ਮੈਂਬਰਾਂ ਨੂੰ ਆਪਣੇ ਪਿਆਰੇ ਹੋਮਲੈਂਡ ਵਿੱਚ ਇਕੱਠੇ ਰਹਿਣ ਦੀ ਇੱਕ ਰੀਝ ਹੈ। ਜੋ ਬਹੁਤ ਘਾਲਣਾਵਾਂ ਤੋਂ ਬਾਅਦ ਪ੍ਰਾਪਤ ਹੋਈ ਹੁੰਦੀ ਹੈ।

ਇਤਿਹਾਸਕ ਪਹਿਚਾਣ ਉਸ ਹੋਮਲੈਂਡ ਵਿੱਚ ਰਹਿ ਰਹੇ ਲੋਕਾਂ ਨੂੰ ਸਮਝਣ ਦੀ ਕਸਰਤ ਹੈ ਜਿਸ ਅਧੀਨ ਬਿਲਕੁਲ ਖ਼ਾਤਮੇ ਦੀ ਹੱਦ ਤੋਂ ਮੁੜੇ ਕਾਫ਼ਲੇ ਦੇ ਇਤਿਹਾਸਕ ਅਨੁਭਵ ਨੂੰ ਉਨ੍ਹਾਂ ਦੇ ਸਾਂਝੇ ਇਤਿਹਾਸ, ਸੱਭਿਆਚਾਰ ਅਤੇ ਸਾਂਝੀਆਂ ਕੌਮੀ ਯਾਦਾਂ ਦੇ ਸੰਦਰਭ ਵਿੱਚ ਸਮਝਣ ਦਾ ਯਤਨ ਕੀਤਾ ਜਾਂਦਾ ਹੈ।

ਐਨਥਨੀ ਸਮਿੱਥ ਆਖਦਾ ਹੈ ਕਿ ਜੁਝਾਰੂਆਂ ਲਈ ਉਨ੍ਹਾਂ ਦੀ ਸਟੇਟ ਜਾਂ ਹੋਮਲੈਂਡ ਇੱਕ ਸੁਰੱਖਿਅਤ ਪਨਾਹਗਾਹ, ਇੱਕ ਪਰਵਾਨਿਤ ਨਖ਼ਲਿਸਤਾਨ ਦੇ ਤੌਰ 'ਤੇ ਹੁੰਦੇ ਹਨ ਜਿੱਥੇ ਉਹ ਰਾਸ਼ਟਰੀਅਤਾ ਨਾਲ ਆਪਣੇ ਸਬੰਧ ਹੋਰ ਮਜ਼ਬੂਤ ਕਰ ਸਕਦੇ ਹਨ। ਬੇਸ਼ੱਕ ਹਰ ਜੁਝਾਰੂ ਆਪਣਾ ਅਜ਼ਾਦ ਮੁਲਕ ਸਿਰਜਣ ਦਾ ਸੁਪਨਾ ਲੈ ਕੇ ਮੈਦਾਨ ਵਿੱਚ ਨਿੱਤਰਦਾ ਹੈ ਪਰ ਜੁਝਾਰੂਆਂ ਲਈ ਸਟੇਟ ਦਾ ਮਤਲਬ ਸਵੈ-ਸ਼ਾਸ਼ਨ ਹੁੰਦਾ ਹੈ ਨਾ ਕਿ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਕੇ ਜ਼ੁਲਮ ਦੀ ਹਨੇਰੀ ਚਲਾਉਣੀ ਅਤੇ ਘੱਟ-ਗਿਣਤੀਆਂ ਨੂੰ ਜਬਰ ਨਾਲ ਅਧੀਨ ਕਰਨਾ।

ਇਹ ਫ਼ਾਸ਼ੀਵਾਸਦੀਆਂ ਅਤੇ ਉਨ੍ਹਾਂ ਦੀ 'ਨੇਸ਼ਨ-ਸਟੇਟ' ਨਾਲੋਂ ਬਿਲਕੁਲ ਵੱਖਰਾ ਵਿਚਾਰ ਹੁੰਦਾ ਹੈ, ਜਿਨ੍ਹਾਂ (ਫ਼ਾਸ਼ੀਵਾਦੀਆਂ) ਦਾ ਪ੍ਰਮੁੱਖ ਨਿਸ਼ਾਨਾ ਹੀ ਸਟੇਟ ਤੇ ਕਿਸੇ ਵੀ ਹੀਲੇ ਕਬਜ਼ਾ ਕਰਕੇ ਇਸ ਨੂੰ ਫ਼ਿਰ ਇੱਕ ਗੁੰਡਾ ਗਰੋਹ ਵਿੱਚ ਤਬਦੀਲ ਕਰਨ ਦਾ ਹੁੰਦਾ ਹੈ। ਉਹ ਸਟੇਟ 'ਤੇ ਕਬਜ਼ਾ ਕਰਕੇ ਫ਼ਿਰ ਸਟੇਟ ਮਸ਼ੀਨਰੀ ਨੂੰ ਆਪਣੇ ਘਟੀਆ ਹਰਬਿਆਂ ਅਤੇ ਨਿਸ਼ਾਨਿਆਂ ਲਈ ਵਰਤਦੇ ਹਨ।

(ਐਂਥੋਨੀ ਸਮਿਥ-ਨੈਸ਼ਨਲਿਜ਼ਮ ਇਨ ਟਵੀਨਟੀਥ ਸੈਂਚੂਰੀ)

ਇਤਾਲਵੀ ਫ਼ਾਸ਼ੀ ਡਿਕਟੇਟਰ ਮੁਸੋਲਿਨੀ ਨੇ ਅਜਿਹੀ ਮਾਰੂ 'ਨੇਸ਼ਨ-ਸਟੇਟ' ਬਾਰੇ ਵਿਆਖਿਆ ਕਰਦੇ ਹੋਏ ਸਪਸ਼ਟ ਆਖਿਆ ਕਿ,'ਫ਼ਾਸ਼ੀਵਾਦ ਦਾ ਮੁੱਖ ਨਿਸ਼ਾਨਾ ਹੀ ਇੱਕ ਅਜਿਹੀ ਸਟੇਟ ਕਾਇਮ ਕਰਨ ਦਾ ਹੈ ਜੋ ਨਿਰੰਕੁਸ਼ ਹੋਵੇ ਅਤੇ ਜਿੱਥੇ ਵਸਣ ਵਾਲੇ ਲੋਕ ਉਸ ਸਟੇਟ ਦੀ ਹਰ ਆਗਿਆ ਦਾ ਪਾਲਣ ਕਰਨ ਵਾਲੇ ਹੋਣ ਅਤੇ ਕਿਸੇ ਨੂੰ ਵੀ ਸਟੇਟ ਦੇ ਫ਼ੈਸਲਿਆਂ ਦਾ ਵਿਰੋਧ ਕਰਨ ਦੀ ਗੱਲ ਨਹੀਂ ਸੋਚਣੀ ਚਾਹੀਦੀ'।

ਫ਼ਾਸ਼ੀ ਸਟੇਟ ਦੀ ਇੱਕ ਹੋਰ ਵਰਨਣਯੋਗ ਖਾਸੀਅਤ ਇਹ ਹੈ ਕਿ ਇਹ ਪਾਰਲੀਮਾਨੀ ਸਿਸਟਮ ਖਤਮ ਕਰਕੇ ਸਭ ਕੁਝ ਇੱਕ 'ਵਾਹਦ ਆਗੂ' (ਲੀਡਰ) ਅੱਗੇ ਸਮਰਪਿਤ ਕਰਦੀ ਹੈ। ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਭਾਰਤ ਦਾ ਪ੍ਰਧਾਨ ਮੰਤਰੀ ਆਪਣੀਆਂ ਪਾਰਲੀਮੈਂਟਰੀ ਜ਼ਿੰਮੇਵਾਰੀਆਂ ਨੂੰ ਵਿਸਾਰ ਕੇ, 'ਸੰਸਥਾ ਦੇ ਲੀਡਰ' ਅੱਗੇ ਜੁਆਬ ਦੇਹੀ ਕਰਦਾ ਹੈ।

ਫ਼ਾਸ਼ੀ ਸਟੇਟ ਹਰ ਵੇਲੇ ਹਿੰਸਾ ਦੇ ਸੋਹਲੇ ਗਾਉਂਦੀ ਹੈ ਅਤੇ ਹਿੰਸਾ ਤੋਂ ਪਾਰ ਦੇਖਣ ਦੀ ਉਸ ਵਿੱਚ ਸਮਰੱਥਾ ਹੀ ਨਹੀਂ ਹੁੰਦੀ। ਇਹ ਹਮੇਸ਼ਾ ਹਿੰਸਾ ਦੇ ਸੋਹਲੇ ਗਾਉਂਦੀ ਹੈ ਅਤੇ ਜੰਗ ਦਾ ਮਹੌਲ ਬਣਾਈ ਰਖਣਾ ਚਾਹੁੰਦੀ ਹੈ। ਇਸ ਦੇ ਮਨ ਵਿੱਚ ਘੱਟ-ਗਿਣਤੀਆਂ ਲਈ ਕੋਈ ਸਤਿਕਾਰ ਨਹੀਂ ਹੁੰਦਾ। ਇਹ ਘੱਟ-ਗਿਣਤੀਆਂ ਨੂੰ ਜੋਕਾਂ ਵਾਂਗ ਦੇਖਦੀ ਹੈ ਜਿਨ੍ਹਾਂ ਦਾ ਹਰ ਹੀਲੇ ਖਾਤਮਾ ਕੀਤਾ ਜਾਣਾਂ ਚਾਹੀਦਾ ਹੈ। ਸਿਰਫ਼ ਸਰੀਰਕ ਖਾਤਮਾ ਹੀ ਨਹੀਂ ਬਲਕਿ ਇਤਿਹਾਸਕ ਅਤੇ ਕਲਾਤਮਿਕ ਖਾਤਮਾ ਵੀ। ਇਸ ਸੰਦਰਭ ਵਿੱਚ ਐਨਥਨੀ ਸਮਿੱਥ ਨੇ ਫ਼ਾਸ਼ੀ ਵਿਚਾਰਧਾਰਾ ਦੇ ਪ੍ਰਭਾਵ ਥੱਲੇ ਆਏ ਜਰਮਨ ਵਿਦਵਾਨ ਵੈਗਨਰ ਦਾ ਜਿਕਰ ਕੀਤਾ ਹੈ ਜਿਸ ਨੇ ਫ਼ਾਸ਼ੀ ਵਿਚਾਰਧਾਰਾ ਅਧੀਨ, ਜਰਮਨ ਇਤਿਹਾਸ ਨੂੰ ਯਹੂਦੀ ਵਾਦ ਤੋਂ ਮੁਕਤ ਕਰਨ ਦਾ ਨਾਅਰਾ ਲਗਾ ਦਿੱਤਾ ਸੀ।

### ਫ਼ਾਸ਼ੀਵਾਦ ਅਤੇ ਜੁਝਾਰੂਵਾਦ ਦਾ ਫ਼ਰਕ

ਇਹ ਗੱਲ ਸਹੀ ਹੈ ਕਿ ਜੁਝਾਰੂ ਲਹਿਰਾਂ ਦਾ ਅੰਤਮ ਨਿਸ਼ਾਨਾ ਵੀ ਆਪਣਾ ਅਜ਼ਾਦ ਮੁਲਕ ਸਿਰਜਣਾ ਹੁੰਦਾ ਹੈ ਅਤੇ ਫ਼ਾਸ਼ੀਵਾਦੀ ਲੋਕ ਵੀ ਸਟੇਟ ਹਥਿਆਉਣੀ ਚਾਹੁੰਦੇ ਹਨ। ਪਰ ਇੱਥੇ ਫ਼ਰਕ ਦੋਵਾਂ ਦੇ ਨਿਸ਼ਾਨਿਆਂ ਅਤੇ ਕਿਰਦਾਰਾਂ ਦਾ ਹੈ।

ਜੁਝਾਰੂਆਂ ਲਈ ਉਨ੍ਹਾਂ ਦਾ ਕੌਮੀ ਸਰੂਪ ਅਜਿਹੇ ਲੋਕਾਂ ਤੋਂ ਹੁੰਦਾ ਹੈ ਜੋ ਹੋਰਨਾਂ ਕੌਮਾਂ ਤੋਂ ਆਪਣੇ ਨਿਆਰੇ ਇਤਿਹਾਸ, ਧਰਮ ਅਤੇ ਬੋਲੀ ਦੇ ਨਿਆਰੇਪਣ ਕਾਰਨ ਵੱਖਰੇ ਹੁੰਦੇ ਹਨ। ਜੁਝਾਰੂਆਂ ਲਈ ਹੋਮਲੈਂਡ ਦਾ ਭਾਵ ਅਜਿਹੇ ਖ਼ਿੱਤੇ ਤੋਂ ਹੁੰਦਾ ਹੈ ਜਿੱਥੇ ਰਹਿਣ ਵਾਲੇ ਲੋਕ ਸੰਪੂਰਨ ਤੌਰ 'ਤੇ ਅਜ਼ਾਦ ਹੋਣ, ਸਾਰਿਆਂ ਨੂੰ ਬਰਾਬਰ ਦੇ ਹੱਕ ਹੋਣ। ਸਾਰੇ ਆਪਣੇ ਹੱਕਾਂ ਅਤੇ ਜ਼ਿੰਮੇਵਾਰੀਆਂ ਨੂੰ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਆਦਰਸ਼ਕ ਮਨੁੱਖ ਬਣਨ ਵੱਲ ਵਧਣ। ਜੁਝਾਰੂਆਂ ਲਈ ਹੋਮਲੈਂਡ ਦਾ ਰਾਹ ਸਿਰਫ਼ ਸੱਤਾ ਹਾਸਲ ਕਰਕੇ ਹੀ ਨਹੀਂ ਮੁੱਕ ਜਾਂਦਾ ਬਲਕਿ ਉਨ੍ਹਾਂ ਨੇ ਤਾਂ ਇੱਕ ਅਜਿਹਾ ਆਦਰਸ਼ਕ ਮਨੁੱਖ ਸਿਰਜਣਾ ਹੁੰਦਾ ਹੈ ਜੋ ਵਾਹਿਗੁਰੂ ਵੱਲੋਂ ਸਿਰਜੇ ਵਿਸ਼ੇਸ਼ ਲੋਕਾਂ ਦੀ ਨਿਆਰੀ ਪਹਿਚਾਣ ਨੂੰ ਕਾਇਮ ਰੱਖ ਸਕੇ। ਜੁਝਾਰੂਆਂ ਦੇ ਹੋਮਲੈਂਡ ਦਾ ਮਤਲਬ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰਕੇ ਸਮਾਜ ਨੂੰ ਇੱਕਜੁਟਤਾ ਅਤੇ ਅਜ਼ਾਦੀ ਦੀ ਭਾਵਨਾ ਨਾਲ ਸਰਸ਼ਾਰ ਕਰਨ ਦਾ ਹੁੰਦਾ ਹੈ।

ਜਦੋਂ ਕਿ ਫ਼ਾਸ਼ੀਵਾਦੀ, ਕੌਮੀ ਜਜ਼ਬੇ ਅਤੇ ਨੇਸ਼ਨ ਸਟੇਟ ਨੂੰ ਇੱਕ ਸੰਦ ਵੱਜੋਂ ਦੇਖਦੇ ਹਨ। ਉਨ੍ਹਾਂ ਲਈ ਕੌਮੀ ਜਜ਼ਬਾ ਅਤੇ ਨੇਸ਼ਨ ਸਟੇਟ ਤਾਕਤ ਦਾ ਸੋਮਾ ਹੁੰਦਾ ਹੈ- ਹਥਿਆਰਾਂ ਦਾ ਅਜਿਹਾ ਭੰਡਾਰ ਜਿਸ ਨੂੰ ਉਹ ਆਪਣੀ ਇੱਛਾ, ਤਾਕਤ ਅਤੇ ਸੱਤਾ ਜਬਰੀ ਥੋਪਣ ਲਈ ਵਰਤਦੇ ਹਨ। ਇੱਥੇ ਵਿਅਕਤੀ ਦੀ ਨਿੱਜੀ ਅਜ਼ਾਦੀ ਦਾ ਕੋਈ ਸਬੰਧ ਨਹੀਂ ਸਭ ਕੁਝ ਨੇਸ਼ਨ-ਸਟੇਟ ਦੀ ਇੱਛਾ ਸ਼ਕਤੀ ਤੇ ਹੀ ਨਿਰਭਰ ਕਰਦਾ ਹੈ। ਨੇਸ਼ਨ ਦੀ ਨਾਗਰਿਕਤਾ ਫ਼ਾਸ਼ੀਵਾਦੀਆਂ ਲਈ ਕੋਈ ਅਰਥ ਨਹੀਂ ਰੱਖਦੀ। ਉਨ੍ਹਾਂ ਲਈ ਕਿਸੇ ਨਾਗਰਿਕ ਦੇ ਸਤਿਕਾਰ ਦੇ ਕੋਈ ਮਾਅਨੇ ਨਹੀਂ ਹੁੰਦੇ। ਫ਼ਾਸ਼ੀਵਾਦੀਆਂ ਦੀ ਨੇਸ਼ਨ ਸਟੇਟ ਦਾ ਮਤਲਬ ਕਿਸੇ ਇਖਲਾਕੀ ਉੱਚਤਾ ਦੇ ਮਾਡਲ ਰਾਹੀਂ ਕੌਮ ਦੀ ਪਹਿਚਾਣ ਸਥਾਪਤ ਕਰਨਾ ਨਹੀਂ ਹੁੰਦਾ ਬਲਕਿ ਸੱਤਾ ਦੀ ਨਿਰੰਕੁਸ਼ ਵਰਤੋਂ ਕਰਨ ਦਾ ਹੁੰਦਾ ਹੈ।ਜੁਝਾਰੂ ਕੌਮਵਾਦੀ ਜਦੋਂ ਅਜ਼ਾਦ ਹੋ ਜਾਂਦੇ ਹਨ ਤਾਂ ਉਹ ਆਪਣੇ ਸਾਂਝੇ ਇਤਿਹਾਸ ਦੀ ਸਿਮਰਤੀ ਰਾਹੀਂ ਕੌਮੀ ਜਜ਼ਬੇ ਨੂੰ ਮਜ਼ਬੂਤ ਕਰਨ ਦਾ ਯਤਨ ਕਰਦੇ ਹਨ।

ਪਰ ਫ਼ਾਸ਼ੀਵਾਦੀਆਂ ਲਈ ਇਤਿਹਾਸ ਵੀ ਕਿਸੇ ਜਜ਼ਬੇ ਜਾਂ ਕੌਮੀ ਰੀਝ ਦੀ ਉਤਪਤੀ ਦਾ ਮਾਡਲ ਨਹੀਂ ਹੁੰਦਾ ਬਲਕਿ ਕਮਜ਼ੋਰ ਲੋਕਾਂ 'ਤੇ ਕੀਤੇ ਜਬਰ ਰਾਹੀਂ ਹਥਿਆਈ ਸੱਤਾ ਦੇ ਕਾਰਨਾਮਿਆਂ ਦਾ ਭੰਡਾਰ ਹੁੰਦਾ ਹੈ। ਤਾਕਤ ਦੀ ਕਮਜ਼ੋਰੀ ਤੇ ਜਿੱਤ, ਮੈਕਿਆਵਲੀ ਚਾਲਬਾਜ਼ੀ ਦੀ ਸਧਾਰਨਤਾ ਤੇ ਉੱਤਮਤਾ। ਸਿਆਣਪ, ਸੰਜਮ ਅਤੇ ਸੰਤੁਲਨ ਉੱਤੇ ਬੌਧਿਕ-ਵਧੀਕੀ ਦੀ ਜਿੱਤ।

ਜੁਝਾਰੂ ਜਿੱਥੇ ਆਪਣੇ ਹੋਮਲੈਂਡ ਨੂੰ ਰੂਹਾਨੀ ਨਜ਼ਰ ਨਾਲ ਦੇਖਦੇ ਅਤੇ ਅਤੇ ਇਸ ਦੀ ਪਵਿੱਤਰਤਾ ਨੂੰ ਉਸੇ ਭਾਵਨਾ ਨਾਲ ਬਹਾਲ ਰੱਖਣੀ ਚਾਹੁੰਦੇ ਹਨ ਦੂਜੇ ਪਾਸੇ ਫ਼ਾਸ਼ੀਵਾਦੀਆਂ ਲਈ ਸਟੇਟ ਮਹਿਜ਼ ਕਬਜ਼ੇ ਅਤੇ ਗੁਲਾਮੀ ਦਾ ਸੰਦ ਹੁੰਦੀ ਹੈ।

(ਐਂਥੋਨੀ ਸਮਿਥ-ਨੈਸ਼ਨਲਿਜ਼ਮ ਇਨ ਟਵੀਨਟੀਥ ਸੈਂਚੂਰੀ)

ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਨੇਸ਼ਨ-ਸਟੇਟ ਦੇ ਸੰਦਰਭ ਵਿੱਚ ਇਹ ਬਹੁਤ ਹੀ ਕਰੂਰ ਇਤਿਹਾਸਕ ਹਕੀਕਤਾਂ ਸਾਡੇ ਸਾਹਮਣੇ ਹਨ।ਅਰਜੁਨ ਅੱਪਾਦੁਰਾਈ ਨੇ ਆਖਿਆ ਹੈ ਕਿ ਸੰਕਟ ਉਦੋਂ ਖੜ੍ਹਾ ਹੁੰਦਾ ਹੈ ਜਦੋਂ ਬਹੁਕੌਮੀ ਮੁਲਕ ਨੂੰ ਸਟੇਟ ਦੀ ਫ਼ੌਜੀ ਸ਼ਕਤੀ ਰਾਹੀਂ ਇੱਕ-ਕੌਮੀ ਸਟੇਟ ਭਾਵ ਨੇਸ਼ਨ ਸਟੇਟ ਬਣਾਉਣ ਦਾ ਯਤਨ ਹੁੰਦਾ ਹੈ।

ਸਮਿੱਥ ਵੀ ਆਖਦਾ ਹੈ ਕਿ ਜਦੋਂ ਕਿਸੇ ਮੁਲਕ 'ਤੇ ਰਾਜ ਕਰ ਰਹੀ ਭਾਰੂ ਬਹੁਗਿਣਤੀ ਆਪਣੇ ਸਮੂਹ ਦੀ ਇਤਿਹਾਸਕ ਯਾਦ ਨੂੰ ਕੌਮੀ ਯਾਦ (ਨੈਸ਼ਨਲ ਮੈਮਰੀ) ਬਣਾ ਕੇ ਥੋਪਣ ਲੱਗ ਜਾਵੇ ਉਦੋਂ ਫ਼ਿਰ ਛੋਟੀਆਂ ਕੌਮਾਂ ਬਗਾਵਤ ਕਰ ਦਿੰਦੀਆਂ ਹਨ। ਖਾਸ ਕਰਕੇ ਜਦੋਂ ਛੋਟੀਆਂ ਕੌਮਾਂ ਦਾ ਆਪਣਾ ਜਾਂਬਾਜ ਇਤਿਹਾਸ ਹੋਵੇ। ਇਸ ਸੰਦਰਭ ਵਿੱਚ ਨੇਸ਼ਨ-ਸਟੇਟ ਦੇ ਖ਼ੂੰਖਾਰੂ ਖ਼ਾਸੇ ਨੂੰ ਸਮਝਣ ਦੀ ਲੋੜ ਹੈ ਅਤੇ ਸਿੱਖ ਸਟੇਟ ਦੇ ਭਵਿੱਖ ਬਾਰੇ ਕੋਈ ਯੋਜਨਾਬੱਧ ਡਾਕੂਮੈਂਟ ਲਿਆਉਣ ਦੀ ਲੋੜ ਹੈ। ਜੇ ਕਿਸੇ ਇਤਿਹਾਸਕਾਰ ਨੇ ਫ਼ਾਸ਼ੀ (ਭਾਰਤੀ) ਨੇਸ਼ਨ-ਸਟੇਟ ਦਾ ਕਿਰਦਾਰ ਸਾਹਮਣੇ ਲਿਆਂਦਾ ਹੈ ਤਾਂ ਹੁਣ ਸਾਰਾ ਭਾਰ ਉਸੇ 'ਤੇ ਹੀ ਨਾ ਪਾਇਆ ਜਾਵੇ। ਨੈਸ਼ਨਲਇਜ਼ਮ ਦੇ ਸਿੱਖ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਇਸ ਰੀਲੇਅ ਰੇਸ ਦਾ ਡੰਡਾ ਫ਼ੜਕੇ ਇਸ ਕਾਰਜ ਨੂੰ ਅੱਗੇ ਵਧਾਉਣ। ਨੈਸ਼ਨਲਇਜ਼ਮ ਦਾ ਅਧਿਆਇ ਕਿਸੇ ਇੱਕ ਅੱਧੇ ਵਿਦਵਾਨ ਜਾਂ ਇੱਕ ਅੱਧੀ ਕਿਤਾਬ ਦਾ ਮੁਥਾਜ ਨਹੀਂ ਹੈ। ਹਜ਼ਾਰਾਂ ਕਿਤਾਬਾਂ ਵੀ ਇਸ ਦੇ ਸਾਰੇ ਵਜੂਦ ਦੀ ਵਿਆਖਿਆ ਨਹੀਂ ਕਰ ਸਕਦੀਆਂ। ਸਾਨੂੰ ਇਸ ਪਾਸੇ ਸੁਹਿਰਦ ਯਤਨ ਕਰਨੇ ਚਾਹੀਦੇ ਹਨ।

ਸਭ ਤੋਂ ਪਹਿਲਾਂ ਤਾਂ ਨੇਸ਼ਨ-ਸਟੇਟ ਅਤੇ ਨੈਸ਼ਨਲ-ਸਟੇਟ ਦੇ ਖ਼ਾਸੇ ਨੂੰ ਸਮਝਣ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਉਸ ਤੋਂ ਬਾਅਦ ਭਵਿੱਖ ਦੀ ਸਿੱਖ ਸਟੇਟ ਬਾਰੇ ਸੋਚਿਆ ਜਾਣਾਂ ਚਾਹੀਦਾ ਹੈ

ਸਮਿੱਥ ਆਖਦਾ ਹੈ ਕਿ ਕੋਈ ਕੌਮ ਮਹਿਜ਼ ਆਪਣੇ ਸਾਂਝੇ ਨਿਸ਼ਾਨ ਚਿੰਨ੍ਹਾਂ ਅਤੇ ਸਾਂਝੀਆਂ ਯਾਦਾਂ ਕਰਕੇ ਹੀ ਸੰਪੂਰਨ ਨਹੀਂ ਹੋ ਜਾਂਦੀ ਬਲਕਿ ਉਸ ਦੀ ਯਾਦ ਵਿੱਚ ਆਪਣੇ ਗਵਾਚੇ ਹੋਏ ਹੋਮਲੈਂਡ ਦੀ ਕਸਕ ਅਤੇ ਉਸ ਇਤਿਹਾਸਕ ਧਰਤੀ ਨਾਲ ਲਗਾਅ ਵੀ ਕੌਮੀ ਭਾਵਨਾ ਨੂੰ ਮਜ਼ਬੂਤ ਕਰਨ ਦਾ ਵੱਡਾ ਕਾਰਨ ਹੈ। ਇਹ ਸਾਂਝੀਆਂ ਯਾਦਾਂ ਅਤੇ ਸਾਂਝੇ ਦਰਦ ਕੌਮ ਦੀਆਂ ਅਗਲੀਆਂ ਪੀੜ੍ਹੀਆਂ ਦੇ ਨਾਂ ਇੱਕ ਅਜਿਹੀ ਬੰਨ੍ਹਵੀ ਵਿਰਾਸਤ ਕਰ ਦੇਂਦੀਆਂ ਹਨ ਜੋ ਉਨ੍ਹਾਂ ਨੂੰ ਔਕੜਾਂ ਵਿੱਚ ਰਾਹ ਦਿਖਾਉਂਦੀ ਰਹਿੰਦੀ ਹੈ।

ਸਮਿੱਥ ਆਖਦਾ ਹੈ ਕਿ ਆਪਣੇ ਪੁਰਖਿਆਂ ਦੀ ਪਵਿੱਤਰ ਧਰਤੀ ਨਾਲ ਗਹਿਰਾ ਲਗਾਅ ਕੌਮ ਨੂੰ ਉਹ ਧਰਤੀ ਮੁੜ ਹਾਸਲ ਕਰ ਲੈਣ ਦੀ ਰੀਝ ਨਾਲ ਓਤ ਪੋਤ ਕਰ ਦਿੰਦਾ ਹੈ ਜਿੱਥੇ ਕੌਮ ਦੇ ਵੱਡੇ ਵਡੇਰਿਆਂ ਨੇ ਸੁਨਹਿਰਾ ਇਤਿਹਾਸ ਸਿਰਜਿਆ ਹੁੰਦਾ ਹੈ। ਆਪਣੇ ਹੋਮਲੈਂਡ ਨੂੰ ਰੱਬ ਵੱਲੋਂ ਬਖਸ਼ੀ ਦਾਤ ਸਮਝ ਕੇ ਵਿਚਰਨ ਵਾਲੀ ਕੌਮ ਦੇ ਮਨ ਵਿੱਚ ਇਹ ਅਹਿਸਾਸ ਮਜ਼ਬੂਤ ਹੋ ਜਾਂਦਾ ਹੈ ਕਿ ਇਹ ਨਿਆਰੀ ਧਰਤੀ ਪਰਮਾਤਮਾ ਨੇ ਆਪਣੇ ਖਾਸ ਚੁਣੇ ਹੋਏ ਲੋਕਾਂ ਲਈ ਬਖਸ਼ੀ ਹੈ। ਰੂਹਾਨੀ ਧਰਤੀ ਅਤੇ ਪਵਿੱਤਰ ਮਿੱਟੀ ਹੀ ਪਰਮਾਤਮਾ ਵੱਲੋਂ ਸਾਜੇ ਵਿਸ਼ੇਸ਼ ਲੋਕਾਂ ਦੇ ਅਨੁਕੂਲ ਹੋ ਸਕਦੀ ਹੈ। ਪਰਮਾਤਮਾ ਦੀ ਵਿਸ਼ੇਸ਼ ਔਲਾਦ ਉਸ ਧਰਤੀ 'ਤੇ ਹੀ ਵਸ ਸਕਦੀ ਹੈ ਜਿੱਥੇ ਉਨ੍ਹਾਂ ਦੇ ਮਾਤਾ ਪਿਤਾ ਵਸਦੇ ਰਹੇ ਸਨ, ਜਿੱਥੇ ਉਨ੍ਹਾਂ ਦੇ ਬਹਾਦਰ ਸੂਰਮੇ ਸੰਘਰਸ਼ ਕਰਦੇ ਰਹੇ ਸਨ, ਜਿੱਥੇ ਉਨ੍ਹਾਂ ਦੇ ਸੰਤ ਅਰਦਾਸਾਂ ਕਰਦੇ ਰਹੇ ਸਨ। ਉਹ ਮੈਦਾਨ, ਉਹ ਪਰਬਤ ਅਤੇ ਉਹ ਖੇਤ ਜਿੱਥੇ ਸਾਡੇ ਪੁਰਖਿਆਂ ਦਾ ਲਹੂ ਡੁੱਲ੍ਹਿਆ ਹੈ ਉਸ ਪਵਿਤਰ ਧਰਤ 'ਤੇ ਵਸਣਾ ਵਿਸ਼ੇਸ਼ ਲੋਕਾਂ ਦਾ ਅਧਿਕਾਰ ਬਣ ਜਾਂਦਾ ਹੈ।

ਇਸ ਲਈ ਪਰਮਾਤਮਾ ਦੀ ਵਿਸ਼ੇਸ਼ ਔਲਾਦ ਦੇ ਮਨ ਵਿੱਚ ਜੇ ਆਪਣੇ ਗਵਾਚੇ ਹੋਮਲੈਂਡ ਨੂੰ ਪ੍ਰਾਪਤ ਕਰ ਲੈਣ ਦੀ ਕਸਕ ਹੈ ਤਾਂ ਉਸ ਵਿਸ਼ੇਸ਼ ਔਲਾਦ ਨੂੰ ਇਹ ਵੀ ਸਮਝ ਹੋਣੀ ਚਾਹੀਦੀ ਹੈ ਕਿ ਹੋਮਲੈਂਡ ਦੀ ਪ੍ਰਾਪਤੀ ਮਹਿਜ਼ ਸੱਤਾ ਅਤੇ ਸ਼ਕਤੀ ਹਥਿਆ ਲੈਣ ਲਈ ਹੀ ਕੀਤੀ ਹੈ ਜਾਂ ਵਾਹਿਗੁਰੂ ਵੱਲੋਂ ਬਖ਼ਸ਼ੀ ਕਿਸੇ ਰੂਹਾਨੀ ਜਿੰਮੇਵਾਰੀ ਨੂੰ ਨਿਭਾਉਣ ਲਈ।

ਅਸੀਂ ਸਮਝਦੇ ਹਾਂ ਕਿ ਸਿੱਖਾਂ ਵੱਲੋਂ ਹੋਮਲੈਂਡ ਪ੍ਰਾਪਤ ਕਰਨ ਦੀ ਕਸਰਤ ਆਮ ਦੁਨੀਆ ਵਾਂਗ ਆਪਣੀ ਚੌਧਰ ਚਲਾਉਣ ਦੇ ਨਿਸ਼ਾਨਿਆਂ ਨੂੰ ਨਹੀਂ ਪ੍ਰਣਾਈ ਹੋਈ ਬਲਕਿ ਵਾਹਿਗੁਰੂ ਜੀ ਦੇ ਕਿਸੇ ਵੱਡੇ ਰੂਹਾਨੀ ਮਿਸ਼ਨ ਨੂੰ ਸੰਪੂਰਨ ਕਰਨ ਲਈ ਲੱਗੀ ਹੋਈ ਡਿਊਟੀ ਹੈ। ਇਸ ਡਿਊਟੀ ਨੂੰ ਆਦਰਸ਼ਕ ਜੁਝਾਰੂ ਹੀ ਸਮਝ ਸਕਦੇ ਹਨ ਸੱਤਾ ਹਥਿਆਉਣ ਲਈ ਕਾਹਲੇ ਲੋਕ ਨਹੀਂ।

ਗੁਰਬਾਣੀ ਦਾ ਵੀ ਫ਼ੁਰਮਾਨ ਹੈ-
ਤਖਤਿ ਬਹੈ ਤਖਤੈ ਕੇ ਲਾਇਕੁ

# ਖ਼ੂਬਸੂਰਤ ਗਹਿਣਾ ਸਾਦਗੀ



ਕਮਲਜੀਤ ਕੌਰ ਗੁੰਮਟੀ

ਸਾਦਗੀ ਸਭ ਤੋਂ ਵੱਡਾ ਗਹਿਣਾ ਹੈ। ਇਹ ਗਹਿਣਾ ਭਾਵੇਂ ਕਿਸੇ ਬਜ਼ੁਰਗ ਨੇ, ਜਵਾਨ ਨੇ ਜਾਂ ਬੱਚੇ ਨੇ ਪਹਿਨਿਆ ਹੋਵੇ ਸਭ ਨੂੰ ਖ਼ੁਸ਼ੀ ਪ੍ਰਦਾਨ ਕਰਦਾ ਹੈ। ਸਾਦਗੀ ਮਨ ਨੂੰ ਤਰੋਤਾਜ਼ਾ ਕਰਨ ਵਾਲੀ ਇੱਕ ਮਹਿਕ ਹੈ। ਸਾਦਗੀ ਵਿੱਚ ਜੀਵਨ ਦੀ ਸੰਪੂਰਨਤਾ ਹੈ। ਚਕਾਚੌਂਧ ਭਰਿਆ ਜੀਵਨ ਸਿਰਫ਼ ਦਿਖਾਵਾ ਹੈ ਜੋ ਆਉਂਦਾ-ਜਾਂਦਾ ਰਹਿੰਦਾ ਹੈ ਪਰ ਸਾਦਗੀ ਅਮਰ ਹੈ। ਮਾਨਸਿਕ ਖ਼ੁਸ਼ੀ ਲਈ ਸਾਦਗੀ ਬਹੁਤ ਜ਼ਰੂਰੀ ਹੈ। ਭੌਤਿਕ ਸੁੱਖ ਸਹੂਲਤਾਂ, ਮਹਿੰਗੇ ਕੱਪੜੇ, ਮਹਿੰਗੀਆਂ ਕਾਰਾਂ, ਚੰਗੇ ਪਕਵਾਨ, ਵੱਡੀਆਂ ਕੋਠੀਆਂ ਹੋਣ ਦੇ ਬਾਵਜੂਦ ਜੇਕਰ ਸਾਡੇ ਮਨ ਅੰਦਰ ਉਲਝਣ ਅਤੇ ਖਲਬਲੀ ਹੈ ਤਾਂ ਇਹ ਖ਼ੁਸ਼ੀ ਨਹੀਂ ਖ਼ੁਸ਼ੀ ਦਾ ਅਰਥ ਹੈ ਮਨ ਦਾ ਸ਼ਾਂਤ ਹੋਣਾ, ਸਵੈ ਸੰਤੁਸ਼ਟੀ ਹੋਣੀ। ਜਿਸ ਵਿਅਕਤੀ ਕੋਲ ਸੋਝੀ ਹੈ, ਭਾਵੇਂ ਉਸ ਸੋਝੀ ਦਾ ਆਧਾਰ ਅਧਿਆਤਮਕਤਾ ਹੀ ਹੋਵੇ, ਉਹ ਭੌਤਿਕ ਤ੍ਰਿਸ਼ਨਾਵਾਂ ਦੀ ਅੰਨ੍ਹੀਂ ਦੌੜ ਵਿੱਚ ਸ਼ਾਮਲ ਨਹੀਂ ਹੁੰਦਾ। ਮਨੁੱਖੀ ਮਨ ਅਕਸਰ ਚਕਾਚੌਂਧ ਅਤੇ ਦਿਖਾਵੇ ਵੱਲ ਖਿੱਚਿਆ ਜਾਂਦਾ ਹੈ। ਬਹੁਤੇ ਦੁੱਖ ਅਸੀਂ ਚਕਾਚੌਂਧ ਵਾਲਾ ਜੀਵਨ ਜਿਊਣ ਕਰਕੇ ਹੀ ਪੈਦਾ ਕਰ ਲੈਂਦੇ ਹਾਂ। ਅਸੀਂ ਜਿਸ ਖ਼ੁਸ਼ੀ ਦੀ ਭਾਲ ਕਰਦੇ ਹਾਂ ਉਹ ਖ਼ੁਸ਼ੀ ਸਾਨੂੰ ਸਾਦਗੀ ਵਾਲੇ ਜੀਵਨ ਵਿੱਚੋਂ ਹਾਸਲ ਹੋ ਸਕਦੀ ਹੈ। ਸਾਡੇ ਤਨ ਅਤੇ ਮਨ ਦਾ ਗਹਿਰਾ ਸਬੰਧ ਹੈ। ਮਨੁੱਖ ਦੀ ਇਹ ਫਿਤਰਤ ਹੈ ਕਿ ਉਹ ਤਨ ਦੀ ਖ਼ੁਸ਼ੀ ਲਈ ਮਨ ਦਾ ਚੈਨ ਗਵਾ ਲੈਂਦਾ ਹੈ। ਜਦੋਂ ਅਸੀਂ ਇਹ ਸੋਚਣ ਲੱਗ ਜਾਂਦੇ ਹਾਂ ਕਿ ਸੁੱਖ ਸਹੂਲਤਾਂ ਵਾਲੇ ਲੋਕ ਵਧੇਰੇ ਖ਼ੁਸ਼ ਰਹਿੰਦੇ ਹਨ ਤਾਂ ਇਹ ਸਾਡਾ ਤੰਗ ਨਜ਼ਰੀਆ ਹੈ।

ਚਕਾਚੌਂਧ ਵਾਲਾ ਜੀਵਨ ਪਾਉਣ ਲਈ ਅਸੀਂ ਵਿਅਰਥ ਦੀ ਦੌੜ ਭੱਜ ਵਿੱਚ ਮਸ਼ਰੂਫ ਹੋ ਕੇ ਅੰਦਰੂਨੀ ਖ਼ੁਸ਼ੀ ਅਤੇ ਸਕੂਨ ਤੋਂ ਕੋਹਾਂ ਦੂਰ ਚਲੇ ਜਾਂਦੇ ਹਾਂ। ਖ਼ੁਸ਼ੀ ਮਨੁੱਖ ਦੀ ਮੁੱਢਲੀ ਲੋੜ ਹੈ, ਇਸ ਦੀ ਭਾਲ ਮਨੁੱਖ



ਨੂੰ ਕਰਦੇ ਰਹਿਣਾ ਚਾਹੀਦਾ ਹੈ। ਅਜਿਹੀ ਖ਼ੁਸ਼ੀ ਦਾ ਕੋਈ ਅਰਥ ਨਹੀਂ ਜੋ ਸਾਨੂੰ ਦੂਜਿਆਂ ਨੂੰ ਦੁੱਖ ਦੇ ਕੇ ਪ੍ਰਾਪਤ ਹੁੰਦੀ ਹੈ। ਸਮਾਜ ਵਿੱਚ ਵਿਚਰਨ ਲਈ ਸਮਾਜ ਦੇ ਹਾਣੀ ਹੋਣਾ ਜ਼ਰੂਰੀ ਹੈ ਪਰ ਸਾਨੂੰ ਇਸ ਗੱਲ ਦੀ ਵੀ ਚਿੰਤਾ ਨਹੀਂ ਕਰਨੀ ਚਾਹੀਦੀ ਕਿ ਜੇ ਅਸੀਂ ਸਾਦਗੀ ਵਾਲਾ ਜੀਵਨ ਬਤੀਤ ਕਰਾਂਗੇ ਤਾਂ ਲੋਕ ਕੀ ਕਹਿਣਗੇ। ਸਾਦਗੀ ਦਾ ਸਾਡੀ ਕਾਮਯਾਬੀ ਜਾਂ ਪ੍ਰਸਿੱਧੀ 'ਤੇ ਕੋਈ ਅਸਰ ਨਹੀਂ ਪੈਂਦਾ। ਸਿਆਣਿਆਂ ਨੇ ਸੱਚ ਕਿਹਾ ਹੈ 'ਲਾਲ ਤਾਂ ਜੁੱਲੀਆਂ ਵਿੱਚ ਵੀ ਦਗਦੇ ਹਨ।' ਸਾਡੀਆਂ ਤਰਜੀਹਾਂ ਸਹੀ ਹੋਣੀਆਂ ਚਾਹੀਦੀਆਂ ਹਨ। ਸਾਨੂੰ ਆਪਣੇ ਜੀਵਨ ਦਾ ਮਹੱਤਵ ਅਤੇ ਮੁੱਲ ਤਲਾਸ਼ਣ ਦੀ ਲੋੜ ਹੈ। ਜੇਕਰ ਸਾਡੇ ਰੁਤਬੇ ਵਿੱਚ ਸਾਦਗੀ ਹੈ ਤਾਂ ਦੁਨੀਆ ਦੀ ਹਰ ਮਹਿੰਗੀ ਤੋਂ ਮਹਿੰਗੀ ਸ਼ੈਅ ਉਸ ਦੇ ਸਾਹਮਣੇ ਫਿੱਕੀ ਪੈ ਜਾਂਦੀ ਹੈ।

ਚਕਾਚੌਂਧ ਮਹਿਜ਼ ਇੱਕ ਦਿਖਾਵਾ ਹੈ ਹੋਰ ਕੁਝ ਨਹੀਂ। ਕਈ ਵਾਰ ਅਸੀਂ ਦੂਸਰਿਆਂ ਦਾ ਚਕਾਚੌਂਧ ਵਾਲਾ ਜੀਵਨ ਦੇਖ ਕੇ ਮਾਨਸਿਕ ਰੋਗਾਂ ਦਾ ਬੋਝ ਚੁੱਕੀ ਫਿਰਦੇ ਹਾਂ, ਆਪਣੀ ਕਾਬਲੀਅਤ, ਸਿਹਤ ਅਤੇ ਸਮੇਂ ਦਾ ਨਾਸ਼ ਕਰ ਲੈਂਦੇ ਹਾਂ। ਸਹਿਜਤਾ ਅਤੇ ਸਥਾਈ ਸ਼ਾਂਤੀ ਸਾਦਗੀ 'ਤੇ ਹੀ ਟਿਕੀ ਹੋਈ ਹੈ। ਇਹ ਨਹੀਂ ਕਿ ਅਸੀਂ ਜ਼ਿੰਦਗੀ ਵਿੱਚ ਤਰੱਕੀ ਨਹੀਂ ਕਰਨੀ, ਤਰੱਕੀ ਜ਼ਰੂਰ ਕਰਨੀ ਹੈ, ਮਿਹਨਤ ਅਤੇ ਉੱਦਮ ਨਾਲ ਕਾਮਯਾਬੀਆਂ ਦੇ ਦਰ ਖੜਕਾਉਣੇ ਹਨ ਪਰ ਜੀਵਨ ਨੂੰ ਸਾਦਾ ਰੱਖਣਾ ਹੈ। ਸਾਦਾ ਭੋਜਨ, ਪਾਣੀ ਸਾਨੂੰ ਤੰਦਰੁਸਤ ਰੱਖਦਾ ਹੈ। ਮੀਟ, ਸ਼ਰਾਬ ਤੇ ਹੋਰ ਨਸ਼ੀਲੇ ਪਦਾਰਥਾਂ ਦਾ ਸੇਵਨ ਸਾਡੀ ਸਿਹਤ ਨੂੰ ਬਿਮਾਰੀਆਂ ਵੱਲ ਲੈ ਜਾਂਦਾ ਹੈ। ਅਜਿਹਾ ਨਾ ਹੋਵੇ ਕਿ ਚਕਾਚੌਂਧ ਵਾਲੇ ਜੀਵਨ ਦੀ ਭਾਲ ਵਿੱਚ ਅਸੀਂ ਆਪਣੇ ਜੀਵਨ ਨੂੰ ਵਿਅਰਥ ਗਵਾ ਲਈਏ। ਇਸ ਧਰਤੀ 'ਤੇ ਆਪਣੀ ਜ਼ਿੰਦਗੀ ਦੀ ਮਿਆਦ ਚਕਾਚੌਂਧ ਵਾਲੇ ਜੀਵਨ ਦੀ ਤਲਾਸ਼ ਵਿੱਚ ਹੀ ਨਹੀਂ ਪੁਗਾਅ ਦੇਣੀ ਸਗੋਂ ਸਾਦਗੀ ਭਰਿਆ ਜੀਵਨ ਬਤੀਤ ਕਰਕੇ ਸਮਾਜ ਲਈ ਕੁਝ ਚੰਗੇ ਕੰਮ ਕਰਨੇ ਹਨ। ਅਸੀਂ ਚਕਾਚੌਂਧ ਵਾਲੇ ਜੀਵਨ ਕਰਕੇ ਹੀ ਕਿਸੇ ਵੀ ਵਿਅਕਤੀ ਨੂੰ ਕਿਸੇ ਵਿਸ਼ੇ ਦਾ ਮਾਹਰ ਨਹੀਂ ਮੰਨ ਸਕਦੇ। ਮਾਹਿਰ ਉਸ ਨੂੰ ਮੰਨਦੇ ਹਾਂ, ਜੇਕਰ ਉਸ ਨੇ ਭਰੋਸੇਯੋਗ ਕੰਮ ਕੀਤੇ ਹਨ।

ਅਕਸਰ ਇਹ ਦੇਖਣ ਵਿੱਚ ਆਉਂਦਾ ਹੈ ਕਿ ਜਿਨ੍ਹਾਂ ਲੋਕਾਂ ਨੇ ਸਾਦਗੀ ਭਰਿਆ ਜੀਵਨ ਬਤੀਤ ਕੀਤਾ ਉਨ੍ਹਾਂ ਨੇ ਵਧੇਰੇ ਪ੍ਰਸਿੱਧੀ ਹਾਸਲ ਕੀਤੀ। ਦੀਵਿਆਂ ਦੀਆਂ ਰੌਸ਼ਨੀਆਂ ਹੇਠ ਪੜ੍ਹ ਪੜ੍ਹ ਕੇ ਆਉਣ ਵਾਲਿਆਂ ਨੇ ਮਨੁੱਖ ਜਾਤੀ ਦੇ ਰਾਹ ਨੂੰ ਰੌਸ਼ਨੀਆਂ ਨਾਲ ਭਰ ਦਿੱਤਾ। ਕਈ ਵਾਰ ਦਿਖਾਵੇ ਦੀ ਹੋੜ ਵਿੱਚ ਅਸੀਂ ਬੱਚਿਆਂ ਨੂੰ ਚਕਾਚੌਂਧ ਵਾਲਾ ਜੀਵਨ ਦੇਣ ਦੇ ਚੱਕਰ ਵਿੱਚ ਆਪਣਾ ਸਭ ਕੁਝ ਹੀ ਨਸ਼ਟ ਕਰ ਲੈਂਦੇ ਹਾਂ। ਬੱਚਿਆਂ ਨੂੰ ਦਿੱਤਾ ਐਸ਼ੋ ਆਰਾਮ ਵਾਲਾ ਜੀਵਨ ਉਨ੍ਹਾਂ ਨੂੰ ਗਲਤ ਰਸਤਿਆਂ 'ਤੇ ਲੈ ਜਾਂਦਾ ਹੈ। ਜਦ ਤੱਕ ਸਾਨੂੰ ਇਸ ਗੱਲ ਦੀ ਸਮਝ ਆਉਂਦੀਹੈ ਕਿ ਫੋਕੇ ਦਿਖਾਵੇ ਪਿੱਛੇ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਵੀ ਨਾਸ਼ ਕਰ ਚੁੱਕੇ ਹੁੰਦੇ ਹਾਂ ਤਾਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ।

ਅਸੀਂ ਮੌਸਮ ਅਤੇ ਵਾਤਾਵਰਨ ਦੀ ਗੱਲ ਕਰਦੇ ਹਾਂ, ਓਜ਼ੋਨ ਪਰਤ ਦੀ ਚਿੰਤਾ ਕਰਦੇ ਹਾਂ, ਪਾਣੀ ਦੀਆਂ ਸਮੱਸਿਆਵਾਂ ਤੇ ਵਿਚਾਰ ਵਟਾਂਦਰੇ ਕਰਦੇ ਹਾਂ। ਇਹ ਚਿੰਤਾਵਾਂ ਅਸੀਂ ਆਪਣੇ ਹੱਥੀਂ ਸਹੇੜੀਆਂ ਹਨ। ਬਹੁਤਾ ਪਾਉਣ ਦੀ ਲਾਲਸਾ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਲਈ ਖ਼ਤਰੇ ਸਹੇੜ ਦਿੱਤੇ ਹਨ। ਮਨੁੱਖ ਦੀ ਦੂਜੇ ਗ੍ਰਹਿਆਂ 'ਤੇ ਜੀਵਨ ਲੱਭਣ ਦੀ ਖੋਜ ਬੜੀ ਉਤਸ਼ਾਹਜਨਕ ਹੈ। ਨਵੀਆਂ ਤਕਨੀਕਾਂ ਸਮੇਂ ਦੀ ਲੋੜ ਹਨ। ਇਹੋ ਜਿਹੇ ਮਹਾਨ ਕਾਰਨਾਮੇ ਕਰਨ ਵਾਲੇ ਵਿਅਕਤੀ ਚਕਾਚੌਂਧ ਵਾਲੇ ਜੀਵਨ ਵਿੱਚ ਆਪਣੀ ਊਰਜਾ ਨਹੀਂ ਗਵਾਉਂਦੇ, ਸਾਦਗੀ ਭਰੇ ਜੀਵਨ ਅਤੇ ਉੱਚੀ ਸੁੱਚੀ ਸੋਚ ਵਿੱਚ ਵਿਸ਼ਵਾਸ ਰੱਖਦੇ ਹਨ। ਸਾਦਗੀ ਨਾਲ ਜੀਵਨ ਤਸੱਲੀਬਖ਼ਸ਼ ਅਤੇ ਸਾਰਥਿਕ ਬਣਾਉਂਦੇ ਹਨ। ਅਸੀਂ ਅਕਸਰ ਦੇਖਦੇ ਹਾਂ ਜਦੋਂ ਕਦੇ ਪੂਰੀ ਦੁਨੀਆ ਨੂੰ, ਕਿਸੇ ਦੇਸ਼ ਨੂੰ, ਕਿਸੇ ਸੂਬੇ ਨੂੰ, ਕਿਸੇ ਪਿੰਡ ਜਾਂ ਪਰਿਵਾਰ ਨੂੰ ਸੰਕਟ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਵਿੱਚ ਜਿਨ੍ਹਾਂ ਲੋਕਾਂ ਨੇ ਸਾਦਗੀ ਵਾਲਾ ਜੀਵਨ ਅਖ਼ਤਿਆਰ ਕੀਤਾ ਹੁੰਦਾ ਹੈ, ਉਹ ਮੁਸ਼ਕਲ ਹਾਲਤਾਂ ਵਿੱਚ ਵੀ ਥੋੜ੍ਹੇ ਵਿੱਚ ਸੌਖ ਨਾਲ ਗੁਜ਼ਾਰਾ ਕਰ ਲੈਂਦੇ ਹਨ। ਜ਼ਿੰਦਗੀ ਦੀ ਪਗਡੰਡੀ 'ਤੇ ਵਿਚਰਦਿਆਂ ਜਦੋਂ ਵੀ ਕੋਈ ਸਾਦਗੀ ਨਾਲ ਭਰਿਆ ਵਿਅਕਤੀ ਮਿਲਦਾ ਹੈ ਉਸ ਦੀ ਵਿਲੱਖਣ ਸ਼ਖ਼ਸੀਅਤ ਪਲਾਂ ਵਿੱਚ ਹੀ ਸਾਡੇ ਮਨ ਨੂੰ ਜਿੱਤ ਲੈਂਦੀ ਹੈ। ਇਸ ਲਈ ਸਾਦਗੀ ਭਰਪੂਰ ਜੀਵਨ ਨੂੰ ਤਰਜੀਹ ਦੇਣੀ ਚਾਹੀਦੀ ਹੈ।



## ਹੋਲੀ ਅਤੇ ਹੋਲਾ-ਮਹੱਲਾ 'ਤੇ ਵਿਸ਼ੇਸ਼

# ਖ਼ਾਲਸਾਈ ਜਾਹੋ-ਜਲਾਲ ਤੇ ਸਿੱਖ ਸ਼ਕਤੀ ਦਾ ਪ੍ਰਤੀਕ ਹੋਲਾ-ਮਹੱਲਾ



ਡਾ. ਰੂਪ ਸਿੰਘ

ਹੋਲਾ ਮਹੱਲਾ ਸਿੱਖਾਂ ਦਾ ਅਹਿਮ ਦਿਹਾੜਾ ਹੈ, ਜੋ ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਤਿਉਹਾਰ ਨਵੇਂ ਤਰੀਕੇ ਨਾਲ ਮਨਾਉਣਾ ਸ਼ੁਰੂ ਕੀਤਾ। ਉਨ੍ਹਾਂ ਨੇ ਲੋਕਾਂ ਦੀ ਸੁੱਤੀ ਅਣਖ ਜਗਾ ਕੇ, ਉਨ੍ਹਾਂ ਦੇ ਮਨਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ ਪੈਦਾ ਕਰਨ ਲਈ ਹੋਲੀ ਨੂੰ 'ਹੋਲੇ ਮਹੱਲੇ' ਦੇ ਰੂਪ ਵਿੱਚ ਮਨਾਉਣ ਦੀ ਰੀਤ ਚਲਾਈ। ਚੇਤ ਵਦੀ ਏਕਮ, ਸੰਮਤ 1757 (1700 ਈ:) ਨੂੰ ਦਸਮ ਪਾਤਸ਼ਾਹ ਨੇ ਆਨੰਦਪੁਰ ਸਾਹਿਬ ਵਿਖੇ 'ਹੋਲਗੜ੍ਹ' ਦੇ ਸਥਾਨ 'ਤੇ ਪਹਿਲੀ ਵਾਰ 'ਹੋਲਾ-ਮਹੱਲਾ' ਮਨਾਇਆ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਦਸਮੇਸ਼ ਪਿਤਾ ਨੇ 'ਹੋਲੇ ਮਹੱਲੇ' ਨੂੰ ਸੁਤੰਤਰ ਸਿੱਖ ਸੋਚ ਅਨੁਸਾਰ ਮਨਾਉਣ ਦਾ ਆਰੰਭ ਖ਼ਾਲਸਾ ਪੰਥ ਦੀ ਸਿਰਜਣਾ ਤੋਂ ਤੁਰੰਤ ਬਾਅਦ ਕੀਤਾ ਤਾਂ ਕਿ ਖੁਦ-ਮੁਖਤਿਆਰ ਖ਼ਾਲਸਾ, ਆਪਣੀ ਵਿਲੱਖਣ ਹੋਂਦ-ਹਸਤੀ ਅਨੁਸਾਰ ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਦਿਨ-ਦਿਹਾਰ ਵਿਲੱਖਣ ਤੇ ਨਿਰਾਲੇ ਰੂਪ ਵਿੱਚ ਮਨਾ ਕੇ ਆਪਣੀ ਸੁਤੰਤਰ ਹੋਂਦ ਤੇ ਨਿਆਰੇਪਨ ਦਾ ਪ੍ਰਗਟਾਵਾ ਕਰ ਸਕੇ। ਉਨ੍ਹਾਂ ਦਾ ਆਸ਼ਾ ਪੰਜਾਬੀਆਂ ਦੇ ਮਨਾਂ 'ਚੋਂ ਗ਼ੁਲਾਮੀ ਦੇ ਅੰਸ਼ ਨੂੰ ਮੂਲੋਂ ਖ਼ਤਮ ਕਰਨਾ ਸੀ ਤਾਂ ਕਿ ਉਹ ਸੋਚ-ਵਿਚਾਰ ਤੇ ਵਿਵਹਾਰ ਵਿੱਚ ਸੁਤੰਤਰ ਹੋ ਕੇ ਵਿਚਰ ਸਕਣ।



ਹੋਲੀ ਭਾਰਤ ਦਾ ਮੌਸਮੀ ਤਿਉਹਾਰ ਹੈ ਜੋ ਬਸੰਤ-ਬਹਾਰ ਦੀ ਆਗਮਨ ਦੀ ਖੁਸ਼ੀ ਵਿੱਚ ਮਨਾਉਣਾ ਸ਼ੁਰੂ ਹੋਇਆ। ਪੋਖ ਤੁਖਾਰ ਦੇ ਮੌਸਮ ਕਾਰਨ ਸਾਰੇ ਪਾਸੇ ਵਿਰਾਨਗੀ ਤੇ ਪੱਤਝੜ ਹੁੰਦੀ ਹੈ। ਮੌਸਮ ਦੇ ਬਦਲ ਜਾਣ ਨਾਲ ਸਾਰੀ ਕੁਦਰਤ ਆਪਣੇ ਨਵੇਂ ਨਿਵੇਕਲੇ ਰੰਗ ਵਿੱਚ ਰੰਗੀ ਜਾਂਦੀ ਹੈ।

ਪੁਰਾਤਨ ਕਹਾਣੀ ਅਨੁਸਾਰ ਹਰਨਾਕਸ਼ ਨੇ ਆਪਣੇ ਪੁੱਤਰ ਪ੍ਰਹਿਲਾਦ ਨੂੰ ਸਬਕ ਸਿਖਾਉਣ ਵਾਸਤੇ ਵਿਉਂਤ ਉਲੀਕੀ ਕਿ ਪ੍ਰਹਿਲਾਦ ਨੂੰ ਅੱਗ ਵਿੱਚ ਸਾੜਿਆ ਜਾਵੇ। ਕਿਹਾ ਜਾਂਦਾ ਹੈ ਕਿ ਹਰਨਾਕਸ਼ ਦੀ ਭੈਣ ਹੋਲਿਕਾ ਨੂੰ ਵਰ ਪ੍ਰਾਪਤ ਸੀ ਕਿ ਉਸ ਨੂੰ ਅਗਨੀ ਸਾੜਦੀ ਨਹੀਂ। ਇਸ ਲਈ ਹਰਨਾਕਸ਼ ਨੇ ਪ੍ਰਹਿਲਾਦ ਨੂੰ ਹੋਲਿਕਾ ਦੀ ਗੋਦ ਵਿੱਚ ਬਠਾ ਕੇ ਚਿਖਾ 'ਤੇ ਬਿਠਾ ਦਿੱਤਾ। ਜਦ ਅੱਗ ਲਾਈ ਗਈ ਤਾਂ ਪਰਮਾਤਮਾ ਨੇ ਆਪਣੇ ਭਗਤ ਪ੍ਰਹਿਲਾਦ ਨੂੰ ਬਚਾ ਲਿਆ ਪਰ ਹੋਲਿਕਾ ਸੜ ਗਈ। ਹੋਲਿਕਾ ਦੇ ਸੜ ਜਾਣ ਦੇ ਪ੍ਰਤੀਕ ਵਜੋਂ ਇਸ ਦਿਨ ਅੱਗ ਬਾਲੀ ਜਾਂਦੀ ਹੈ। ਗੁਰਬਾਣੀ ਵਿੱਚ ਪਾਵਨ ਸ਼ਬਦ ਅੰਕਿਤ ਹੈ :

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥

ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥

ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥

ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥

'ਹੋਲਾ' ਸ਼ਬਦ 'ਹੋਲੀ' ਦਾ ਧੜੱਲੇਦਾਰ ਬਦਲਵਾਂ ਰੂਪ ਹੈ ਜੋ ਡਿੱਗਿਆਂ-ਢੱਠਿਆਂ ਦੇ ਹਿਰਦੇ ਅੰਦਰ ਉਤਸ਼ਾਹ ਤੇ ਹੁਲਾਸ ਪੈਦਾ ਕਰਦਾ ਹੈ। ਸਿੱਖਾਂ ਨੇ ਲੋਕਾਂ ਦੇ ਮਨਾਂ 'ਚ ਚੜ੍ਹਦੀ ਕਲਾ ਤੇ ਸੂਰਬੀਰਤਾ ਦਾ ਜਜ਼ਬਾ ਭਰਨ ਲਈ ਅਨੇਕਾਂ ਅਜਿਹੇ 'ਬੋਲੇ' ਪ੍ਰਚਲਤ ਕੀਤੇ ਹਨ, ਜਿਨ੍ਹਾਂ ਨੂੰ 'ਖ਼ਾਲਸਾਈ ਬੋਲੇ' ਕਿਹਾ ਜਾਂਦਾ ਹੈ। 'ਖ਼ਾਲਸਾਈ ਬੋਲੇ' ਅਨੁਸਾਰ 'ਇੱਕ' ਨੂੰ 'ਸਵਾ ਲੱਖ', 'ਮੌਤ' ਨੂੰ 'ਚੜ੍ਹਾਈ ਕਰਨਾ', 'ਤੇਗ' ਨੂੰ 'ਤੇਗਾ', 'ਦੇਗ' ਨੂੰ 'ਦੇਗਾ', 'ਦਸਤਾਰ' ਨੂੰ 'ਦਸਤਾਰਾ', 'ਮੁੱਛਾਂ' ਨੂੰ 'ਮੁਛਹਿਰਾ', 'ਦਾੜ੍ਹੀ' ਨੂੰ 'ਦਾੜ੍ਹਾ' ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਹੋਲੀ ਨੂੰ 'ਹੋਲਾ' ਕਹਿਣਾ ਸਿੱਖਾਂ ਦੀ ਵਿਲੱਖਣਤਾ ਅਤੇ ਚੜ੍ਹਦੀ ਕਲਾ ਦੀ ਭਾਵਨਾ ਨੂੰ ਪ੍ਰਗਟਾਉਂਦਾ ਹੈ। ਕਵੀ ਨਿਹਾਲ ਸਿੰਘ ਦੇ ਸ਼ਬਦਾਂ ਵਿੱਚ:

ਬਰਛਾ ਢਾਲ ਕਟਾਰਾ ਤੇਗਾ, ਕੜਛਾ ਦੇਗਾ ਗੋਲਾ ਹੈ,

ਛਕਾ ਪ੍ਰਸਾਦ ਸਜਾ ਦਸਤਾਰਾ ਅਰੁ ਕਰਦੌਨਾ ਟੋਲਾ ਹੈ,

ਸੁਭਟ ਸੁਚਾਲਾ ਅਰ ਲਖ ਬਾਹਾ, ਕਲਗਾ ਸਿੰਘ ਸੁਚੋਲਾ ਹੈ,

ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ 'ਹੋਲਾ' ਹੈ।

'ਹੋਲੀ' ਤੋਂ 'ਹੋਲਾ ਮਹੱਲਾ' ਸਿਰਫ਼ ਸ਼ਬਦ ਜੋੜ ਦੀ ਤਬਦੀਲੀ ਨਹੀਂ, ਇਹ ਤਾਂ ਗੁਲਾਮ ਮਾਨਸਿਕਤਾ ਤੋਂ ਅਜ਼ਾਦ ਸੋਚ-ਵਿਚਾਰ ਤੇ ਵਿਵਹਾਰ ਦੀ ਤਬਦੀਲੀ ਦਾ ਪ੍ਰਗਟਾਵਾ ਹੈ।

ਭਾਰਤ ਸਦੀਆਂ ਤੀਕ ਵਿਦੇਸ਼ੀ ਹਮਲਾਵਰਾਂ ਦਾ ਗੁਲਾਮ ਰਿਹਾ। ਇਹੀ ਕਾਰਨ ਹੈ ਕਿ ਭਾਰਤੀਆਂ ਦੇ ਸ਼ੌਕ, ਮੌਜ-ਮੇਲੇ ਤੇ ਤਿਉਹਾਰ ਵੀ ਗੁਲਾਮੀ ਮਾਨਸਿਕਤਾ ਨੂੰ ਰੂਪਮਾਨ ਕਰਦੇ ਹਨ। ਭਾਰਤੀ ਲੋਕ ਤਨ, ਮਨ, ਧਰਮ, ਸਮਾਜ ਤੇ ਰਾਜਸੀ ਸੋਚ ਕਰਕੇ ਗੁਲਾਮ ਸਨ। ਗੁਲਾਮੀ ਦੀ ਦਲਦਲ 'ਚੋਂ ਆਜ਼ਾਦ ਸੋਚ, ਸੁਤੰਤਰ ਹੋਂਦ-ਹਸਤੀ ਤੇ ਨਿਆਰੇਪਨ ਨੂੰ ਪ੍ਰਗਟ ਕਰਨਾ ਸਚਮੁੱਚ ਅਦਭੁਤ ਕਰਾਮਾਤ ਸੀ। ਇਹ ਚਿੜੀਆਂ ਤੋਂ ਬਾਜ਼ ਤੁੜਾਉਣ, ਇੱਕ ਨੂੰ ਸਵਾ ਲੱਖ ਨਾਲ ਲੜਾਉਣ ਤੇ ਅਸੰਭਵ ਨੂੰ ਸੰਭਵ ਕਰਨ ਦੇ ਤੁਲ ਸੀ। ਊਚ-ਨੀਚ, ਭਰਮ-ਭੇਖ, ਜਾਤ-ਪਾਤ, ਕਰਮ-ਵੰਡ, ਰੰਗ-ਨਸਲ ਦੇ ਹਰ ਤਰ੍ਹਾਂ ਦੇ ਵਿਤਕਰਿਆਂ ਵਖਰੇਵਿਆਂ ਨੂੰ ਦੂਰ ਕਰ, ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਭੂਸਤਾ ਸੰਪੰਨ, ਸੁਤੰਤਰ ਸੋਚ-ਵਿਚਾਰ, ਵਿਹਾਰ ਲਈ ਖਾਲਸਾ ਫ਼ੌਜ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਭਾਰਤੀਆਂ ਨੂੰ ਖੂਨ ਦੀ ਹੋਲੀ, ਆਜ਼ਾਦੀ, ਸੁਤੰਤਰਤਾ, ਸਵੈਮਾਣ, ਸਵੈਹੋਂਦ ਦੇ ਪ੍ਰਗਟਾਅ ਲਈ ਖ਼ਾਲਸਾਈ ਖੇਡਾਂ ਖੇਡਣ ਲਈ ਮੈਦਾਨ ਤਿਆਰ ਕਰ ਕੇ ਦਿੱਤਾ।

'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਮੁਤਾਬਕ ਮਹੱਲਾ ਅਰਬੀ ਦੇ ਸ਼ਬਦ 'ਮਹੱਲਹੋ' ਦਾ ਤਦਭਵ ਹੈ, ਜਿਸ ਦਾ ਭਾਵ ਉਸ ਸਥਾਨ ਤੋਂ ਹੈ, ਜਿੱਥੇ 'ਫ਼ਤਹ' ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ। 'ਹੋਲੇ ਮਹੱਲੇ' ਵਾਲੇ ਦਿਨ ਖ਼ਾਲਸੇ ਨੂੰ ਦੋ ਦਲਾਂ ਵਿੱਚ ਵੰਡ ਕੇ ਦਸਮ ਪਾਤਸ਼ਾਹ ਮਸਨੂਈ (ਨਕਲੀ) ਯੁੱਧ ਕਰਵਾਇਆ ਕਰਦੇ ਸਨ। ਇੱਕ ਦਲ ਨਿਸ਼ਚਤ ਸਥਾਨ 'ਤੇ ਕਾਬਜ਼ ਹੋ ਜਾਂਦਾ ਅਤੇ ਦੂਜਾ ਉਸ 'ਤੇ ਹਮਲਾ ਕਰ ਕੇ ਕਿਲ੍ਹਾ ਖੋਹਣ ਦਾ ਯਤਨ ਕਰਦਾ। ਇਸ ਤਰ੍ਹਾਂ ਨਕਲੀ ਯੁੱਧ ਰਾਹੀਂ ਯੁੱਧ-ਜੁਗਤੀ ਅਤੇ ਪੈਂਤਰੇਬਾਜ਼ੀ ਦਾ ਅਭਿਆਸ ਹੁੰਦਾ। ਯੁੱਧ ਦੇ ਨਗਾਰੇ ਵੱਜਦੇ, ਹਥਿਆਰਾਂ ਦਾ ਟਕਰਾਅ ਹੁੰਦਾ, ਜੈਕਾਰੇ ਗੂੰਜਦੇ ਅਤੇ 'ਫ਼ਤਹ' ਦੀਆਂ ਖੁਸ਼ੀਆਂ ਮਨਾਈਆਂ ਜਾਂਦੀਆਂ। ਜਿਹੜਾ ਦਲ ਜਿੱਤ ਪ੍ਰਾਪਤ ਕਰਦਾ ਉਸ ਨੂੰ ਗੁਰੂ ਦਰਬਾਰ ਵੱਲੋਂ ਸਿਰੋਪਾਓ ਬਖਸ਼ਿਸ਼ ਕੀਤਾ ਜਾਂਦਾ। ਫਿਰ ਉਥੇ ਹੀ ਦਰਬਾਰ ਸੱਜਦਾ ਅਤੇ ਸ਼ਸਤਰਧਾਰੀ ਸਿੰਘ ਆਪੋ-ਆਪਣੇ ਕਰਤੱਬ ਵਿਖਾਉਂਦੇ। ਪਹਿਲਾਂ 'ਮਹੱਲਾ' ਸ਼ਬਦ ਇਸੇ ਭਾਵ ਵਿੱਚ ਵਰਤਿਆ ਜਾਂਦਾ ਰਿਹਾ ਪਰ ਹੌਲੀ-ਹੌਲੀ ਇਹ ਸ਼ਬਦ ਉਸ ਜਲੂਸ ਲਈ ਪ੍ਰਚਲਤ ਹੋ ਗਿਆ ਜੋ 'ਫ਼ਤਹ' ਮਗਰੋਂ ਫ਼ੌਜੀ ਸੱਜ-ਧੱਜ ਅਤੇ ਨਗਾਰਿਆਂ 'ਤੇ ਚੋਟ ਨਾਲ ਨਿਕਲਦਾ। ਇਹ ਪ੍ਰਥਾ ਹੁਣ ਤੱਕ ਜਾਰੀ ਹੈ। ਇਸ ਤਰ੍ਹਾਂ ਪਤਾ ਲੱਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗ਼ੁਲਾਮੀ ਅਤੇ ਹਕੂਮਤੀ ਜਬਰ ਵਿਰੁੱਧ ਲੋਕ-ਮਨਾਂ ਅੰਦਰ ਨਵਾਂ ਉਤਸ਼ਾਹ ਅਤੇ ਕੁਰਬਾਨੀ ਦਾ ਜਜ਼ਬਾ ਭਰਨ ਲਈ 'ਹੋਲੀ' ਨੂੰ 'ਹੋਲੇ' ਦਾ ਰੂਪ ਦਿੱਤਾ। ਜ਼ਿਕਰਯੋਗ ਹੈ ਕਿ ਉਸ ਸਮੇਂ ਬਾਦਸ਼ਾਹ ਔਰੰਗਜ਼ੇਬ ਵੱਲੋਂ 1687 ਈ: 'ਚ ਜਾਰੀ ਕੀਤੇ ਫ਼ੁਰਮਾਨ ਅਨੁਸਾਰ ਹਿੰਦੁਸਤਾਨੀ ਲੋਕਾਂ ਨੂੰ ਟਲ ਖੜਕਾਉਣ, ਸ਼ਸਤਰ ਧਾਰਨ ਕਰਨ, ਘੋੜ-ਸਵਾਰੀ ਕਰਨ ਅਤੇ ਦਸਤਾਰ ਸਜਾਉਣ ਦੀ ਸਖ਼ਤ ਮਨਾਹੀ ਸੀ। ਦਸਤਾਰ ਕੇਵਲ ਉਹ ਹੀ ਸਜਾ ਸਕਦਾ ਸੀ, ਜਿਸ ਨੂੰ ਬਾਦਸ਼ਾਹ ਵੱਲੋਂ ਦਰਬਾਰੀ ਬਖ਼ਸ਼ੀ ਜਾਵੇ। ਘੋੜੇ ਦੀ ਸਵਾਰੀ, ਨਿਸ਼ਾਨ, ਨਗਾਰਾ ਅਤੇ ਫ਼ੌਜ ਰੱਖਣੀ ਹਕੂਮਤ ਵਿਰੁੱਧ ਬਗਾਵਤ ਦੇ ਤੁਲ ਸੀ, ਜਿਸ ਦੀ ਸਜ਼ਾ ਮੌਤ ਅਤੇ ਘਰ-ਘਾਟ ਦਾ ਉਜਾੜਾ ਨੂੰ ਸੱਦਾ ਦੇਣ ਦੇ ਤੁਲ ਸੀ। ਇਸੇ ਕਰਕੇ ਆਮ ਲੋਕ ਹਕੂਮਤੀ ਜਬਰ ਵਿਰੁੱਧ ਮੂੰਹ ਨਹੀਂ ਖੋਲ੍ਹਦੇ ਸਨ। ਗੁਰੂ ਜੀ ਨੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਬਲਵਾਨ ਬਣਾਉਣ ਲਈ ਹਰ ਸੰਭਵ ਯਤਨ ਕੀਤਾ। ਪ੍ਰਚਲਤ ਤਿਉਹਾਰਾਂ ਨੂੰ ਨਵੇਂ ਤਰੀਕੇ ਨਾਲ ਮਨਾਉਣਾ ਇਸੇ ਲੜੀ ਦੀ ਕੜੀ ਹੈ। ਹੁਣ ਤੇਗਾਂ-ਤਲਵਾਰਾਂ, ਨਿਸ਼ਾਨ, ਨਗਾਰੇ ਅਤੇ ਘੋੜਿਆਂ ਦੇ ਨਜ਼ਾਰੇ ਖ਼ਾਲਸੇ ਦੇ ਤਿਉਹਾਰ ਬਣ ਗਏ। ਹਕੂਮਤ ਦੀਆਂ ਨਜ਼ਰਾਂ ਵਿੱਚ ਸੰਗੀਨ ਜੁਰਮ ਸਮਝੀਆਂ ਜਾਂਦੀਆਂ 'ਜੰਗੀ-ਮਸ਼ਕਾਂ' ਖ਼ਾਲਸੇ ਦੀਆਂ ਰਵਾਇਤੀ ਖੇਡਾਂ ਬਣ ਗਈਆਂ।



ਹੋਲਾ ਮਹੱਲਾ ਹੁਣ ਵੀ ਸਿੱਖ-ਸ਼ਕਤੀ ਦੇ ਪ੍ਰਦਰਸ਼ਨ ਵਜੋਂ ਆਨੰਦਪੁਰ ਸਾਹਿਬ ਵਿਖੇ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਇਆ ਜਾਂਦਾ ਹੈ। ਸ਼ਾਇਦ ਇਹ ਪੰਜਾਬ ਦਾ ਸਭ ਤੋਂ ਵੱਡਾ ਲੋਕ ਇਕੱਠ ਹੋਵੇ। ਵਿਸ਼ੇਸ਼ ਦੀਵਾਨ ਸੱਜਦੇ ਹਨ ਤੇ ਖ਼ਾਲਸਾਈ ਸ਼ਾਨ ਪ੍ਰਗਟ ਕਰਦਾ 'ਮਹੱਲਾ' ਚੜ੍ਹਦਾ ਹੈ, ਜੋ ਕਿਲ੍ਹਾ ਆਨੰਦਗੜ੍ਹ ਸਾਹਿਬ ਤੋਂ ਆਰੰਭ ਹੋ ਕੇ ਹੋਲਗੜ੍ਹ ਦੇ ਸਥਾਨ ਹੁੰਦਾ ਹੋਇਆ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੰਪੂਰਨ ਹੁੰਦਾ ਹੈ। ਨਿਹੰਗ ਸਿੰਘ ਰਵਾਇਤੀ ਖ਼ਾਲਸਾਈ ਬਾਣੇ ਵਿੱਚ ਖ਼ਾਲਸਾਈ ਖੇਡਾਂ ਦੁਆਰਾ ਆਪਣੀ ਗੁਰੂ-ਬਖ਼ਸ਼ੀ ਵਿਲੱਖਣ ਹੋਂਦ-ਹਸਤੀ ਦਾ ਖ਼ੂਬਸੂਰਤ ਪ੍ਰਦਰਸ਼ਨ ਚਰਨ ਗੰਗਾ ਦੇ ਕਿਨਾਰੇ ਕਰਦੇ ਹਨ। ਹੋਲੇ-ਮਹੱਲੇ ਦੇ ਦੀਵਾਨ ਆਮ ਕਰਕੇ ਪਿੰਡਾਂ ਵਿੱਚ ਸੱਜਦੇ ਸਨ ਜਿਨ੍ਹਾਂ ਵਿੱਚ ਉੱਚ-ਕੋਟੀ ਦੇ ਢਾਡੀ ਤੇ ਕਵੀਸ਼ਰ ਸਿੱਖ ਇਤਿਹਾਸ ਦੀ ਤਸਵੀਰ ਹੂ-ਬ-ਹੂ ਪ੍ਰਗਟ ਕਰਦੇ ਸਨ, ਜਿਸ ਨਾਲ ਨੌਜਵਾਨੀ ਆਪਣੇ ਅਮੀਰ ਇਤਿਹਾਸ ਤੇ ਵਿਰਾਸਤ ਨਾਲ ਜੁੜਦੀ ਸੀ। ਅੱਜ ਲੋੜ ਹੈ ਇਸ ਪਰੰਪਰਾ ਨੂੰ ਸਥਾਈ ਬਣਾਇਆ ਜਾਵੇ।





ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਐੱਸ.ਜੀ.ਪੀ.ਸੀ.,
ਸ੍ਰੀ ਅੰਮ੍ਰਿਤਸਰ

# ਖ਼ਾਲਸੇ ਦਾ ਹੋਲਾ-ਮਹੱਲਾ









ਭਾਰਤ ਅੰਦਰ ਮਨਾਏ ਜਾਂਦੇ ਮੌਸਮੀ ਤਿਉਹਾਰਾਂ ਨੂੰ ਖ਼ਾਲਸਾ ਪੰਥ ਨਿਵੇਕਲੇ ਅਤੇ ਖ਼ਾਲਸਾਈ ਰੰਗ-ਢੰਗ ਨਾਲ ਮਨਾਉਂਦਾ ਹੈ। ਇਨ੍ਹਾਂ ਮਹੱਤਵਪੂਰਨ ਤਿਉਹਾਰਾਂ ਵਿਚੋਂ ਇੱਕ ਤਿਉਹਾਰ ਹੋਲਾ-ਮਹੱਲਾ ਹੈ, ਜੋ ਬਸੰਤ ਰੁੱਤ ਦੇ ਤਿਉਹਾਰ ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ। ਦਸਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੇਤ ਵਦੀ ਇੱਕ ਸੰਮਤ 1757 ਬਿਕ੍ਰਮੀ ਵਾਲੇ ਦਿਨ, ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਲ੍ਹਾ ਹੋਲਗੜ੍ਹ ਦੇ ਸਥਾਨ 'ਤੇ ਹੋਲਾ-ਮਹੱਲਾ ਦਾ ਆਰੰਭ ਕੀਤਾ ਸੀ।

ਗੁਰੂ ਸਾਹਿਬ ਦਾ ਮੰਤਵ ਤੇ ਉਦੇਸ਼ ਬੜਾ ਉਸਾਰੂ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਸਿੱਖਾਂ ਦੇ ਅੰਦਰ 'ਫ਼ਤਹਿ' ਦੇ ਮੰਤਵ ਨੂੰ ਹੋਰ ਦ੍ਰਿੜ੍ਹ ਕਰਨਾ ਚਾਹੁੰਦੇ ਸਨ। ਦਸਮੇਸ਼ ਪਿਤਾ ਜੀ ਨੇ ਮਾਨਵਤਾ ਨੂੰ ਸਵੈਮਾਨ ਤੇ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਲਈ ਉਨ੍ਹਾਂ ਵਿੱਚ ਨਿਡਰਤਾ ਤੇ ਨਿਰਭੈਅਤਾ ਭਰਨ ਅਤੇ ਸੂਰਬੀਰ ਯੋਧੇ ਬਣਾਉਣ ਦੇ ਮਕਸਦ ਨਾਲ ਹੋਲੀ ਦੀ ਥਾਂ ਹੋਲਾ-ਮਹੱਲਾ ਦਾ ਪ੍ਰਚਲਣ ਕੀਤਾ। ਕੌਮ ਅੰਦਰ ਆਜ਼ਾਦੀ ਦੀ ਭਾਵਨਾ ਭਰਨ ਲਈ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿੱਥੇ ਉਨ੍ਹਾਂ ਨੂੰ ਨਵਾਂ ਜੀਵਨ ਬਖਸ਼ਿਆ, ਉਥੇ ਹੀ ਭਾਰਤੀ ਸਮਾਜ ਲਈ ਉਨ੍ਹਾਂ ਦੇ ਰੀਤੀ-ਰਿਵਾਜਾਂ ਅਤੇ ਰਸਮਾਂ ਨੂੰ ਮਨਾਉਣ ਦੇ ਢੰਗ ਵਿੱਚ ਵੀ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚਲਾਇਆ ਹੋਲਾ ਮਹੱਲਾ ਸ਼ਕਤੀ ਨੂੰ ਪ੍ਰਗਟ ਕਰਨ ਅਤੇ ਅਣਖ ਦੇ ਅਨੁਭਵ ਦਾ ਅਨੋਖਾ ਢੰਗ ਹੈ। ਹੋਲਾ ਮਹੱਲਾ ਸਿੱਖਾਂ ਨੂੰ ਹਰ ਸਾਲ ਦ੍ਰਿੜ੍ਹ ਵਿਸ਼ਵਾਸੀ, ਪਰਮਾਤਮਾ ਦੀ ਭਗਤੀ ਤੇ ਉੱਚੇ-ਸੁੱਚੇ ਮਨੁੱਖੀ ਆਦਰਸ਼ਾਂ, ਜ਼ੁਲਮ, ਜਬਰ, ਨਾਸਤਿਕਤਾ ਤੇ ਭ੍ਰਿਸ਼ਟਾਚਾਰ ਵਿਰੁੱਧ ਜੂਝਣ ਲਈ ਨਵਾਂ ਜੋਸ਼ ਤੇ ਉਤਸ਼ਾਹ ਪ੍ਰਦਾਨ ਕਰਦਾ ਹੈ।

ਪ੍ਰਚੱਲਿਤ ਤਿਉਹਾਰ ਹੋਲੀ ਮਨਾਉਣ ਲਈ ਜਿੱਥੇ ਲੋਕ ਇੱਕ-ਦੂਜੇ 'ਤੇ ਰੰਗ ਸੁੱਟ ਕੇ ਅਤੇ ਨਸ਼ੇ ਪੀ ਕੇ ਮਨੁੱਖੀ-ਸ਼ਕਤੀ ਨੂੰ ਨਸ਼ਟ ਕਰ ਰਹੇ ਸਨ, ਉਥੇ ਹੀ ਖ਼ਾਲਸੇ ਵੱਲੋਂ ਹੋਲਾ-ਮਹੱਲਾ ਤਲਵਾਰਾਂ, ਬਰਛਿਆਂ ਅਤੇ ਨੇਜ਼ਿਆਂ ਨਾਲ ਖੇਡਿਆ ਗਿਆ। ਹੋਲੀ ਦਾ ਇਹ ਬਦਲ ਹੋਲੇ-ਮਹੱਲੇ ਦੇ ਰੂਪ ਵਿੱਚ ਕ੍ਰਾਂਤੀਕਾਰੀ ਸੰਕਲਪ ਵਜੋਂ ਸੀ, ਜਿਸ ਦਾ ਢੰਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਨਿਸ਼ਚਿਤ ਕੀਤਾ। ਇਸ ਦੀ ਅਲੌਕਿਕ ਮਹਿਮਾ ਦਾ ਵਰਣਨ ਕਰਦਿਆਂ ਕਵੀ ਸੁਮੇਰ ਸਿੰਘ ਇਸ ਤਰ੍ਹਾਂ ਲਿਖਦੇ ਹਨ : 'ਔਰਨ ਕੀ ਹੋਲੀ ਮਮ ਹੋਲਾ। ਕਹਯੋ ਕ੍ਰਿਪਾਨਿਧ ਬਚਨ ਅਮੋਲਾ।' ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਯੁੱਧ ਵਿੱਦਿਆ ਦੇ ਅਭਿਆਸ ਨੂੰ ਨਿੱਤ ਨਵਾਂ ਰੱਖਣ ਵਾਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਰੀਤੀ ਅਨੁਸਾਰ ਚੇਤ ਵਦੀ 1 ਨੂੰ ਸਿੱਖਾਂ ਵਿੱਚ ਹੋਲਾ-ਮਹੱਲਾ ਹੁੰਦਾ ਹੈ, ਜਿਸ ਦਾ ਹੋਲੀ ਦੀ ਰਸਮ ਨਾਲ ਕੋਈ ਸਬੰਧ ਨਹੀਂ। ਮਹੱਲਾ ਇਕ ਪ੍ਰਕਾਰ ਦੀ ਮਨਸੂਈ ਲੜਾਈ ਹੈ। ਪੈਦਲ, ਘੋੜਸਵਾਰ ਤੇ ਸ਼ਸਤਰਧਾਰੀ ਸਿੰਘ ਦੋ ਪਾਸਿਆਂ ਤੋਂ ਇੱਕ ਖ਼ਾਸ ਹਮਲੇ ਦੀ ਥਾਂ ਹਮਲਾ ਕਰਦੇ ਹਨ। ਕਲਗੀਧਰ ਆਪ ਇਸ ਬਨਾਉਟੀ ਲੜਾਈ ਨੂੰ ਵੇਖਦੇ ਤੇ ਦੋਵਾਂ ਜਥਿਆਂ ਨੂੰ ਲੋੜੀਂਦੀ, ਸਿੱਖਿਆ ਪ੍ਰਦਾਨ ਕਰਦੇ। ਜਿਹੜਾ ਜਥਾ ਜੇਤੂ ਹੁੰਦਾ, ਉਸ ਨੂੰ ਸਿਰੋਪਾਓ ਬਖਸ਼ਿਸ਼ ਕਰਦੇ। ਭਾਈ ਵੀਰ ਸਿੰਘ ਅਨੁਸਾਰ- ਮਹੱਲਾ ਸ਼ਬਦ ਤੋਂ ਭਾਵ 'ਮਯ ਹੱਲਾ' ਭਾਵ ਬਨਾਉਟੀ ਹਮਲਾ ਹੈ।

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖ਼ਾਲਸੇ ਨੂੰ ਯੁੱਧ-ਵਿੱਦਿਆ ਵਿੱਚ ਨਿਪੁੰਨ ਬਣਾਉਣਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ ਹੋਲਾ-ਮਹੱਲਾ ਦੀ ਖ਼ਾਲਸਈ ਰਵਾਇਤ ਆਰੰਭ ਕੀਤੀ। ਇਤਿਹਾਸ ਗਵਾਹ ਹੈ ਕਿ ਪਾਤਸ਼ਾਹ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲਾ-ਮਹੱਲਾ ਦੇ ਰੂਪ ਵਿੱਚ ਮਨਾਏ ਜਾਂਦੇ ਜੰਗਜੂ ਤਿਉਹਾਰ ਸਮੇਂ ਸਿੰਘਾਂ ਦੀਆਂ ਆਪਸ ਵਿੱਚ ਲੜੀਆਂ ਜਾਂਦੀਆਂ ਅਭਿਆਸ ਰੂਪੀ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਮਨੋਬਲ ਨੂੰ ਉੱਚਾ ਕੀਤਾ। ਲੋਕ ਕਾਇਰਤਾ ਭਰੇ ਮਾਹੌਲ 'ਚੋਂ ਨਿਕਲ ਕੇ ਇਸ ਉਤਸਵ ਵਿੱਚ ਬੜੇ ਜੋਸ਼ ਤੇ ਸਜ-ਧਜ ਨਾਲ ਸ਼ਾਮਲ ਹੋਣ ਲੱਗੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਹੋਲਾ-ਮਹੱਲਾ ਮਨਾਉਣ ਦੀ ਚਲਾਈ ਪ੍ਰੰਪਰਾ ਸਿੱਖਾਂ ਅੰਦਰ ਸ਼ਕਤੀ ਤੇ ਅਣਖ ਨੂੰ ਪ੍ਰਗਟ ਕਰਨ ਦਾ ਅਨੋਖਾ ਢੰਗ ਸੀ। ਇਹ ਖ਼ਾਲਸਾ ਪੰਥ ਲਈ ਸਵੈਮਾਨ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਇਸ ਨਾਲ ਸਿੱਖਾਂ ਅੰਦਰ ਜਬਰ-ਜ਼ੁਲਮ ਵਿਰੁੱਧ ਜੂਝਣ ਲਈ ਨਵਾਂ ਉਤਸ਼ਾਹ ਪੈਦਾ ਹੁੰਦਾ ਹੈ। ਸਿੱਖ ਕੌਮ ਦੀ ਨਿਆਰੀ ਹੋਂਦ ਨੂੰ ਦਰਸਾਉਂਦੇ ਇਸ ਕੌਮੀ ਤਿਉਹਾਰ ਮੌਕੇ ਹਰ ਸਾਲ ਲੱਖਾਂ ਸੰਗਤਾਂ ਪਾਵਨ ਧਰਤੀ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਵਿਖੇ ਪੁੱਜਦੀਆਂ ਹਨ।

ਇਸ ਮੌਕੇ ਜਿੱਥੇ ਧਾਰਮਿਕ ਦੀਵਾਨ ਸਜਦੇ ਹਨ, ਉਥੇ ਨਿਹੰਗ ਸਿੰਘਾਂ ਦੇ ਜੰਗਜੂ ਕਰਤੱਬ ਸੰਗਤਾਂ ਦੀ ਖਿੱਚ ਦਾ ਕੇਂਦਰ ਹੁੰਦੇ ਹਨ। ਖ਼ਾਲਸੇ ਦਾ ਹੋਲਾ-ਮਹੱਲਾ ਸ਼ਕਤੀ ਨੂੰ ਪ੍ਰਗਟ ਕਰਨ ਅਤੇ ਅਣਖ ਦੇ ਅਨੁਭਵ ਦਾ ਅਨੋਖਾ ਢੰਗ ਹੈ। ਇਹ ਖ਼ਾਲਸਾ ਪੰਥ ਲਈ ਸਵੈਮਾਨ, ਖ਼ਾਲਸੇ ਦੇ ਬੋਲ-ਬਾਲੇ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਹੋਲਾ-ਮਹੱਲਾ ਸਿੱਖਾਂ ਨੂੰ ਹਰ ਸਾਲ ਦ੍ਰਿੜ੍ਹ ਵਿਸ਼ਵਾਸੀ, ਪ੍ਰਭੂ-ਭਗਤੀ ਤੇ ਉੱਚੇ-ਸੁੱਚੇ ਮਨੁੱਖੀ ਆਦਰਸ਼ਾਂ, ਜ਼ੁਲਮ, ਜਬਰ, ਨਾਸਤਿਕਤਾ ਤੇ ਭ੍ਰਿਸ਼ਟਾਚਾਰ ਵਿਰੁੱਧ ਜੂਝਣ ਲਈ ਨਵਾਂ ਜੋਸ਼ ਤੇ ਉਤਸ਼ਾਹ ਪ੍ਰਦਾਨ ਕਰਦਾ ਹੈ। ਇੰਝ ਖ਼ਾਲਸਾ-ਪੰਥ ਵਿੱਚ 'ਹੋਲਾ- ਮਹੱਲਾ' ਦੇ ਮੰਤਵ ਤੇ ਉਦੇਸ਼ ਬੜੇ ਉਸਾਰੂ ਤੇ ਸਾਰਥਕ ਹਨ।

ਅੱਜ ਦੇ ਸਮੇਂ ਜਦੋਂ ਸਾਡੀ ਨੌਜਵਾਨ ਪੀੜ੍ਹੀ ਆਪਣੇ ਵਿਰਸੇ ਨੂੰ ਭੁੱਲਦੀ ਜਾ ਰਹੀ ਹੈ, ਉਸ ਸਮੇਂ ਨੌਜਵਾਨੀ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਇਹ ਤਿਉਹਾਰ ਪ੍ਰੇਰਣਾ ਸਰੋਤ ਹੋ ਸਕਦੇ ਹਨ। ਅਜੋਕੀ ਪੀੜ੍ਹੀ ਨੂੰ ਆਪਣੇ ਸ਼ਾਨਾਮੱਤੇ ਇਤਿਹਾਸ, ਗੌਰਵਮਈ ਵਿਰਸੇ ਅਤੇ ਬੀਰ ਰਸੀ ਰਵਾਇਤਾਂ ਤੋਂ ਜਾਣੂ ਕਰਵਾ ਕੇ ਪਤਿਤਪੁਣੇ ਅਤੇ ਨਸ਼ਿਆਂ ਤੋਂ ਰੋਕਿਆ ਜਾ ਸਕਦਾ ਹੈ। ਅੱਜ ਲੋੜ ਹੈ ਕਿ ਹਰ ਸਿੱਖ ਆਪਣੇ ਵਿਰਸੇ ਨੂੰ ਜਾਣਦਾ ਹੋਇਆ ਸ਼ਸਤਰ ਵਿਦਿਆ ਵਿੱਚ ਨਿਪੁੰਨ ਹੋਵੇ। ਸੋ ਆਓ ਖ਼ਾਲਸਾ ਪੰਥ ਦੇ ਨਿਆਰੇ ਤਿਉਹਾਰ ਹੋਲਾ-ਮਹੱਲਾ ਮੌਕੇ ਆਪਣੇ ਜੀਵਨ ਅੰਦਰ ਖ਼ਾਲਸਾਈ ਜਜ਼ਬੇ ਦੀ ਭਾਵਨਾ ਭਰਦਿਆਂ ਉੱਦਮੀ ਜੀਵਨ ਜਿਊਣ ਲਈ ਅੱਗੇ ਵਧੀਏ। ਸਮਾਜ ਵਿੱਚ ਫੈਲੀਆਂ ਕੁਰੀਤੀਆਂ ਦੇ ਖ਼ਾਤਮੇ ਲਈ ਵਚਨਬੱਧ ਹੋਈਏ।



# ਸਿੱਖ ਪੰਥ ਦੇ ਪ੍ਰਸਾਰ ਵਿੱਚ ਮਾਵਾਂ ਦੀ ਭੂਮਿਕਾ



ਤਲਵਿੰਦਰ ਸਿੰਘ ਬੁਟਰ



ਕਿਸੇ ਵੀ ਧਰਮ, ਕੌਮ ਜਾਂ ਦੇਸ਼ ਦੇ ਭਵਿੱਖ ਦਾ ਦਾਰੋਮਦਾਰ ਮਾਂ ਵਲੋਂ ਆਪਣੇ ਬੱਚੇ ਨੂੰ ਦਿੱਤੀ ਸਿੱਖਿਆ ਅਤੇ ਦੀਖਿਆ 'ਤੇ ਨਿਰਭਰ ਕਰਦਾ ਹੈ। ਮਾਂ ਬੱਚੇ ਨੂੰ ਜਨਮ ਦਿੰਦੀ ਹੈ, ਪਾਲਦੀ-ਪੋਸਦੀ ਅਤੇ ਸੰਜਮ ਦੀ ਰਹਿਣੀ-ਬਹਿਣੀ ਸਿਖਾਉਂਦੀ ਹੈ। ਉਸ ਨੂੰ ਆਪਣੀ ਛਾਤੀ ਨਾਲ ਲਗਾਉਂਦੀ ਹੈ ਤਾਂ ਉਸ ਨੂੰ ਸਿਰਫ਼ ਢਿੱਡ ਭਰਨ ਜੋਗਾ ਦੁੱਧ ਹੀ ਨਹੀਂ ਪਿਲਾਉਂਦੀ, ਸਗੋਂ ਉਸ ਵਿੱਚ ਮਨੋਬਿਰਤੀਆਂ ਦਾ ਸੰਚਾਰ ਵੀ ਕਰਦੀ ਹੈ। ਸ਼ਾਇਦ ਇਸੇ ਲਈ ਉੱਘੇ ਮਨੋਵਿਗਿਆਨੀ ਸਾਲੋਮਨ ਨੇ ਆਖਿਆ ਸੀ, 'ਬੁੱਧੀਵਾਨ ਪੁੱਤਰ ਪਿਤਾ ਨੂੰ ਪ੍ਰਸੰਨ ਕਰਦਾ ਹੈ ਅਤੇ ਦੁਰਾਚਾਰੀ, ਬਦਚਲਣ ਪੁੱਤਰ ਮਾਂ ਨੂੰ ਸ਼ਰਮਿੰਦਾ ਕਰਦਾ ਹੈ।'

ਸਦੀਆਂ ਤੋਂ ਜਿੱਥੇ ਔਰਤ ਨੂੰ ਗ਼ੁਲਾਮ ਬਣਾਉਣ ਦੀ ਪ੍ਰਵਿਰਤੀ ਦੇ ਵਿਰੁੱਧ ਸਿੱਖ ਧਰਮ ਨੇ ਆਵਾਜ਼ ਬੁਲੰਦ ਕੀਤੀ, ਉੱਥੇ ਸਿੱਖ ਧਰਮ ਦੇ ਬਿਖੜੇ ਤੇ ਖ਼ੂਨੀ ਪੈਂਡਿਆਂ ਦੌਰਾਨ ਜਿਹੜੀ ਭੂਮਿਕਾ ਸਿੱਖ ਔਰਤ (ਮਾਂ) ਦੀ ਰਹੀ ਹੈ, ਸ਼ਾਇਦ ਹੀ ਕਿਸੇ ਹੋਰ ਕੌਮ ਵਿੱਚ ਹੋਵੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਮਾਣ ਦਿੰਦਿਆਂ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦਾ ਪੈਗਾਮ ਦਿੱਤਾ। ਸਿੱਖ ਬੀਬੀਆਂ ਨੂੰ ਪਾਠ-ਪੂਜਾ, ਸੇਵਾ, ਰਹਿਤ ਮਰਯਾਦਾ ਅਤੇ ਜੀਵਨ ਮੁਕਤੀ ਲਈ ਪੁਰਸ਼ਾਂ ਦੇ ਬਰਾਬਰ ਹੀ ਅਧਿਕਾਰ ਦਿੱਤਾ। ਪ੍ਰੋ. ਪੂਰਨ ਸਿੰਘ ਲਿਖਦੇ ਹਨ, 'ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਪੰਥ ਇੱਕ ਅਜਿਹਾ ਸੰਘ ਹੈ, ਜਿਸ 'ਚ ਇਸਤਰੀਆਂ ਖੁੱਲ੍ਹਾ ਅਤੇ ਬਰਾਬਰ ਭਾਗ ਲੈਂਦੀਆਂ ਹਨ। ਪੂਰਬ ਦੇ ਇਤਿਹਾਸ 'ਚ ਪਹਿਲੀ ਵਾਰ ਇਸਤਰੀ ਨੂੰ ਮਰਦਾਂ ਦੇ ਬਰਾਬਰ ਹੱਕ ਮਿਲਿਆ ਹੈ।'

ਉਸ ਔਰਤ (ਮਾਂ) ਦਾ ਯੋਗਦਾਨ ਅਤੇ ਵਡਿਆਈ ਕਿਵੇਂ ਭੁਲਾਈ ਜਾ ਸਕਦੀ ਹੈ, ਜਿਸ ਨੇ ਜਗਤ ਜਲੰਦੇ ਨੂੰ ਠਾਰਨ ਆਏ ਰੱਬੀ ਨੂਰ ਨੂੰ ਜਨਮ ਦਿੱਤਾ।

'ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ॥' (ਅੰਗ-310)

ਧੰਨ ਹੈ ਮਾਤਾ ਤ੍ਰਿਪਤਾ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਮਾਂ' ਬਣਨ ਦਾ ਸੁਭਾਗ ਪ੍ਰਾਪਤ ਹੋਇਆ।

ਸਿੱਖ ਧਰਮ ਦੇ ਪ੍ਰਸਾਰ ਵਿੱਚ ਲਾਸਾਨੀ ਯੋਗਦਾਨ ਪਾਉਣ ਵਾਲੀਆਂ ਮਾਵਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਸਿੱਖ ਤੋਂ ਖ਼ਾਲਸਾ ਤੱਕ ਮਨੁੱਖੀ ਸੰਪੂਰਨਤਾ ਦੇ ਪੈਂਡੇ ਦੌਰਾਨ ਮਾਤਾ ਸੁਲੱਖਣੀ ਜੀ, ਮਾਤਾ ਖੀਵੀ ਜੀ, ਮਾਤਾ ਗੰਗਾ ਜੀ, ਮਾਤਾ ਨਾਨਕੀ ਜੀ, ਮਾਤਾ ਗੁਜਰ ਕੌਰ ਜੀ, ਮਾਤਾ ਸੁੰਦਰ ਕੌਰ ਜੀ, ਮਾਤਾ ਅਜੀਤ ਕੌਰ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੀ ਭੂਮਿਕਾ ਅਨੂਠੀ ਹੈ।

ਬੀਬੀ ਭਾਨੀ ਜੀ ਦੀ ਦੇਣ ਅਦੁੱਤੀ ਹੈ, ਜਿਸ ਨੂੰ ਗੁਰੂ ਦੀ ਪੁੱਤਰੀ, ਗੁਰੂ ਦੀ ਪਤਨੀ ਅਤੇ ਗੁਰੂ ਦੀ ਮਾਂ ਹੋਣ ਦਾ ਮਾਣ ਪ੍ਰਾਪਤ ਹੋਇਆ। ਬੀਬੀ ਭਾਨੀ ਜੀ ਨੇ ਮਾਂ ਦੇ ਰੂਪ ਵਿੱਚ ਜੋ ਅਸੀਸ, ਜੋ ਦੈਵੀ ਸੰਸਕਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿੱਤੇ, ਉਸ ਅਗੰਮੀ ਲੋਰੀ ਦਾ ਜ਼ਿਕਰ ਪੰਜਵੇਂ ਪਾਤਿਸ਼ਾਹ ਆਪਣੀ ਬਾਣੀ ਵਿੱਚ ਕਰਦੇ ਹਨ :

"ਪੂਤਾ ਮਾਤਾ ਕੀ ਆਸੀਸ॥ ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥੧॥" (ਅੰਗ: 496)

ਜੇਕਰ ਇਹ ਅਸੀਸ ਅੱਜ ਹਰੇਕ ਬੱਚੇ ਦੇ ਹਿਰਦੇ 'ਤੇ ਉਕਰ ਦਿੱਤੀ ਜਾਵੇ ਤਾਂ ਸਿੱਖ ਵਿਰਸੇ ਦੀ ਫ਼ੁਲਵਾੜੀ ਨੂੰ ਪੂਰੀ ਦੁਨੀਆ 'ਤੇ ਛਾ ਜਾਣ ਤੋਂ ਕੋਈ ਨਹੀਂ ਰੋਕ ਸਕਦਾ। ਮਾਤਾ ਗੁਜਰ ਕੌਰ ਜੀ ਵਰਗੀ ਅਦੁੱਤੀ ਸ਼ਖ਼ਸੀਅਤ ਸ਼ਾਇਦ ਹੀ ਦੁਨੀਆ ਦੇ ਇਤਿਹਾਸ ਵਿੱਚ ਹੋਰ ਕਿਧਰੇ ਮਿਲੇ, ਜਿਸ ਨੂੰ ਇੱਕ ਸ਼ਹੀਦ ਦੀ ਪਤਨੀ, ਇੱਕ ਸ਼ਹੀਦ ਦੀ ਮਾਂ ਅਤੇ ਚਾਰ ਸ਼ਹੀਦਾਂ ਦੀ ਦਾਦੀ ਹੋਣ ਦੇ ਨਾਲ-ਨਾਲ ਖ਼ੁਦ ਵੀ ਸ਼ਹੀਦ ਹੋਣ ਦਾ ਮਾਣ ਪ੍ਰਾਪਤ ਹੋਵੇ। ਮਾਤਾ ਗੁਜਰ ਕੌਰ ਜੀ ਨੇ ਸਾਹਿਬ-ਏ-ਕਮਾਲਿ, ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਉਸਾਰੀ ਵਿੱਚ ਕਿੰਨੀ ਮਹਾਨ ਭੂਮਿਕਾ ਨਿਭਾਈ, ਇਸ ਦਾ ਜ਼ਿਕਰ ਦਸਮ ਗ੍ਰੰਥ 'ਚ ਗੁਰੂ ਸਾਹਿਬ ਖ਼ੁਦ ਕਰਦੇ ਹਨ :

ਕੀਨੀ ਅਨਿਕ ਭਾਂਤਿ ਤਨ ਰੱਛਾ॥
ਦੀਨੀ ਭਾਂਤਿ ਭਾਂਤਿ ਕੀ ਸਿੱਛਾ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲਾਂ ਦਾ ਕਿੰਨਾ ਵੱਡਾ ਜਿਗਰਾ ਹੋਵੇਗਾ, ਜਿਨ੍ਹਾਂ ਨੇ ਦੀਨ ਹੇਤਿ ਆਪਣੇ ਚਾਰ ਪੁੱਤਰਾਂ ਨੂੰ ਨਿਛਾਵਰ ਕਰ ਦਿੱਤਾ। ਗੁਰੂ-ਮਾਤਾ ਅਜੀਤ ਕੌਰ ਜੀ ਨੇ ਔਰਤ ਜਾਤੀ ਲਈ ਪਤੀ-ਬ੍ਰਤਾ, ਤਿਆਗ ਅਤੇ ਸਮਰਪਣ ਦਾ ਮੁੱਢ ਬੰਨ੍ਹਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਸਾਜਨਾ ਵੇਲੇ ਅੰਮ੍ਰਿਤ 'ਚ ਪਤਾਸੇ ਪਾਉਣ ਦੀ ਸੇਵਾ ਮਾਤਾ ਅਜੀਤ ਕੌਰ ਜੀ ਕੋਲੋਂ ਲੈ ਕੇ ਔਰਤ ਜਾਤੀ ਨੂੰ ਮਹਾਨ ਸਤਿਕਾਰ ਦਿੱਤਾ। ਮਾਤਾ ਸੁੰਦਰ ਕੌਰ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਤਕਰੀਬਨ 40 ਸਾਲਾਂ ਤੱਕ ਸਿੱਖ ਪੰਥ ਦੀ ਬਿਖੜੇ ਤੇ ਔਖੇ ਸਮੇਂ 'ਚ ਬੜੇ ਸੁਚੱਜੇ ਤਰੀਕੇ ਨਾਲ ਅਗਵਾਈ ਕੀਤੀ। ਇਸੇ ਤਰ੍ਹਾਂ ਮਾਤਾ ਸਾਹਿਬ ਕੌਰ ਜੀ ਨੂੰ ਖ਼ਾਲਸੇ ਦੀ ਮਾਤਾ ਹੋਣ ਦਾ ਮਾਣ ਹਾਸਿਲ ਹੈ। ਇਸ ਮਾਤਾ ਨੇ ਆਪਣੇ ਨਾਦੀ ਪੁੱਤਰ ਖ਼ਾਲਸੇ ਦੀ ਸੀਰਤ ਬਦਲਣ ਦਾ ਯੁੱਗਾਂ-ਯੁਗਾਂਤਰਾਂ ਤੱਕ ਯਾਦ ਕੀਤਾ ਜਾਣ ਵਾਲਾ ਮਹਾਨ ਪਰਉਪਕਾਰ ਕੀਤਾ।

ਗੁਰੂ ਕਾਲ ਤੋਂ ਬਾਅਦ ਵੀ ਸਿੱਖ ਬੀਬੀਆਂ ਨੇ ਲਗਾਤਾਰ ਸਿੱਖੀ ਪੂਰੀ ਦ੍ਰਿੜ੍ਹਤਾ ਅਤੇ ਬਹਾਦਰੀ ਦੇ ਨਾਲ ਕਮਾਈ। ਕਿੰਨਾ ਭਿਆਨਕ ਸੀ ਉਹ ਦੌਰ ਅਤੇ ਕਿੰਨੇ ਵੱਡੇ ਜਿਗਰੇ ਵਾਲੀਆਂ ਸਨ ਉਹ ਮਾਵਾਂ, ਜਦੋਂ ਮੁਗ਼ਲ ਹਾਕਮ ਮਾਂਵਾਂ ਦੇ ਸਾਹਮਣੇ ਦੁੱਧ ਚੁੰਘਦੇ ਉਨ੍ਹਾਂ ਦੇ ਬੱਚਿਆਂ ਨੂੰ ਟੋਟੇ-ਟੋਟੇ ਕਰਕੇ ਉਨ੍ਹਾਂ ਦੇ ਗਲਾਂ 'ਚ ਹਾਰ ਬਣਾ ਕੇ ਪਾ ਦਿੰਦੇ ਸਨ, ਬੱਚਿਆਂ ਨੂੰ ਨੇਜਿਆਂ 'ਤੇ ਟੰਗ ਕੇ ਦੋਫ਼ਾੜ ਕਰ ਦਿੱਤਾ ਜਾਂਦਾ ਸੀ ਪਰ ਉਨ੍ਹਾਂ ਮਾਵਾਂ ਨੇ ਸਿਦਕ ਨਾ ਛੱਡਿਆ। ਭਾਈ ਮਨੀ ਸਿੰਘ ਜਦੋਂ ਬੰਦ-ਬੰਦ ਕਟਵਾ ਕੇ ਸਿੱਖੀ ਤੋਂ ਕੁਰਬਾਨ ਹੋਣ ਲਈ ਤੁਰਨ ਲੱਗਿਆ ਤਾਂ ਸਾਹਮਣੇ ਖੜ੍ਹੀ ਮਾਂ ਅਤੇ ਭੈਣ ਨੂੰ ਤੱਕਦਿਆਂ ਉਸ ਦੇ ਕਦਮ ਹੌਲੇ ਪੈ ਗਏ। ਉਸ ਦੀ ਮਾਂ ਅਤੇ ਭੈਣ ਹੌਂਸਲਾ ਦਿੰਦਿਆਂ ਆਖਣ ਲੱਗੀਆਂ, 'ਤੂੰ ਸਾਡੀ ਚਿੰਤਾ ਨਾ ਕਰ, ਸਾਡੀ ਰੱਖਿਆ ਸਾਡਾ ਗੁਰੂ ਆਪ ਕਰੇਗਾ।'

ਇਸੇ ਤਰ੍ਹਾਂ ਸਿੱਖੀ ਸਿੱਦਕ ਅਤੇ ਬਹਾਦਰੀ 'ਚ ਮਾਈ ਭਾਗ ਕੌਰ, ਰਾਣੀ ਸਦਾ ਕੌਰ ਅਤੇ ਬੀਬੀ ਸ਼ਰਨ ਕੌਰ ਆਦਿ ਦੇ ਯੋਗਦਾਨ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਮਹਾਰਾਣੀ ਜਿੰਦਾਂ ਵਲੋਂ ਨਿਭਾਈ ਸਿੱਖ ਮਾਂ ਦੀ ਭੂਮਿਕਾ ਅਜੋਕੀ ਮਾਂ ਲਈ ਮਿਸਾਲ ਹੈ। ਜਿਸ ਵੇਲੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਦੇ ਪਤਨ ਤੋਂ ਬਾਅਦ ਗੱਦਾਰਾਂ ਦੀ ਮਦਦ ਨਾਲ ਮਹਾਰਾਜਾ ਦਲੀਪ ਸਿੰਘ ਨੂੰ ਫ਼ਿਰੰਗੀਆਂ ਨੇ ਬੰਦੀ ਬਣਾ ਲਿਆ ਤਾਂ ਮਗਰੋਂ ਮਾਂ-ਮਮਤਾ ਦੀ ਵਿੰਨ੍ਹੀ ਮਹਾਰਾਣੀ ਜਿੰਦਾਂ ਬੇਹਾਲ ਹੋ ਗਈ। ਆਪਣੇ ਪੁੱਤਰ ਦੇ ਵਿਜੋਗ ਵਿੱਚ ਰੋ-ਰੋ ਕੇ ਆਪਣੀਆਂ ਅੱਖਾਂ ਦੀ ਨਜ਼ਰ ਵੀ ਗੁਆ ਬੈਠੀ। ਚਿਰੀਂ ਵਿਛੁੰਨੇ ਮਾਂ-ਪੁੱਤ ਦਾ ਕਲਕੱਤੇ ਵਿੱਚ ਮਿਲਾਪ ਹੋਇਆ ਤਾਂ ਮਹਾਰਾਣੀ ਜਿੰਦਾਂ ਘੁੱਟ ਕੇ ਦਲੀਪ ਸਿੰਘ ਨੂੰ ਛਾਤੀ ਨਾਲ ਲਾਉਂਦਿਆਂ ਸਿਰ ਪਲੋਸਣ ਲੱਗੀ। ਉਸ ਦੇ ਹੱਥਾਂ 'ਚ ਦਲੀਪ ਸਿੰਘ ਦਾ ਰੀਝਾਂ ਤੇ ਮੱਖਣਾਂ ਨਾਲ ਪਾਲਿਆ ਜੂੜਾ ਨਾ ਆਇਆ। ਉਸ ਦੇ ਹੱਥ ਕੰਬਣ ਲੱਗੇ ਅਤੇ ਧਾਹਾਂ ਨਿਕਲ ਗਈਆਂ। ਜਿੰਦਾਂ ਨੇ ਪੁੱਤਰ ਨੂੰ ਫ਼ਿਟਕਾਰਦਿਆਂ ਪਰ੍ਹੇ ਧੱਕ ਦਿੱਤਾ, 'ਜੇ ਤੂੰ ਗੁਰੂ ਦਾ ਨਹੀਂ ਬਣ ਕੇ ਰਹਿ ਸਕਿਆ ਤਾਂ ਮਾਂ ਦਾ ਕੀ ਬਣੇਂਗਾ?' ਤਕਦੀਰ ਨੂੰ ਉਲਾਂਭਾ ਦਿੰਦਿਆਂ ਆਖਣ ਲੱਗੀ, ਹੇ ਬੁਰੀ ਤਕਦੀਰੇ! ਤੂੰ ਮੇਰਾ ਸਰਤਾਜ ਖੋਹਿਆ, ਮੇਰਾ ਰਾਜ-ਭਾਗ ਖੋਹਿਆ, ਪਵਿੱਤਰ ਭੂਮੀ ਮੇਰਾ ਪੰਜਾਬ ਖੋਹ ਲਿਆ ਤੇ ਅੰਤ ਪ੍ਰਾਣਾਂ ਤੋਂ ਪਿਆਰੀ ਸਿੱਖੀ ਵੀ ਮੇਰੇ ਕੋਲੋਂ ਖੋਹ ਲਈ। ਅੱਜ ਮੇਰੇ ਬੰਸ ਦੀਆਂ ਰਗਾਂ 'ਚੋਂ ਕਲਗੀਧਰ ਦੇ ਸ਼ਹੀਦ ਬੱਚਿਆਂ ਦਾ ਲਹੂ ਮੁੱਕ ਗਿਆ।

ਇਹ ਵਾਕ ਦਲੀਪ ਸਿੰਘ ਦਾ ਸੀਨਾ ਪਾੜ ਗਿਆ। (ਬਾਕੀ ਸਫ਼ਾ 31 'ਤੇ)





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

## ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਸ਼ਹੀਦ ਭਗਤ ਸਿੰਘ : ਇੱਕ ਵਿਚਾਰ

ਸ਼ਹੀਦ ਭਗਤ ਸਿੰਘ ਆਜ਼ਾਦੀ ਦੀ ਸ਼ਮ੍ਹਾ ਦਾ ਪਰਵਾਨਾ ਹੀ ਨਹੀਂ, ਇੱਕ ਵਿਚਾਰ ਹੈ। ਵਿਚਾਰ ਨਾਲ ਹੀ ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਵਿਰੁੱਧ ਸੰਘਰਸ਼ ਕੀਤਾ। ਉਸ ਨੇ ਆਜ਼ਾਦੀ ਦੇ ਮਨੋਰਥ ਦੀ ਪੈਰਵਾਈ ਜੀਅ ਜਾਨ ਨਾਲ ਕੀਤੀ। ਉਸ ਦੀ ਸੋਚ ਨਾਲ ਜੁੜੇ ਇਨਕਲਾਬ ਦੇ ਨਾਹਰੇ ਨਾਲ ਅਮਰ ਹੋ ਗਿਆ। ਉਹ ਸਮੁੱਚੀਆਂ ਤਤਕਾਲੀਨ ਰਾਜਨੀਤਿਕ ਸਮਾਜਿਕ ਆਰਥਿਕ ਅਤੇ ਪ੍ਰਸ਼ਾਸਨਿਕ ਸਥਿਤੀਆਂ ਨੂੰ ਸਮਝਣ ਲਈ ਅਤੇ ਆਜ਼ਾਦੀ, ਬਰਾਬਰੀ, ਸਮਾਜਿਕ ਨਿਆਂ ਲਈ ਸੰਘਰਸ਼ ਕਰਨ ਲਈ ਲੋਕਾਂ ਨੂੰ ਜਾਗ੍ਰਿਤ ਕਰਨ ਦੇ ਰਾਹ ਪਿਆ। ਉਸ ਦਾ ਮਨੋਰਥ ਖ਼ੂਨ ਖ਼ਰਾਬਾ ਕਰਨਾ ਹੀ ਨਹੀਂ ਸੀ, ਸਗੋਂ ਇਨਕਲਾਬੀ ਚੇਤਨਾ ਨੂੰ ਦੇਸ਼ ਭਰ ਦੇ ਨੌਜਵਾਨਾਂ ਤੱਕ ਪ੍ਰਵਾਹਿਤ ਕਰਨਾ ਸੀ।

ਸੰਨ 1921 ਦੀ ਨਾਮਿਲਵਰਤਣ ਲਹਿਰ ਦੌਰਾਨ ਦਸਵੀਂ ਵਿੱਚ ਪੜ੍ਹਦੇ ਭਗਤ ਸਿੰਘ ਨੇ ਸਕੂਲ ਛੱਡ ਦਿੱਤਾ। ਸੰਨ 1922 ਵਿੱਚ ਸੰਗਰਾਮੀਆਂ ਨੇ ਲਾਹੌਰ ਨੈਸ਼ਨਲ ਕਾਲਜ ਖੋਲ੍ਹਿਆ ਤੇ ਨੌਜਵਾਨਾਂ ਨੂੰ ਦੇਸ਼ ਭਗਤੀ ਦੀ ਵਿਦਿਆ ਦੇਣ ਦਾ ਪ੍ਰਬੰਧ ਕੀਤਾ। ਭਗਤ ਸਿੰਘ ਨੇ ਇਸੇ ਕਾਲਜ ਵਿੱਚ ਦਾਖ਼ਲਾ ਲੈ ਲਿਆ। ਇੱਥੇ ਉਹ ਰਾਜਨੀਤੀ, ਸਾਹਿਤ, ਭਾਸ਼ਾ, ਧਰਮ ਇਤਿਹਾਸ, ਦਰਸ਼ਨ, ਸਮਾਜ ਸ਼ਾਸਤਰ ਵਿਸ਼ਿਆਂ ਦਾ ਖੋਜਾਰਥੀ ਬਣਿਆ। ਪ੍ਰਸਿੱਧ ਇਨਕਲਾਬੀ ਸੰਚਿੰਦਰ ਨਾਥ ਸਨਿਆਲ ਦੇ ਸੰਪਰਕ ਵਿੱਚ ਆਇਆ ਤਾਂ ਉਸ ਨੇ ਭਗਤ ਸਿੰਘ ਨੂੰ ਉਸਾਰੂ ਸਾਹਿਤ ਵੱਲ ਤੋਰਿਆ।

ਭਗਤ ਸਿੰਘ ਜਿਥੇ ਅਣਖੀਲੇ ਨਿਡਰ ਅਤੇ ਹਿੰਸਕ ਯੋਧੇ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ ਪਰ ਉਹ ਤਾਂ ਬਹੁਤ ਸੂਖਮ ਅਤੇ ਸੰਵੇਦਨਸ਼ੀਲ ਮਨ ਵਾਲੇ ਕੋਮਲ ਕਵੀ ਲੇਖਕ ਦੇ ਤੌਰ 'ਤੇ ਉਹਨਾਂ ਲੋਕ ਮਨਾ ਵਿੱਚ ਨਹੀਂ ਵੱਸਿਆ। ਭਗਤ ਸਿੰਘ ਡੂੰਘੇ ਅਧਿਐਨ ਅਤੇ ਗੰਭੀਰ ਸੋਚ ਨਾਲ ਖੁਸ਼ਹਾਲ ਸਮਾਜ ਦੀ ਸਿਰਜਣਾ ਚਾਹੁੰਦਾ ਸੀ। ਸੰਨ 1923-24 ਵਿੱਚ ਪਹਿਲੀ ਵਾਰ ਘਰੋਂ ਜਾ ਕੇ ਗਣੇਸ਼ ਵਿਦਿਆਰਥੀ ਦੇ ਅਖ਼ਬਾਰ ਪ੍ਰਤਾਪ ਵਿੱਚ ਕੰਮ ਕਰਨ ਲੱਗਾ ਤਾਂ ਉਥੇ ਬੀ.ਕੇ. ਦੱਤ, ਚੰਦਰ ਸ਼ੇਖਰ ਆਜ਼ਾਦ, ਜੈਦੇਵ ਕਪੂਰ, ਰਾਮ ਪ੍ਰਸਾਦ ਬਿਸਮਿਲ, ਸ਼ਿਵ ਵਰਮਾ ਆਦਿ ਇਨਕਲਾਬੀਆਂ ਨਾਲ ਉਸ ਦਾ ਮੇਲ ਹੋ ਗਿਆ। ਖੋਜ਼ਾਰਥੀ ਹੋਣ ਕਰਕੇ ਉਸ ਨੇ ਰੂਸ, ਆਇਰਲੈਂਡ, ਇਟਲੀ ਆਦਿ ਦੇਸ਼ਾਂ ਦੇ ਚੱਲੇ ਸੰਘਰਸ਼ਾਂ ਦੇ ਤੱਥਾਂ ਨੂੰ ਘੋਖਿਆ ਅਤੇ ਪੜਤਾਲਿਆ। ਤਦ ਭਗਤ ਸਿੰਘ ਇਨਕਲਾਬ ਦੀ ਰਾਹ ਤੇ ਤੁਰਨ ਲਈ ਬੰਬਾਂ, ਪਿਸਤੌਲਾਂ ਤੇ ਗੋਲੀਆਂ ਨਾਲ ਜੁੜਨ ਦੀ ਥਾਂ ਤੇ ਡੂੰਘੇ ਅਧਿਐਨ ਨਾਲ ਜੁੜ ਗਿਆ।

27 ਫਰਵਰੀ1926 ਨੂੰ ਹੋਲੀ ਵਾਲੇ ਦਿਨ ਛੇ ਬੱਬਰ ਅਕਾਲੀਆਂ ਕਿਸ਼ਨ ਸਿੰਘ ਗੜਗੱਜ, ਸੰਤਾ ਸਿੰਘ, ਦਲੀਪ ਸਿੰਘ, ਨੰਦ ਸਿੰਘ, ਕਰਮ ਸਿੰਘ ਅਤੇ ਧਰਮ ਸਿੰਘ ਨੂੰ ਫਾਂਸੀ ਤੇ ਲਟਕਾ ਦਿੱਤਾ। ਇਹਨਾਂ ਸੂਰਬੀਰਾਂ ਦੇ ਜੀਵਨ ਉਦੇਸ਼ ਅਤੇ ਘਾਲਣਾ ਬਾਰੇ ਭਗਤ ਸਿੰਘ ਦਾ ਲੇਖ 15 ਮਾਰਚ 1926 ਦੇ ਪ੍ਰਤਾਪ ਅਖ਼ਬਾਰ ਵਿੱਚ ਛਪਿਆ ਕਿ ਜਿਸ ਦਿਨ ਇਹਨਾਂ ਸੂਰਬੀਰਾਂ ਨੂੰ ਲਾਹੌਰ ਵਿੱਚ ਫਾਂਸੀ ਦਿੱਤੀ ਗਈ। ਲਾਹੌਰ ਵਿੱਚ ਉਹਨਾਂ ਦੀ ਅੰਤਿਮ ਕਿਰਿਆ ਸ਼ਮਸ਼ਾਨ ਘਾਟ ਵਿੱਚ ਹੋ ਰਹੀ ਸੀ। ਲੋਕ ਬੇਸ਼ਰਮੀ ਨਾਲ ਇੱਕ ਦੂਜੇ ਤੇ ਰੰਗ ਸੁੱਟ ਕੇ ਹੋਲੀ ਦੀ ਖੁਸ਼ੀ ਮਨਾ ਰਹੇ ਸਨ।

ਭਗਤ ਸਿੰਘ ਜਨ ਸਾਧਾਰਨ ਦੇ ਦੁੱਖ ਤਕਲੀਫ਼ਾਂ , ਲੋਕ ਲਹਿਰਾਂ ਨਾਲ ਡੂੰਘਾ ਜੁੜਿਆ ਹੋਇਆ ਸੀ। ਗੁਰਦੁਆਰਾ ਸੁਧਾਰ ਲਹਿਰ ਹੇਠ 1924 ਦੇ ਜੈਤੋ ਮੋਰਚੇ ਵਿੱਚ ਜਥੇ ਜੈਤੋ ਤੋਂ ਜਾ ਰਹੇ ਸਨ। ਸਰਕਾਰ ਵੱਲੋਂ ਪਾਬੰਦੀ ਸੀ ਕਿ ਜਥਿਆਂ ਨੂੰ ਕੋਈ ਪਾਣੀ ਤੱਕ ਵੀ ਨਾ ਪਿਆਏ। ਭਗਤ ਸਿੰਘ ਨੇ ਆਪਣੇ ਪਿੰਡ ਬੰਗਾ ਦੇ ਲੋਕਾਂ ਨੂੰ ਇਕੱਠੇ ਕਰਕੇ ਲੰਗਰ ਤਿਆਰ ਕਰਵਾ ਕੇ ਕਮਾਦ ਦੇ ਖੇਤਾਂ ਵਿੱਚ ਰਖਵਾ ਲਿਆ ਕਿਉਂਕਿ ਪੁਲਿਸ ਦੀ ਗਸ਼ਤ ਤੇਜ ਸੀ। ਸ਼ਹੀਦੀ ਜਥੇ ਨੂੰ ਰੋਕ ਕੇ ਲੰਗਰ ਹੀ ਨਹੀਂ ਛਕਾਇਆ ਸਗੋਂ ਪ੍ਰਭਾਵ ਸ਼ਾਲੀ ਭਾਸ਼ਨ ਵਿੱਚ ਸਰਕਾਰ ਦੀਆਂ ਵਧੀਕੀਆਂ ਦੀ ਨਿੰਦਾ ਵੀ ਕੀਤੀ। ਇਸ ਵਿੱਚ ਸਰਕਾਰ ਨੇ ਉਸ ਦੇ ਵਿਰੁੱਧ ਸੰਮਨ ਕੱਢੇ ਤਾਂ ਉਹ ਕਾਨਪੁਰ ਚਲਾ ਗਿਆ। ਗਣੇਸ਼ ਵਿਦਿਆਰਥੀ ਨੇ ਉਸ ਨੂੰ ਅਲੀਗੜ੍ਹ ਜ਼ਿਲ੍ਹੇ ਦੇ ਪਿੰਡ ਸਾਦਪੁਰ ਵਿੱਚ ਨੈਸ਼ਨਲ ਸਕੂਲ ਦਾ ਮੁੱਖ ਅਧਿਆਪਕ ਲਗਵਾ ਦਿੱਤਾ। ਜਦ ਕਾਨਪੁਰ ਵਿੱਚ ਭਿਆਨਕ ਹੜ੍ਹ ਆਇਆ ਤਾਂ ਉਸ ਨੇ ਅੱਗੇ ਹੋ ਕੇ ਹੜ੍ਹ ਪੀੜਤਾਂ ਦੀ ਸਹਾਇਤਾ ਕੀਤੀ।

ਭਗਤ ਸਿੰਘ ਮਾਨਵੀ ਰਿਸ਼ਤਿਆਂ ਨਾਲ ਜੁੜਿਆ ਰਿਸ਼ਤਿਆਂ ਦੀ ਕਦਰ ਕਰਨਾ ਖ਼ੂਬ ਜਾਣਦਾ ਸੀ। ਜਿਵੇਂ ਫਾਂਸੀ ਤੋਂ 20 ਦਿਨ ਪਹਿਲੇ ਯਾਨੀ 3 ਮਾਰਚ ਆਪਣੇ ਭਰਾ ਕੁਲਬੀਰ ਸਿੰਘ ਨੂੰ ਖ਼ਤ ਲਿਖਿਆ" ਆਹਿਸਤਾ ਆਹਿਸਤਾ ਮਿਹਨਤ ਨਾਲ ਪੜ੍ਹਦੇ ਜਾਣਾ। ਅਗਰ ਕੋਈ ਕੰਮ ਸਿੱਖੋ ਤਾਂ ਬਿਹਤਰ ਹੋਵੇਗਾ ਪਰ ਸਭ ਕੁਝ ਪਿਤਾ ਜੀ ਦੀ ਸਲਾਹ ਨਾਲ ਕਰਨਾ। ਜਿਥੋਂ ਤੱਕ ਹੋ ਸਕੇ ਪਿਆਰ ਨਾਲ ਸਾਰੇ ਜਣੇ ਗੁਜਾਰਾ ਕਰਨਾ। ਇਸ ਤੋਂ ਬਿਨਾਂ ਕੀ ਕਹਾਂ ? ਜਾਣਦਾ ਹਾਂ ਕਿ ਅੱਜ ਤੁਹਾਡੇ ਦਿਲ ਵਿੱਚ ਗਮਾਂ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੈ। ਤੁਹਾਡੀ ਗੱਲ ਸੋਚ ਕੇ ਮੇਰੀਆਂ ਅੱਖਾਂ ਵਿੱਚ ਵੀ ਹੰਝੂ ਆ ਰਹੇ ਹਨ।

ਦੂਸਰਾ ਖ਼ਤ ਭਰਾ ਕੁਲਤਾਰ ਸਿੰਘ ਨੂੰ ਲਿਖਿਆ। ਅੱਜ ਤੁਹਾਡੀਆਂ ਅੱਖਾਂ ਵਿੱਚ ਹੰਝੂ ਵੇਖ ਕੇ ਬੜਾ ਦੁੱਖ ਹੋਇਆ। ਅੱਜ ਤੁਹਾਡੀਆਂ ਗੱਲਾਂ ਵਿੱਚ ਬਹੁਤ ਦਰਦ ਸੀ। ਤੁਹਾਡੇ ਹੰਝੂ ਮੇਰੇ ਤੋਂ ਸਹਿਣ ਨਹੀਂ ਹੁੰਦੇ। ਗਹਿਰੀ ਵੇਦਨਾ ਅਤੇ ਕਾਵਿਕ ਸ਼ਕਤੀ ਉਸ ਦੇ ਕੋਲ ਸੀ। ਉਸ ਦਾ ਵਿਸ਼ਲੇਸ਼ਣੀ ਅਧਿਐਨ, ਸਿਧਾਂਤਕ, ਸੰਵੇਦਨਸ਼ੀਲ ਮਨੋ, ਸਮਾਜਿਕ ਕਾਰਜਸ਼ੀਲਤਾ ਇਖਲਾਕੀ ਉਚਿੱਤਤਾ ਦੇ ਗੁਣਾਂ ਨੂੰ ਹੋਰ ਵਿਸਥਾਰ ਨਾਲ ਵਾਚਦੇ ਹਾਂ।

ਭਗਤ ਸਿੰਘ ਸੰਗਠਨ ਦੀ ਮਜ਼ਬੂਤ ਲਈ ਢੁੱਕਵੇ ' ਸਾਹਿਤ ਦੀ ਲੋੜ ਪ੍ਰਤੀ ਪੂਰਨ ਸੁਚੇਤ ਸੀ। ਉਸ ਨੇ ਅਨੁਭਵ ਕਰ ਲਿਆ ਸੀ ਕਿ ਕ੍ਰਾਂਤੀ ਅਤੇ ਸੰਘਰਸ਼ ਬਾਰੇ ਜੋ ਸਾਹਿਤ ਰਚਿਆ ਗਿਆ, ਜਜ਼ਬਾਤੀ ਸੀ, ਕਾਰਵਾਈ ਦੀ ਘਾਟ ਸੀ। ਉਸ ਦਾ ਮੰਨਣਾ ਸੀ ਕਿ ਦੇਸ਼ ਦੇ ਸਾਹਿਤ ਦਾ ਵਹਾਅ ਜਿਸ ਪਾਸੇ ਵਗਦਾ ਹੈ, ਠੀਕ ਉਹ ਦੇਸ਼ ਵੀ ਵੱਧ ਰਿਹਾ ਹੁੰਦਾ ਹੈ। ਇਸ ਲਈ ਉਸ ਨੇ ਭਵਿੱਖ ਵਿੱਚ ਸ਼ੁਰੂ ਕੀਤੇ ਜਾਣ ਵਾਲੇ ਇਨਕਲਾਬੀ ਕੰਮ ਦੀ ਸਫ਼ਲਤਾ ਲਈ ਮਨਸੂਬਾ ਬਣਾ ਲਿਆ ਸੀ। ਛੋਟੀ ਉਮਰ ਵਿੱਚ ਹੀ ਆਪਣੇ ਵਿਚਾਰਾਂ ਦੇ ਪ੍ਰਗਟਾ ਲਈ ਲੇਖਣੀ ਨੂੰ ਮਾਧਿਅਮ ਬਣਾ ਕੇ ਵਹਿ ਤੁਰਿਆ। ਉਸ ਦੀ ਪਹਿਲੀ ਹੀ ਮਿਆਰੀ ਰਚਨਾ ' ਪੰਜਾਬ ਹਿੰਦੀ ਸਾਹਿਤ ਸੰਮੇਲਨ ਵੱਲੋਂ 'ਪੰਜਾਬ ਦੀ ਭਾਸ਼ਾ ਅਤੇ ਲਿਪੀ ਦਾ ਮਸਲਾ ਵਿਸ਼ੇ ਤੇ ਕਰਵਾਏ ਲੇਖ ਮੁਕਾਬਲਾ ਲਈ ਲਿਖਿਆ ਲੇਖ ਸੀ। ਇਸ ਤੋਂ ਬਾਅਦ ਉਸ ਦੀ ਲੇਖਣੀ ਵਿੱਚ ਤਾਜ਼ਗੀ ਅਤੇ ਤੇਜੀ ਆ ਗਈ।

ਭਗਤ ਸਿੰਘ ਦੀਆਂ ਪੰਜਾਬੀ,ਹਿੰਦੀ, ਉਰਦੂ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਦੀਆਂ ਲਿਖਤਾਂ ਪ੍ਰਤਾਪ ਕਾਨਪੁਰ, ਦ ਪੀਪਲ ਲਾਹੌਰ, ਕਿਰਤੀ ਅੰਮ੍ਰਿਤਸਰ, ਚਾਂਦ ਅਲਾਹਾਬਾਦ,ਮਹਾਂਰਥੀ ਦਿੱਲੀ ਆਦਿ ਵਿੱਚ ਪ੍ਰਕਾਸ਼ਿਤ ਹੋਈਆਂ। ਇਸ ਆਧਾਰ ਤੇ ਉਸ ਨੂੰ ਇੱਕ ਸਫ਼ਲ ਪੱਤਰਕਾਰ ਵੀ ਕਿਹਾ ਜਾ ਸਕਦਾ ਹੈ ਕਿ ਲੋਕਾਂ ਨੂੰ ਜਾਗ੍ਰਿਤ ਕਰਨ ਦਾ ਸੁਨੇਹਾ ਉਸ ਨੇ ਅਖ਼ਬਾਰਾਂ ਰਾਹੀਂ ਦਿੱਤਾ। ਪੁਲਿਸ ਤੋਂ ਆਪਣੀ ਪਛਾਣ ਛੁਪਾਉਣ ਲਈ ਉਹ ਵੱਖ ਵੱਖ ਨਾਵਾਂ ਹੇਠ ਪ੍ਰਕਾਸ਼ਿਤ ਹੋਇਆ, ਜਿਵੇਂ ਬੀ. ਐਸ. ਸੰਧੂ, ਪੰਜਾਬੀ ਯੁਵਕ, ਵਿਦਰੋਹੀ ਅਤੇ ਬਲਵੰਤ ਸਿੰਘ ਆਦਿ। ਭਗਤ ਸਿੰਘ ਦੇ ਬਹੁਤ ਸਾਰੇ ਲੇਖ ਉਪਲਭਤ ਹਨ ਜੋ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ (ਪੰਜਾਬੀ, ਸੰਪਾਦਕ ਜਗਮੋਹਨ ਸਿੰਘ) ਸ਼ਹੀਦ ਭਗਤ ਸਿੰਘ ਔਰ ਉਨਕੇ ਸਾਥੀਓ ਕੇ ਦਸਤਾਵੇਜ਼ (ਹਿੰਦੀ, ਸੰਪਾਦਕ ਜਗਮੋਹਨ ਸਿੰਘ ਅਤੇ ਚਮਨ ਲਾਲ) ਸਨ।

ਉਹਨਾਂ ਦੀਆਂ ਕੁਝ ਲਿਖਤਾਂ ਉਪਲਬਧ ਨਹੀਂ ਹਨ। ਜੋ ਭਗਤ ਸਿੰਘ ਨੇ ਦੋ ਸਾਲ ਦੀ ਜੇਲਬੰਦੀ ਵਿੱਚ ਲਿਖੀਆਂ। ਕੇਵਲ ਜੇਲ੍ਹ ਡਾਇਰੀ ਜਿਸ ਵਿੱਚ ਉਸ ਨੇ ਆਪ ਪੜ੍ਹੀਆਂ ਪੁਸਤਕਾਂ ਵਿਚੋਂ ਚੋਣਵੀਂਆਂ ਟੂਕਾਂ ਦਰਜ਼ ਕੀਤੀਆਂ ਹਨ। ਉਹ ਪ੍ਰਕਾਸ਼ਤ ਹਨ। ਜੋ ਰਚਨਾਵਾਂ ਉਪਲਬਧ ਨਹੀਂ ਹਨ:

1. ਆਤਮ ਕਥਾ
2. ਦੀ ਡੋਰ ਟੂ ਡੈਥ
3. ਦੀ ਆਈਡੀਅਲ ਆਫ਼ ਸੋਸ਼ਲਿਜ਼ਮ
4. ਹਿਸਟਰੀ ਆਫ਼ ਰੈਵੋਲਿਊਸ਼ਨਰੀ ਮੂਵਮੈਂਟ ਇਨ ਇੰਡੀਆ

ਇਹ ਚਾਰੇ ਖਰੜੇ ਜੇਲ੍ਹ ਤੋਂ ਬਾਹਰ ਕੁਮਾਰੀ ਲਾਜਵੰਤੀ ਕੋਲ ਪਹੁੰਚਾਏ ਗਏ, ਜਿਸ ਨੇ 1938 ਈ. ਵਿੱਚ ਵਿਜੇ ਕੁਮਾਰ ਸਿਨਹਾ ਭਗਤ ਸਿੰਘ ਦੇ ਜੇਲ੍ਹ ਸਾਥੀ ਨੂੰ ਸੌਂਪ ਦਿੱਤੇ। ਦੂਜਾ ਵਿਸ਼ਵ ਯੁੱਧ ਵੇਲੇ ਸਿਨਹਾ ਨੇ ਪੁਲਿਸ ਵੱਲੋਂ ਉਸ ਦੇ ਘਰ ਦੀ ਤਲਾਸ਼ੀ ਲਏ ਜਾਣ ਦੇ ਡਰ ਤੋਂ ਖਰੜੇ ਆਪਣੇ ਇੱਕ ਮਿੱਤਰ ਨੂੰ ਸੁਰਖਿਅਤ ਰੱਖਣ ਲਈ ਦੇ ਦਿੱਤੇ। ਸੰਨ 1942 ਵਿੱਚ ਭਾਰਤ ਛੱਡੋ ਅੰਦੋਲਨ ਸਮੇਂ ਵਿਆਪਕ ਸਖ਼ਤੀ ਨੂੰ ਦੇਖਦੇ ਹੋਏ ਇਸ ਮਿੱਤਰ ਨੇ ਡਰਦਿਆਂ ਇਹ ਖਰੜੇ ਨਸ਼ਟ ਕਰ ਦਿੱਤੇ, ਜੋ ਇਨਕਲਾਬੀ ਸੋਚ ਲਈ ਵੱਡਾ ਘਾਟਾ ਹੈ।

ਫਿਰ ਵੀ ਭਗਤ ਸਿੰਘ ਦੀ ਲੇਖਣੀ ਜੋ ਉਪਲਭਤ ਹੈ। ਉਸ ਵਿਚੋਂ ਭਗਤ ਸਿੰਘ ਦੀ ਸੋਚ ਧਾਰਾ ਦਾ ਪ੍ਰਵਾਹ ਸਪਸ਼ਟ ਦਿਖਾਈ ਦਿੰਦਾ ਹੈ। ਉਸ ਦੇ ਚੋਣਵੇਂ ਵਿਚਾਰ ਸਾਂਝੇ ਕਰਦੇ ਹਾਂ।

ਇਨਕਲਾਬ ਅਜਿਹੀ ਅਜ਼ਾਦੀ ਲਿਆਵੇਗਾ, ਜਿਸ ਵਿੱਚ ਆਦਮੀ ਦੇ ਹੱਥੋਂ ਆਦਮੀ ਦੀ ਲੁੱਟ ਖਸੁਟ ਅਸੰਭਵ ਹੋ ਜਾਵੇਗੀ।(ਦੂਜੀ ਪੰਜਾਬ ਸਟੂਡੈਂਟਸ ਯੂਨੀਅਨ ਕਾਨਫਰੰਸ 19-20 ਅਕਤੂਬਰ 1929 ਨੂੰ ਭੇਜਿਆ ਸੰਦੇਸ਼)

ਪਿਸਤੌਲ ਤੇ ਬੰਬ ਇਨਕਲਾਬ ਨਹੀਂ ਲਿਆਉਂਦੇ



ਸਗੋਂ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤੇਜ਼ ਹੁੰਦੀ ਹੈ। (ਅਸੈਂਬਲੀ ਬੰਬ ਕੇਸ ਦੀ ਹਾਈ ਕੋਰਟ ਵਿੱਚ ਪਾਈ ਅਪੀਲ ਸਮੇਂ ਦਿੱਤਾ ਬਿਆਨ 1929 ਈ.) ਇਹ ਜਰੂਰੀ ਨਹੀਂ ਕਿ ਬੰਬਾਂ ਤੇ ਪਿਸਤੌਲਾਂ ਵਾਲਾ ਆਦਮੀ ਹੀ ਇਨਕਲਾਬੀ ਹੋਵੇ। (ਨੌਜਵਾਨ ਭਾਰਤ ਸਭ ਦਾ ਮੈਨੀਫੈਸਟੋ 1928) ਅਸੀਂ ਨੌਜਵਾਨਾ ਨੂੰ ਬੰਬ ਅਤੇ ਪਿਸਤੌਲ ਚੁੱਕਣ ਦੀ ਸਲਾਹ ਨਹੀਂ ਦੇ ਸਕਦੇ। ਵਿਦਿਆਰਥੀਆਂ ਦੇ ਕਰਨ ਲਈ ਇਸ ਤੋਂ ਜਿਆਦਾ ਵੱਡੇ ਕੰਮ ਹਨ। (ਦੂਜੀ ਪੰਜਾਬ ਸਟੂਡੈਂਟਸ ਯੂਨੀਅਨ ਕਾਨਫਰੰਸ 19-20 ਅਕਤੂਬਰ 1929 ਨੂੰ ਭੇਜਿਆ ਸੰਦੇਸ਼)। ਅਸੀਂ ਇਨਕਲਾਬ ਨੂੰ ਸਦਾ ਅਤੇ ਹਰ ਮੌਕੇ 'ਤੇ ਹਥਿਆਰਬੰਦ ਇਨਕਲਾਬ ਦੇ ਮਤਲਬ ਨਾਲ ਨਹੀਂ ਜੋੜਦੇ। ਇਨਕਲਾਬ ਸਿਰਫ਼ ਬੰਬਾਂ, ਪਿਸਤੌਲਾਂ ਨਾਲ ਹੀ ਅਕੀਦਤ ਨਹੀਂ ਰੱਖਦਾ, ਬਲਕਿ ਇਹ ਬੰਬ ਤੇ ਪਿਸਤੌਲ ਤਾਂ ਕਦੀ ਕਦਾਈਂ ਇਸ ਇਨਕਲਾਬ ਦੇ ਵੱਖ ਵੱਖ ਹਿਸਿਆ ਦੀ ਪੂਰਤੀ ਲਈ ਇੱਕ ਸਾਧਨ ਬਣਦੇ ਹਨ। (ਮਾਡਰਨ ਰੀਵੀਊ ਦੇ ਸੰਪਾਦਕ ਨੂੰ ਪੱਤਰ ਦਸੰਬਰ 1930)।

ਇਨਕਲਾਬ ਤਾਂ ਸਿਰਫ਼ ਲਗਾਤਾਰ ਕੰਮ ਕਰਨ, ਕੁਰਬਾਨੀਆਂ ਕਰਨ ਤੇ ਲਗਾਤਾਰ ਮੁਸੀਬਤਾਂ ਝੱਲਣ ਨਾਲ ਹੀ ਪੈਦਾ ਕੀਤਾ ਜਾ ਸਕਦਾ ਹੈ ਅਤੇ ਕੀਤਾ ਜਾਵੇਗਾ। (ਭੁੱਖ ਹੜਤਾਲ ਦੌਰਾਨ ਸ਼ਹੀਦ ਸੁਖਦੇਵ ਨੂੰ ਲਿਖਿਆ ਖ਼ਤ-1929) ਫੈਕਟਰੀਆਂ ਵਿੱਚ ਕੰਮ ਕਰਦੇ ਲੱਖਾਂ ਮਜ਼ਦੂਰਾਂ ਕੋਲ, ਝੁੱਗੀਆਂ ਤੇ ਪੇਂਡੂ ਝੌਂਪੜੀਆਂ ਵਿੱਚ ਨੌਜਵਾਨਾਂ ਨੇ ਇਨਕਲਾਬ ਦਾ ਸੁਨੇਹਾ ਦੇਸ਼ ਦੇ ਹਰ ਕੋਨੇ ਵਿੱਚ ਪਹੁੰਚਾਉਣਾ ਹੈ।(ਦੂਜੀ ਪੰਜਾਬ ਸਟੂਡੈਂਟਸ ਯੂਨੀਅਨ ਕਾਨਫਰੰਸ 19-20 ਅਕਤੂਬਰ 1929 ਨੂੰ ਭੇਜਿਆ ਸੰਦੇਸ਼)

ਭਾਵੇਂ ਇਨਕਲਾਬ ਕੌਮੀ ਹੋਵੇ ਤੇ ਭਾਵੇਂ ਸਮਾਜਵਾਦੀ ਜਿਨ੍ਹਾਂ ਸ਼ਕਤੀਆਂ ਤੇ ਅਸੀਂ ਨਿਰਭਰ ਕਰ ਸਕਦੇ ਹਾਂ, ਉਹ ਹਨ ਕਿਸਾਨ ਅਤੇ ਮਜ਼ਦੂਰ। ਕਾਂਗਰਸੀ ਨੇਤਾ ਇਹਨਾਂ ਸ਼ਕਤੀਆਂ ਨੂੰ ਸੰਗਠਿਤ ਕਰਨ ਦੀ ਹਿੰਮਤ ਨਹੀਂ ਰੱਖਦੇ। (ਨੌਜਵਾਨ ਸਿਆਸੀ ਕਾਰਕੁੰਨਾਂ ਨੂੰ ਖ਼ਤ 2 ਫਰਵਰੀ 1931)

ਅਸੀਂ ਸਮਾਜਵਾਦੀ ਇਨਕਲਾਬ ਚਾਹੁੰਦੇ ਹਾਂ, ਜਿਸ ਲਈ ਮੁੱਢਲੀ ਜਰੂਰਤ ਰਾਜਸੀ ਇਨਕਲਾਬ ਦੀ ਹੈ। ਰਾਜਸੀ ਇਨਕਲਾਬ ਦਾ ਭਾਵ ਰਾਜ ਸੱਤਾ ਦਾ ਅੰਗਰੇਜ਼ ਹੱਥਾਂ ਤੋਂ ਭਾਰਤੀ ਹੱਥਾਂ ਵਿੱਚ ਆ ਜਾਣ ਤੇ ਉਹ ਵੀ ਉਹਨਾਂ ਭਾਰਤੀਆਂ ਦੇ ਹੱਥਾਂ ਵਿੱਚ ਜਿੰਨਾਂ ਦਾ ਅੰਤਿਮ ਉਦੇਸ਼ , ਸਾਡੇ ਉਦੇਸ਼ ਨਾਲ ਮਿਲਦਾ ਹੋਵੇ। ਹੋਰ ਸਪਸ਼ਟਤਾ ਨਾਲ ਕਹੀਏ ਤਾਂ ਰਾਜ ਸੱਤਾ ਦਾ ਇਨਕਲਾਬੀ ਪਾਰਟੀ ਦੇਹੱਥਾਂ ਵਿੱਚ,ਜਨਤਕ ਮਦਦ ਨਲ ਆ ਜਾਣਾ। ਉਸ ਦੇ ਬਾਅਦ ਸਾਰੇ ਸਮਾਜ ਨੂੰ ਸਮਾਜਵਾਦੀ ਲੀਹਾਂ 'ਤੇ ਚਲਾਉਣ ਲਈ ਪੂਰੀ ਸੰਜੀਦਗੀ ਨਾਲ ਜੁੱਟ ਜਾਣਾਂ ਹੋਵੇਗਾ (ਨੌਜਵਾਨ ਸਿਆਸੀ ਕਾਰਕੁੰਨਾਂ ਨੂੰ ਖ਼ਤ-2 ਫਰਵਰੀ 1931)

ਅਗਰ ਲਾਰਡ ਰੀਡਿੰਗ ਦੀ ਥਾਂ ਭਾਰਤੀ ਸਰਕਾਰ ਦਾ ਮੋਹਰੀ ਸਰ ਪੁਰਸ਼ੋਤਮ ਦਾਸ ਠਾਕੁਰ ਦਾਸ ਹੋਵੇ ਤਾਂ ਜਨਤਾ ਨੂੰ ਕੀ ਫ਼ਰਕ ਪੈਂਦਾ ਹੈ? ਇੱਕ ਕਿਸਾਨ ਵਾਸਤੇ ਇਸ ਨਾਲ ਭੀ ਫ਼ਰਕ ਪਵੇਗਾ, ਜੇ ਲਾਰਡ ਇਰਵਨ ਦੇ ਥਾਂ ਸਰਤੇਜ ਬਹਾਦਰ ਸਪਰੂ ਆ ਜਾਂਦਾ ਹੈ। ( ਨੌਜਵਾਨ ਸਿਆਸੀ ਕਾਰਕੁੰਨਾਂ ਨੂੰ ਖ਼ਤ -2 ਫਰਵਰੀ 1931) ਅਸੀਂ ਇਹ ਐਲਾਨ ਕਰਦੇ ਹਾਂ ਕਿ ਯੁੱਧ ਚਲ ਰਿਹਾ ਹੈ ਤੇ ਇਹ ਤਦ ਤੱਕ ਚ ਲਦਾ ਰਹੇਗਾ ਜਦ ਤੱਕ ਕੁਝ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤਕਸ਼ ਲੋਕਾਂ ਨੂੰ ਤੇ ਉਹਨਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ। ਉਹ ਲੁਟੇਰੇ ਭਾਵੇਂ ਨਿਰੋਲ ਅੰਗਰੇਜ਼ ਸਰਮਾਏਦਾਰ ਹੋਣ ਜਾਂ ਨਿਰੋਲ ਭਾਰਤੀ ਸਰਮਾਏਦਾਰ ਜਾਂ ਦੋਵੇਂ ਰਲਵੇਂ ਚਾਹੇ ਉਹ ਜਨਤਾ ਦਾ ਖ਼ੂਨ ਚੂਸਣ ਲਈ ਿ ਨਰੋਲ ਭਾਰਤੀ ਨੌਕਰਸ਼ਾਹੀ ਜਾਂ ਸਾਂਝੀ ਰਲੀ, ਮਿਲੀ ਨੌਕਰਸ਼ਾਹੀ ਦੀ ਮਸ਼ੀਨ ਨੂੰ ਵਰਤਣਾ। (ਗਵਰਨਰ ਪੰਜਾਬ ਵੱਲ 20 ਮਾਰਚ,1931 ਨੂੰ ਲਿਖਿਆ ਖ਼ਤ)

ਜਦੋਂ ਤੱਕ ਸਮਾਜ ਵਾਦੀ ਲੋਕ ਰਾਜ ਸਥਾਪਤ ਨਹੀਂ ਹੋ ਜਾਂਦਾ ਤੇ ਸਮਾਜ ਦਾ ਵਰਤਮਾਨ ਢਾਂਚਾ ਖ਼ਤਮ ਕਰਕੇ ਉਸ ਦੇ ਥਾਂ ਸਮਾਜਿਕ ਖ਼ੁਸ਼ਹਾਲੀ 'ਤੇ ਆਧਾਰਿਤ ਨਵਾਂ ਸਮਾਜਿਕ ਢਾਂਚਾ ਨਹੀਂ ਉੱਸਰ ਜਾਂਦਾ ਜਦ ਤਕ ਹਰ ਕਿਸਮ ਦੀ ਲੁੱਟ ਖਸੁੱਟ ਅਸੰਭਵ ਬਣਾ ਕੇ ਮਨੁੱਖਤਾ ਤੇ ਅਸਲ ਤੇ ਸਥਾਈ ਅਮਨ ਦੀ ਛਾਂ ਨਹੀਂ ਹੁੰਦੀ, ਤਦ ਇਹ ਜੰਗ ਹੋਰ ਨਵੇਂ ਜੋਸ਼ , ਹੋਰ ਵਧੇਰੀ ਨਿਡਰਤਾ, ਬਹਾਦਰੀ ਤੇ ਅਟੱਲ ਇਰਾਦੇ ਨਾਲ ਲੜੀ ਜਾਂਦੀ ਰਹੇਗੀ। ਨਿਕਟ ਭਵਿੱਖ ਵਿੱਚ ਆਖਰੀ ਯੁੱਧ ਲੜਿਆ ਜਾਵੇਗਾ ਤੇ ਉਹ ਫੈਸਲਾਕੁੰਨ ਹੋਵੇਗਾ। ਸਾਮਰਾਜੀ ਤੇ ਸਰਮਾਏਦਾਰਾਂ ਲੁੱਟ ਕੁਝ ਦਿਨਾਂ ਦੀ ਖੇਡ ਹੈ (ਗਵਰਨਰ ਪੰਜਾਬ ਵੱਲ 20 ਮਾਰਚ 1931 ਨੂੰ ਲਿਖਿਆ ਪੱਤਰ)। ਉਹ ਲੋਕ ਜੋ ਮਹੱਲ ਬਣਾਉਂਦੇ ਹਨ, ਝੋਪੜੀਆਂ ਵਿੱਚ ਰਹਿੰਦੇ ਹਨ। ਉਹ ਲੋਕ ਜੋ ਸੋਹਣੀਆਂ ਸੋਹਣੀਆਂ ਅਤੇ ਆਰਾਮ ਦੇਣ ਵਾਲੀਆਂ ਚੀਜ਼ਾਂ ਬਣਾਉਂਦੇ ਹਨ, ਪੁਰਾਣੀਆਂ ਅਤੇ ਗੰਦੀਆਂ ਚਟਾਈਆਂ 'ਤੇ ਸੌਂਦੇ ਹਨ। ਐਸਾ ਕਿਉਂ ਰਹਿਣਾ ਚਾਹੀਦਾ ਹੈ ? ਜੇ ਐਸੀ ਹੀ ਹਾਲਤ ਪਿਛਲੇ ਸਮੇਂ ਵਿੱਚ ਰਹੀ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਕਿਉਂ ਨਹੀਂ ਹੋਰ ਹੋਣੀ ਚਾਹੀਦੀ ਹੈ। ਜੇ ਅਸੀਂ ਚਾਹੁੰਦੇ ਹਾਂ ਕਿ ਹਿੰਦੁਸਤਾਨੀਆਂ ਦੀ ਹਾਲਤ ਅੱਜ ਨਾਲੋਂ ਚੰਗੀ ਹੋਵੇ ਤਾਂ ਇਹ ਹਾਲਤ ਤਬਦੀਲ ਹੋਣੀ ਚਾਹੀਦੀ ਹੈ। ਸਾਨੂੰ ਤਬਦੀਲ ਕਰਨੀ ਚਾਹੀਦੀ ਹੈ।

ਭਗਤ ਸਿੰਘ ਕਾਰਵਾਈ ਨਾਲੋਂ ਜਥੇਬੰਦਕ ਕਾਰਜਾਂ ਨੂੰ ਵਧੇਰੇ ਮਹੱਤਵ ਦਿੰਦਾ ਸੀ। ਇਹ ਗੱਲ ਉਸ ਵੱਲੋਂ ਆਪਣੇ ਸਾਥੀ ਸ਼ਿਵ ਵਰਮਾ ਨਾਲ ਹੋਈ ਵਾਰਤਾਲਾਪ ਤੋਂ ਪ੍ਰਗਟ ਹੁੰਦੀ ਹੈ। ਜੋ ਸ਼ਿਵ ਵਰਮਾ ਦੀ ਪੁਸਤਕ ਸ਼ਹੀਦ ਦੇ ਅੰਗ ਸੰਗ ਵਿੱਚ ਦਰਜ ਹੈ। ਰਾਮ ਪ੍ਰਸ਼ਾਦ ਬਿਸਮਿਲ ਨੂੰ ਜੇਲ੍ਹ ਵਿਚੋਂ ਛੁਡਾਏ ਜਾਣ ਵਾਲੀ ਕਾਰਵਾਈ ਟੀਮ ਵਿੱਚ ਸ਼ਿਵ ਵਰਮਾ ਨੂੰ ਸ਼ਾਮਲ ਨਾਲ ਕੀਤੇ ਜਾਣ ਤੇ ਉਹ ਨਿਰਾਸ਼ ਸੀ। ਉਸ ਨੂੰ ਭਗਤ ਸਿੰਘ ਨੇ ਇਸ ਤਰਾਂ ਸਮਝਾਇਆ। ਹੀਰੇ ਇਮਾਰਤ ਦੀ ਖ਼ੂਬਸੂਰਤੀ ਬਣਾਂ ਸਕਦੇ ਹਨ, ਵੇਖਣ ਵਾਲੇ ਨੂੰ ਚਕਾਚੌਂਧ ਕਰ ਸਕਦੇ ਹਨ ਪਰ ਉਹ ਇਮਾਰਤ ਦੀ ਬੁਨਿਆਦ ਨਹੀਂ ਬਣ ਸਕਦੇ। ਉਸ ਲੰਬੀ ਉਮਰ ਨਹੀਂ ਦੇ ਸਕਦੇ। ਸਦੀਆਂ ਤੱਕ ਆਪਣੇ ਮਜ਼ਬੂਤ ਕੰਧਿਆਂ 'ਤੇ ਉਸ ਦੇ ਬੋਝ ਨੂੰ ਨਹੀਂ ਉਠਾ ਸਕਦੇ ਉਸ ਨੂੰ ਸਿੱਧਾ ਖੜ੍ਹਾ ਨਹੀਂ ਕਰ ਸਕਦੇ। ਅੱਜ ਤੱਕ ਸਾਡੇ ਅੰਦੋਲਨ ਨੇ ਹੀਰੇ ਕਮਾਏ ਹਨ, ਨੀਂਹਾਂ ਦੇ ਪੱਥਰ ਨਹੀਂ ਬਟੋਰੇ। ਇਸ ਲਈ ਅੈਨੀ ਕੁਰਬਾਨੀ ਦੇਣ ਤੋਂ ਬਾਅਦ ਵੀ ਅਜੇ ਤਕ ਅਸੀਂ ਇਮਾਰਤ ਤਾਂ ਕੀ ਉਸ ਦਾ ਢਾਂਚਾ ਵੀ ਨਹੀਂ ਖੜ੍ਹਾ ਕਰ ਸਕੇ। ਅੱਜ ਸਾਨੂੰ ਨੀਂਹਾਂ ਦੇ ਪੱਥਰਾਂ ਦੀ ਜ਼ਰੂਰਤ ਹੈ। ਤਿਆਗ ਅਤੇ ਕੁਰਬਾਨੀ ਦੇ ਵੀ ਦੋ ਰੂਪ ਹਨ। ਇੱਕ ਹੈ ਗੋਲੀ ਖ਼ਤ ਕੇ ਜਾਂ ਫਾਂਸੀ ਤੇ ਲਟਕ ਕੇ ਮਰਨਾ। ਇਸ ਵਿੱਚ ਚਮਕ ਜਿਆਦਾ ਹੈ ਤੇ ਤਕਲੀਫ਼ ਘੱਟ। ਦੂਜਾ ਹੈ ਪਿੱਛੇ ਰਹਿ ਕੇ ਸਾਰੀ ਜਿੰਦਗੀ ਇਮਾਰਤ ਦੇ ਬੋਝ ਢੋਂਦੇ ਫਿਰਨਾ। ਅੰਦੋਲਨ ਦੇ ਉਤਰਾ ਚੜ੍ਹਾਅ ਦੇ ਦੌਰਾਨ ਕਈ ਵਾਰ ਐਦਾਂ ਦੇ ਪਲ ਵੀ ਆਊਂਦੇ ਹਨ ਜਦੋਂ ਇੱਕ ਇੱਕ ਕਰਕੇ ਸਾਰੇ ਹਮਰਾਹੀ ਵਿੱਛੜ ਜਾਂਦੇ ਹਨ। ਉਸ ਸਮੇਂ ਬੰਦਾ ਮਨੁੱਖੀ ਹਮਦਰਦੀ ਦੇ ਦੋ ਸ਼ਬਦ ਸੁਣਨ ਲਈ ਵੀ ਤਰਸ ਉੱਠਦਾ ਹੈ। ਇਹੋ ਜਿਹੇ ਹਾਲਾਤ ਵਿੱਚ ਵੀ ਉਹ ਲੋਕ ਜੋ ਡੋਲਦੇ ਨਹੀਂ, ਆਪਣਾ ਰਾਹ ਨਹੀਂ ਛੱਡਦੇ। ਇਮਾਰਤ ਦੇ ਬੋਝ ਨਾਲ ਜਿਨ੍ਹਾਂ ਦੇ ਪੈਰ ਲੜਖੜਾਉਂਦੇ ਨਹੀਂ। ਕੰਧੇ ਝੁਕਦੇ ਨਹੀਂ, ਜੋ ਤਿੱਲ ਤਿੱਲ ਕਰਕੇ ਆਪਣੇ ਆਪ ਨੂੰ ਇਸ ਲਈ ਜਲਾਉਂਦੇ ਹਨ ਕਿ ਦੀਵੇ ਦੀ ਲੋਅ ਕਿਤੇ ਮੱਧਮ ਨਾ ਪੈ ਜਾਵੇ, ਸੁੰਨਸਾਨ ਰਾਹਾਂ 'ਤੇ ਹਨੇਰਾ ਨਾ ਛਾ ਜਾਵੇ। ਇਸ ਤਰਾਂ ਦੇ ਲੋਕਾਂ ਦੀ ਕੁਰਬਾਨੀ ਅਤੇ ਤਿਆਗ ਪਹਿਲਾਂ ਵਾਲਿਆਂ ਦੇ ਮੁਕਾਬਲੇ ਕਿਤੇ ਵੱਧ ਨਹੀਂ ਹੈ।

ਵੀਹਵੀਂ ਸਦੀ ਦੇ ਮੁੱਢ ਤੋਂ ਅੰਗਰੇਜ਼ ਨੌਕਰਸ਼ਾਹੀ ਭਾਰਤ ਵਿੱਚ ਇੱਕ ਨਵੀਂ ਨੀਤੀ ਆਪਣਾ ਰਹੀ ਹੈ। ਵੱਡੇ ਸਰਮਾਏਦਾਰ ਤਬਕੇ ਨੂੰ ਰਿਆਇਤਾਂ ਦੇ ਕੇ ਆਪਣੀਆਂ ਸਫ਼ਾਂ ਵਿੱਚ ਮਿਲਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਉਹਨਾਂ ਦੇ ਹਿੱਤ ਸਾਂਝੇ ਬਣਾਏ ਜਾ ਰਹੇ ਹਨ। ਦੇਸ਼ ਵਿੱਚ ਅੰਗਰੇਜ਼ੀ ਸਰਮਾਇਆ ਵਧਣ ਨਾਲ ਭਾਰਤ ਦੀ ਅਜਿਹੀ ਗਿਰਾਵਟ ਅਟੱਲ ਹੈ। ਭਵਿੱਖ ਵਿੱਚ ਛੇਤੀ ਹੀ ਅਸੀਂ ਇਸ ਤਬਕੇ ਤੇ ਇਸ ਦੇ ਉੱਘੇ ਨੇਤਾਵਾਂ ਨੂੰ ਵਿਦੇਸ਼ੀ ਹਾਕਮਾਂ ਨਾਲ ਗਲਵਕੜੀ ਪਾਏ ਹੋਏ ਤੱਕਾਂਗੇ। ਕਿਸੇ ਗੋਲਮੇਜ ਕਾਨਫਰੰਸ ਜਾਂ ਹੋਰ ਅਜਿਹੇ ਢੰਗ ਰਾਹੀਂ ਇਹਨਾਂ ਵਿਚਾਲੇ ਸੌਦੇ ਬਾਜੀ ਹੋ ਜਾਵੇਗੀ ਅਤੇ ਫਿਰ ਉਹ ਲੋਕਾਂ ਦੀ ਮਦਦ ਕਰਨੀ ਛੱਡ ਦੇਣਗੇ (ਨੌਜਵਾਨ ਭਾਰਤ ਸਭਾ ਮੈਨੀਫ਼ੈਸਟੋ 1928)

(ਬਾਕੀ ਸਫ਼ਾ 31 'ਤੇ)




# ਪ੍ਰਕਾਸ਼ ਦਾ ਦੂਹਰਾ ਸੁਭਾਅ ਕਣ ਜਾਂ ਤਰੰਗ





ਹਰਜੀਤ ਸਿੰਘ
ਵਿਗਿਆਨੀ ਇਸਰੋ, ਤਿਰੁਵਨੰਤਪੁਰਮ



ਪ੍ਰਕਾਸ਼ ਸਾਡੇ ਆਸ-ਪਾਸ ਅਤੇ ਪੂਰੇ ਬ੍ਰਹਿਮੰਡ ਵਿੱਚ ਫੈਲਿਆ ਹੋਇਆ ਹੈ, ਜਿਸ ਕਰਕੇ ਅਸੀਂ ਇਸ ਨੂੰ ਦੇਖ ਸਕਦੇ ਹਾਂ ਪਰ ਇਹ ਹੈ ਕੀ? ਕਣ ਜਾਂ ਤਰੰਗ? ਸਤਾਰਵੀਂ ਸਦੀ ਦੌਰਾਨ ਨਿਊਟਨ ਦਾ ਮੰਨਣਾ ਸੀ ਕਿ ਪ੍ਰਕਾਸ਼ ਕਣਾਂ ਦਾ ਬਣਿਆ ਹੁੰਦਾ ਹੈ ਜਦਕਿ ਇੱਕ ਹੋਰ ਵਿਗਿਆਨੀ ਕ੍ਰਿਸਟੀਅਨ ਹਿਊਜੇਨਸ ਦਾ ਕਹਿਣਾ ਸੀ ਕਿ ਪ੍ਰਕਾਸ਼ ਤਰੰਗਾਂ ਦਾ ਬਣਿਆ ਹੁੰਦਾ ਹੈ। ਉੱਨੀਵੀਂ ਸਦੀ ਤੱਕ ਨਿਊਟਨ ਦੀ ਗੱਲ ਨੂੰ ਹੀ ਸੱਚ ਮੰਨਿਆ ਜਾਂਦਾ ਸੀ। ਫਿਰ ਥਾਮਸ ਯੰਗ ਨਾਮ ਦੇ ਵਿਗਿਆਨੀ ਨੇ ਆਪਣੇ ਪ੍ਰਯੋਗ ਨਾਲ ਸਿੱਧ ਕੀਤਾ ਕਿ ਪ੍ਰਕਾਸ਼ ਤਰੰਗਾਂ ਦਾ ਬਣਿਆ ਹੁੰਦਾ ਹੈ। ਇਸ ਪ੍ਰਯੋਗ ਨੂੰ 'ਯੰਗ'ਜ਼ ਡਬਲ ਸਲਿਟ ਐਕਸਪੈਰੀਮੈਂਟ ਕਹਿੰਦੇ ਹਨ।

ਯੰਗ ਦਾ ਪ੍ਰਯੋਗ ਬਹੁਤ ਸੌਖਾ ਸੀ ਜਿਸ ਨੂੰ ਤੁਸੀਂ ਵੀ ਬੜੇ ਆਰਾਮ ਨਾਲ ਕਰ ਸਕਦੇ ਹੋ। ਇਸੇ ਸਰਲਤਾ ਕਰਕੇ ਇਸ ਨੂੰ ਬਹੁਤ ਸਾਰੇ ਵਿਗਿਆਨੀ ਖ਼ੁਦ ਕਰਕੇ ਦੇਖ ਸਕੇ ਪਰ ਫਿਰ ਵੀ ਲੋਕਾਂ ਨੂੰ ਯੰਗ ਦੀ ਗੱਲ ਨੂੰ ਪਚਾਉਣ 'ਚ ਥੋੜ੍ਹਾ ਸਮਾਂ ਲੱਗਿਆ। ਇਸ ਪ੍ਰਯੋਗ ਲਈ ਦੋ ਬਹੁਤ ਬਾਰੀਕ ਝੀਥਾਂ ਵਾਲੀ ਇੱਕ ਪਲੇਟ, ਇੱਕ ਪ੍ਰਕਾਸ਼ ਸਰੋਤ ਅਤੇ ਇੱਕ ਸਕਰੀਨ ਚਾਹੀਦੀ ਹੈ। ਪ੍ਰਕਾਸ਼ ਸਰੋਤ ਜੇਕਰ ਚਿੱਟੇ ਰੰਗ ਦੀ ਥਾਂ 'ਤੇ ਕਿਸੇ ਹੋਰ ਰੰਗ ਦਾ ਹੋਵੇ ਤਾਂ ਬਿਹਤਰ ਹੋਵੇਗਾ। ਚਿੱਟੇ ਰੰਗ 'ਚ ਸਾਰੇ ਰੰਗ ਘੁਲੇ ਹੋਣ ਕਰਕੇ ਸਕਰੀਨ 'ਤੇ ਰੰਗ ਖਿੰਡ ਜਾਂਦੇ ਹਨ ਅਤੇ ਤਸਵੀਰ ਸਾਫ਼ ਨਹੀਂ ਬਣਦੀ। ਪ੍ਰਕਾਸ਼ ਦੀਆਂ ਕਿਰਨਾਂ ਦੋ ਝੀਥਾਂ ਵਿਚਦੀ ਲੰਘਾ ਕੇ ਸਕਰੀਨ 'ਤੇ ਸੁੱਟੀਆਂ ਜਾਂਦੀਆਂ ਹਨ। ਤੁਸੀਂ ਇੱਕ ਝੀਥ ਬੰਦ ਵੀ ਕਰ ਸਕਦੇ ਹੋ ਅਤੇ ਦੋਵੇਂ ਝੀਥਾਂ ਖੁੱਲ੍ਹੀਆਂ ਵੀ ਰੱਖ ਸਕਦੇ ਹੋ।

ਇੱਕ ਝੀਥ ਬੰਦ ਰੱਖ ਕੇ ਜਦੋਂ ਪ੍ਰਕਾਸ਼ ਸੁੱਟਿਆ ਜਾਂਦਾ ਹੈ ਤਾਂ ਸਕਰੀਨ 'ਤੇ ਇੱਕ ਲਕੀਰ ਬਣਦੀ ਹੈ ਤੇ ਬਣਨੀ ਵੀ ਚਾਹੀਦੀ ਹੈ। ਇਸ ਤਰ੍ਹਾਂ ਹੀ ਦੋਵੇਂ ਝੀਥਾਂ ਖੋਲ੍ਹ ਕੇ ਪ੍ਰਕਾਸ਼ ਸੁੱਟਣ 'ਤੇ ਕੀ ਹੋਵੇਗਾ? ਫਿਰ ਦੋ ਲਕੀਰਾਂ ਬਣਨਗੀਆਂ, ਜਿਵੇਂ ਰੇਤੇ ਜਾਂ ਮਿੱਟੀ ਦੇ ਕਣ ਇਨ੍ਹਾਂ ਝੀਥਾਂ ਰਾਹੀਂ ਸਕਰੀਨ ਉੱਤੇ ਸੁੱਟਣ 'ਤੇ ਬਣਨੀਆਂ ਸਨ। ਪ੍ਰਕਾਸ਼ ਜੇਕਰ ਕਣਾਂ ਦਾ ਬਣਿਆ ਹੋਇਆ ਹੁੰਦਾ ਤਾਂ ਇਹੋ ਹੋਣਾ ਚਾਹੀਦਾ ਸੀ, ਪਰ ਅਸਲ ਵਿੱਚ ਇਸ ਤਰ੍ਹਾਂ ਨਹੀਂ ਹੁੰਦਾ।

ਅਸਲ ਵਿੱਚ ਕੀ ਹੁੰਦਾ ਹੈ ਕਿ ਸਕਰੀਨ 'ਤੇ ਪੈਣ ਵਾਲਾ ਪ੍ਰਕਾਸ਼ ਕਈ ਚਮਕਦਾਰ ਅਤੇ ਗੂੜ੍ਹੀਆਂ ਲਕੀਰਾਂ ਵਿੱਚ ਟੁੱਟ ਜਾਂਦਾ ਹੈ। (ਰੈਫਰੈਂਸ ਲਈ ਹਥਲੀ ਤਸਵੀਰ ਦੇਖੋ) ਇਹ ਨਤੀਜੇ ਦਰਸਾਉਂਦੇ ਹਨ ਕਿ ਪ੍ਰਕਾਸ਼ ਇੱਕ ਤਰੰਗ ਵਾਂਗ ਚੱਲਦਾ ਹੈ ਅਤੇ ਇਹ ਤਰੰਗਾਂ ਜਦੋਂ ਸਕਰੀਨ ਵੱਲ ਜਾ ਰਹੀਆਂ ਹੁੰਦੀਆਂ ਹਨ ਤਾਂ ਆਪਸ ਵਿੱਚ ਮਿਲ ਕੇ ਸਕਰੀਨ 'ਤੇ ਗੂੜ੍ਹੀਆਂ ਤੇ ਚਮਕਦਾਰ ਲਕੀਰਾਂ ਬਣਾਉਂਦੀਆਂ ਹਨ। ਪ੍ਰਕਾਸ਼ ਜਦੋਂ ਦੋ ਝੀਥਾਂ ਵਿੱਚੋਂ ਲੰਘਦਾ ਹੈ ਤਾਂ ਹਰੇਕ ਝੀਥ 'ਤੇ ਇੱਕ ਨਵੀਂ ਤਰੰਗ ਬਣਦੀ ਹੈ। ਇਹ ਤਰੰਗਾਂ ਫੈਲਦੇ ਹੋਏ ਅੱਗੇ ਵਧਦੀਆਂ ਹਨ ਅਤੇ ਆਪਸ ਵਿੱਚ ਟਕਰਾਉਂਦੀਆਂ ਹਨ। ਇਸ ਨੂੰ ਸਮਝਣ ਲਈ ਇੱਕ ਉਦਾਹਰਨ ਦਾ ਸਹਾਰਾ ਲੈ ਸਕਦੇ ਹਾਂ। ਕਿਸੇ ਵੀ ਛੱਪੜ ਜਾਂ ਟੋਭੇ 'ਚ ਇੱਕ ਪੱਥਰ ਸੁੱਟਣ 'ਤੇ ਉਸ ਦੀ ਸਤ੍ਹਾ 'ਤੇ ਤਰੰਗਾਂ ਬਣਦੀਆਂ ਹਨ।

ਇਨ੍ਹਾਂ ਤਰੰਗਾਂ ਵਿੱਚ ਕ੍ਰਮਵਾਰ ਕਈ ਉਚਾਈਆਂ ਅਤੇ ਨਿਵਾਣਾਂ ਹੁੰਦੀਆਂ ਹਨ। ਜੇਕਰ ਤੁਸੀਂ ਦੋ ਪੱਥਰ ਇੱਕੋ ਸਮੇਂ ਸੁੱਟੋ ਤਾਂ ਬਣਨ ਵਾਲੀਆਂ ਤਰੰਗਾਂ ਆਪਸ ਵਿੱਚ ਮਿਲ ਕੇ ਕਿਤੇ ਤਰੰਗ ਦੀ ਉਚਾਈ ਨੂੰ ਵਧਾਉਣਗੀਆਂ ਅਤੇ ਕਿਤੇ ਘਟਾ ਦੇਣਗੀਆਂ। ਇਸ ਨੂੰ ਵਿਗਿਆਨਕ ਭਾਸ਼ਾ ਵਿੱਚ ਸੁਪਰਪੁਜ਼ੀਸ਼ਨ ਕਹਿੰਦੇ ਹਨ। ਜਿਸ ਜਗ੍ਹਾ 'ਤੇ ਕ੍ਰੈਸਟ ਨਾਲ ਕ੍ਰੈਸਟ ਜਾਂ ਟ੍ਰਫ ਨਾਲ ਟ੍ਰਫ ਮਿਲਦੀ ਹੈ, ਉੱਥੇ ਤਰੰਗ ਦੀ ਉਚਾਈ ਵਧ ਜਾਂਦੀ ਹੈ। ਸਕਰੀਨ 'ਤੇ ਇਹ ਚਮਕਦਾਰ ਲਕੀਰ ਵਾਲੀ ਜਗ੍ਹਾ 'ਤੇ ਹੁੰਦਾ ਹੈ। ਇਸ ਤੋਂ ਉਲਟ ਜੇਕਰ ਕ੍ਰੈਸਟ ਨਾਲ ਟ੍ਰਫ ਜਾਂ ਟ੍ਰਫ ਨਾਲ ਕ੍ਰੈਸਟ ਮਿਲ ਜਾਵੇ ਤਾਂ ਦੋਵੇਂ ਇੱਕ ਦੂਜੇ ਨੂੰ ਮਿਟਾ ਦੇਣਗੀਆਂ ਅਤੇ ਸਕਰੀਨ 'ਤੇ ਗੂੜ੍ਹੀ ਲਕੀਰ ਦਿਖੇਗੀ। ਇਸ ਸੁਪਰਪੁਜ਼ੀਸ਼ਨ ਕਰਕੇ ਹੀ ਤੁਹਾਨੂੰ ਸਕਰੀਨ 'ਤੇ ਚਮਕਦਾਰ ਅਤੇ ਗੂੜ੍ਹੀਆਂ ਲਕੀਰਾਂ ਦੀ ਕਤਾਰ ਦਿਖਦੀ ਹੈ ਜੋ ਪ੍ਰਕਾਸ਼ ਦੇ ਤਰੰਗ ਹੋਣ ਦੀ ਪੁਸ਼ਟੀ ਕਰਦੀ ਹੈ।

ਇਸ ਤੋਂ ਬਾਅਦ ਇਹ ਪ੍ਰਯੋਗ ਇਲੈਕਟ੍ਰੌਨਾਂ ਨਾਲ ਵੀ ਕੀਤੇ ਗਏ। ਜਦੋਂ ਇਲੈਕਟ੍ਰੌਨਾਂ ਨੂੰ ਇੱਕ ਝੀਥ ਵਿੱਚੋਂ ਲੰਘਾਇਆ ਗਿਆ ਤਾਂ ਸਕਰੀਨ 'ਤੇ ਸਿਰਫ਼ ਇੱਕ ਲਕੀਰ ਬਣੀ ਪਰ ਜਦੋਂ ਇਨ੍ਹਾਂ ਨੂੰ ਦੋ ਝੀਥਾਂ ਵਿੱਚੋਂ ਲੰਘਾਇਆ ਗਿਆ ਤਾਂ ਪ੍ਰਕਾਸ਼ ਵਾਂਗ ਹੀ ਗੂੜ੍ਹੀਆਂ ਅਤੇ ਚਮਕਦਾਰ ਲਕੀਰਾਂ ਦੇਖਣ ਨੂੰ ਮਿਲੀਆਂ ਜਿਸ ਦਾ ਮਤਲਬ ਸੀ ਕਿ ਇਲੈਕਟ੍ਰੌਨ ਵੀ ਕਿਵੇਂ ਨਾ ਕਿਵੇਂ ਤਰੰਗਾਂ ਵਾਂਗ ਵਿਚਰਦੇ ਹਨ। ਇੱਥੋਂ ਤੱਕ ਗੱਲ ਫਿਰ ਵੀ ਕੁਝ ਸਮਝ 'ਚ ਆਉਂਦੀ ਹੈ ਕਿ ਪ੍ਰਕਾਸ਼ ਵਾਂਗ ਇਲੈਕਟ੍ਰੌਨ ਵੀ ਤਰੰਗਾਂ ਹੋ ਸਕਦੇ ਹਨ ਪਰ ਚੀਜ਼ਾਂ ਹੋਰ ਦਿਲਚਸਪ ਹੋ ਗਈਆਂ ਜਦੋਂ ਵਿਗਿਆਨੀਆਂ ਨੇ ਇਲੈਕਟ੍ਰੌਨਾਂ ਨੂੰ ਇੱਕ-ਇੱਕ ਕਰਕੇ ਛੱਡਿਆ। ਮਤਲਬ ਦੋ ਇਲੈਕਟ੍ਰੌਨ ਇੱਕੋ ਸਮੇਂ ਮੌਜੂਦ ਹੀ ਨਹੀਂ ਹਨ ਸੋ ਸਾਨੂੰ ਪੈਟਰਨ ਨਹੀਂ ਮਿਲਣਾ ਚਾਹੀਦਾ ਸਗੋਂ ਦੋ ਲਕੀਰਾਂ ਦਿਖਣੀਆਂ ਚਾਹੀਦੀਆਂ ਹਨ।

ਸ਼ੁਰੂਆਤ ਵਿੱਚ ਸਕ੍ਰੀਨ 'ਤੇ ਉਘੜ-ਦੁੱਘੜ ਤਰੀਕੇ ਨਾਲ ਲਕੀਰਾਂ ਬਣਨੀਆਂ ਸ਼ੁਰੂ ਹੋਈਆਂ ਪਰ ਜਦੋਂ ਹੋਰ ਇਲੈਕਟ੍ਰੌਨ ਸੁੱਟੇ ਗਏ ਤਾਂ ਉਹੀ ਪੁਰਾਣਾ ਗੂੜ੍ਹੀਆਂ ਅਤੇ ਚਮਕਦਾਰ ਲਕੀਰਾਂ ਵਾਲਾ ਪੈਟਰਨ ਬਣਨ ਲੱਗਿਆ। ਇਸ ਤਰ੍ਹਾਂ ਲੱਗ ਰਿਹਾ ਸੀ ਕਿ ਇਲੈਕਟ੍ਰੌਨ ਆਪਣੇ ਆਪ ਨਾਲ ਇੰਟਰਫੀਅਰ ਕਰ ਰਹੇ ਹਨ। ਇਹ ਗੱਲ ਸਮਝ ਤੋਂ ਬਾਹਰ ਸੀ।

ਇਸ ਨੂੰ ਸਮਝਣ ਲਈ ਵਿਗਿਆਨੀ ਇੱਕ ਕਦਮ ਹੋਰ ਅੱਗੇ ਗਏ। ਉਨ੍ਹਾਂ ਨੇ ਝੀਥਾਂ ਦੇ ਅੱਗੇ ਇਲੈਕਟ੍ਰੌਨਾਂ ਦਾ ਪਤਾ ਲਾਉਣ ਵਾਲੇ ਯੰਤਰ ਲਗਾ ਦਿੱਤੇ ਤਾਂ ਕਿ ਪਤਾ ਲੱਗ ਸਕੇ ਕਿ ਇਲੈਕਟ੍ਰੌਨ ਕਿਸ ਝੀਥ ਥਾਣੀ ਲੰਘਿਆ ਹੈ। ਇਸ ਯੰਤਰ ਨੇ ਦਿਖਾਇਆ ਕਿ ਅੱਧੇ ਇਲੈਕਟ੍ਰੌਨ ਇੱਕ ਝੀਥ ਵਿੱਚੋਂ ਤੇ ਅੱਧੇ ਦੂਜੀ ਝੀਥ ਵਿੱਚੋਂ ਲੰਘੇ ਸਨ ਪਰ ਇੱਕ ਹੋਰ ਚੀਜ਼ ਜੋ ਉਨ੍ਹਾਂ ਨੇ ਦੇਖੀ ਕਿ ਇਹ ਯੰਤਰ ਲਗਾਉਣ ਤੋਂ ਬਾਅਦ ਸਕਰੀਨ 'ਤੇ ਸਿਰਫ਼ ਦੋ ਲਕੀਰਾਂ ਹੀ ਬਣੀਆਂ, ਜਿਵੇਂ ਕਿ ਝੀਥਾਂ ਵਿੱਚੋਂ ਤਰੰਗਾਂ ਨਹੀਂ ਕਣ ਲੰਘੇ ਹੋਣ। ਕਿਸੇ ਅਣਜਾਣ ਕਾਰਨ ਕਰ ਕੇ, ਜੇਕਰ ਅਸੀਂ ਇਹ ਦੇਖਣ ਦੀ ਕੋਸ਼ਿਸ਼ ਕਰਦੇ ਸਾਂ ਕਿ ਇਲੈਕਟ੍ਰੌਨ ਕਿਸ ਝੀਥ ਵਿੱਚੋਂ ਲੰਘੇ ਹਨ ਤਾਂ ਸਕਰੀਨ 'ਤੇ ਸਿਰਫ਼ ਦੋ ਲਕੀਰਾਂ ਨਜ਼ਰ ਆਉਂਦੀਆਂਸਨ, ਯਾਨੀ ਇਲੈਕਟ੍ਰੌਨ ਕਣਾਂ ਵਾਂਗ ਕੰਮ ਕਰਨ ਲੱਗਦੇ ਸਨ। ਪਰ ਜੇ ਅਸੀਂ ਨਹੀਂ ਦੇਖਦੇ ਤਾਂ ਇਹ ਫਿਰ ਤਰੰਗਾਂ ਦੀ ਤਰ੍ਹਾਂ ਕੰਮ ਕਰਨ ਲੱਗਦੇ ਸਨ ਅਤੇ ਸਕਰੀਨ 'ਤੇ ਗੂੜ੍ਹੀਆਂ/ਚਮਕਦਾਰ ਲਕੀਰਾਂ ਨਜ਼ਰ ਆਉਂਦੀਆਂ ਸਨ।

ਇਹ ਪ੍ਰਯੋਗ ਪ੍ਰਕਾਸ਼ ਨਾਲ ਵੀ ਦੁਹਰਾ ਕੇ ਦੇਖੇ ਗਏ, ਜਿੱਥੇ ਫੋਟੋਨ (ਪ੍ਰਕਾਸ਼ ਦੀ ਛੋਟੀ ਤੋਂ ਛੋਟੀ ਇਕਾਈ) ਇੱਕ-ਇੱਕ ਕਰਕੇ ਛੱਡੇ ਗਏ ਅਤੇ ਉੱਥੇ ਵੀ ਉਹੀ ਵਰਤਾਰਾ ਵੇਖਣ ਨੂੰ ਮਿਲਿਆ। ਕਵਾਂਟਮ ਮੈਕੇਨਿਕਸ ਆਉਣ ਤੋਂ ਬਾਅਦ ਪਤਾ ਲੱਗਿਆ ਕਿ ਇਨ੍ਹਾਂ ਸਭ ਕਣਾਂ ਅਤੇ ਪ੍ਰਕਾਸ਼ ਦਾ ਇੱਕ ਗੁਣ ਹੁੰਦਾ ਹੈ ਜਿਸ ਨੂੰ ਤਰੰਗ-ਕਣ ਦਵੰਦ ਕਹਿੰਦੇ ਹਨ। ਇਹ ਸਾਰੇ ਕਣ ਅਤੇ ਪ੍ਰਕਾਸ਼ ਆਪਣੀ ਮਰਜ਼ੀ ਨਾਲ ਹਾਲਾਤ ਮੁਤਾਬਕ ਕਣ ਜਾਂ ਤਰੰਗ ਵਾਂਗ ਕੰਮ ਕਰ ਸਕਦੇ ਹਨ।

ਯੰਗ ਦੇ ਪ੍ਰਯੋਗ ਨੂੰ ਵਿਗਿਆਨੀਆਂ ਨੇ ਇੱਕ ਹੋਰ ਤਰੀਕੇ ਨਾਲ ਕਰਨ ਦੀ ਕੋਸ਼ਿਸ਼ ਵੀ ਕੀਤੀ ਜਿਸ ਵਿੱਚ ਇਲੈਕਟ੍ਰੌਨ ਕਿਸ ਝੀਥ ਵਿੱਚੋਂ ਗਿਆ, ਦਾ ਪਤਾ ਲਗਾਉਣ ਦਾ ਫ਼ੈਸਲਾ ਇਲੈਕਟ੍ਰੌਨ ਦੇ ਝੀਥਾਂ ਵਿੱਚੋਂ ਲੰਘਣ ਤੋਂ ਬਾਅਦ ਲਿਆ ਜਾਂਦਾ ਸੀ ਪਰ ਨਤੀਜਾ ਫਿਰ ਵੀ ਉਹੋ ਰਿਹਾ। ਸੋ ਅੰਤ ਵਿੱਚ ਅਸੀਂ ਇਹੋ ਕਹਿ ਸਕਦੇ ਹਾਂ ਕਿ ਪ੍ਰਕਾਸ਼ ਜਾਂ ਹੋਰ ਸੂਖਮ ਕਣ ਇੱਕੋ ਸਮੇਂ ਤਰੰਗ ਅਤੇ ਕਣ ਵਾਂਗ ਕੰਮ ਕਰ ਸਕਦੇ ਹਨ, ਪਰ ਕਿਵੇਂ, ਇਸ 'ਤੇ ਖੋਜ ਹਾਲੇ ਵੀ ਜਾਰੀ ਹੈ।

# ਜੰਗਲੀ ਜਾਇਦਾਦ ਪੱਖੋਂ ਗ਼ਰੀਬ ਹੋਇਆ ਮਨੁੱਖ

## ਜੰਗਲ ਨਸ਼ਟ ਹੋਣ 'ਤੇ ਆ ਜਾਂਦੇ ਨੇ ਹੜ੍ਹ, ਸੋਕਾ, ਗਰਮੀ, ਕਾਲ ਅਤੇ ਬਿਮਾਰੀ



ਉਦਯੋਗਾਂ ਦੇ ਵਿਕਾਸ ਨੂੰ ਆਮ ਤੌਰ 'ਤੇ ਵਿਕਾਸ ਦਾ ਆਧਾਰ ਮੰਨਿਆ ਜਾਂਦਾ ਹੈ। ਅਨਾਜ ਪੈਦਾ ਕਰਨ ਲਈ ਖੇਤੀ ਅਤੇ ਸਿੰਚਾਈ 'ਤੇ ਜ਼ੋਰ ਦਿੱਤਾ ਜਾਂਦਾ ਹੈ ਪਰ ਜੰਗਲਾਂ ਦੀ ਮਹੱਤਤਾ ਨੂੰ ਸਮਝਣ ਵੱਲ ਪੂਰਾ ਧਿਆਨ ਨਹੀਂ ਦਿੱਤਾ ਜਾਂਦਾ। ਜੰਗਲ ਸਿਰਫ਼ ਉਸ ਜ਼ਮੀਨ ਨੂੰ ਢੱਕਣ ਲਈ ਸਮਝੇ ਜਾਂਦੇ ਹਨ ਜੋ ਖੇਤੀ ਲਈ ਕੱਟੀ ਜਾਂਦੀ ਹੈ। ਵਿਕਾਸ ਕੰਮਾਂ ਦੀ ਆੜ ਵਿੱਚ ਰੁੱਖਾਂ ਨੂੰ ਅੰਨ੍ਹੇਵਾਹ ਕੱਟਿਆ ਗਿਆ ਹੈ, ਉਨ੍ਹਾਂ ਨੂੰ ਨਵੇਂ ਰੁੱਖਾਂ ਨਾਲ ਬਦਲਣ ਦੀ ਲੋੜ ਪ੍ਰਤੀ ਆਮ ਤੌਰ 'ਤੇ ਉਦਾਸੀਨ ਰਵੱਈਆ ਹੈ। ਇਸ ਲਈ ਅੱਜ ਅਸੀਂ ਜੰਗਲੀ ਸੰਪਤੀ ਪੱਖੋਂ ਗਰੀਬ ਹੋ ਗਏ ਹਾਂ ਅਤੇ ਵਾਤਾਵਰਨ ਲਈ ਕਈ ਗੰਭੀਰ ਮਾੜੇ ਪ੍ਰਭਾਵਾਂ ਦਾ ਸਾਹਮਣਾ ਕਰ ਰਹੇ ਹਾਂ।

ਜੇਕਰ ਰੁੱਖ ਲਗਾਉਣ ਨਾਲ ਧਰਤੀ ਹਰੀ-ਭਰੀ ਰਹਿੰਦੀ ਹੈ ਤਾਂ ਮਨੁੱਖ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਈ ਲਾਭ ਹੁੰਦੇ ਹਨ। ਸਕਾਟਿਸ਼ ਬਨਸਪਤੀ ਵਿਗਿਆਨੀ ਰੌਬਰਟ ਚੈਂਬਰਜ਼ ਨੇ ਲਿਖਿਆ ਹੈ, ਜੇਕਰ ਜੰਗਲ ਨਸ਼ਟ ਹੋ ਜਾਂਦੇ ਹਨ ਤਾਂ ਪਾਣੀ ਦੀ ਕਮੀ ਹੋ ਜਾਵੇਗੀ, ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਜਾਵੇਗੀ ਅਤੇ ਫ਼ਸਲਾਂ ਦੀ ਪੈਦਾਵਾਰ ਘਟ ਜਾਵੇਗੀ, ਜਾਨਵਰ ਮਰ ਜਾਣਗੇ, ਪੰਛੀ ਅਲੋਪ ਹੋ ਜਾਣਗੇ। ਜੰਗਲਾਂ ਦੀ ਕਟਾਈ ਦੇ ਸਰਾਪ ਦੇ ਪੰਜ ਗੰਭੀਰ ਨਤੀਜੇ ਨਿਕਲਣਗੇ - ਹੜ੍ਹ, ਸੋਕਾ, ਗਰਮੀ, ਕਾਲ ਅਤੇ ਬਿਮਾਰੀ। ਅਸੀਂ ਅਣਜਾਣੇ ਵਿੱਚ ਜੰਗਲੀ ਸਰੋਤਾਂ ਨੂੰ ਨਸ਼ਟ ਕਰ ਦਿੰਦੇ ਹਾਂ ਅਤੇ ਆਪਣੇ ਲਾਭ ਨਾਲੋਂ ਵੱਧ ਨੁਕਸਾਨ ਝੱਲਦੇ ਹਾਂ।

ਰੁੱਖ ਆਕਸੀਜਨ ਦਾ ਸਭ ਤੋਂ ਵੱਡਾ ਸਰੋਤ ਹਨ। ਪ੍ਰਕਾਸ਼ ਸੰਸ਼ਲੇਸ਼ਣ ਦੀ ਪ੍ਰਕਿਰਿਆ ਵਿੱਚ ਪੌਦੇ ਜ਼ਰੂਰੀ ਆਕਸੀਜਨ ਛੱਡਦੇ ਹਨ। ਇਸ ਤਰ੍ਹਾਂ ਰੁੱਖ ਮਨੁੱਖੀ ਜੀਵਨ ਦਾ ਆਧਾਰ ਪ੍ਰਦਾਨ ਕਰਦੇ ਹਨ। ਇਸ ਤੋਂ ਇਲਾਵਾ ਪੌਦੇ ਜਾਨਵਰਾਂ ਨੂੰ ਭੋਜਨ ਵੀ ਪ੍ਰਦਾਨ ਕਰਦੇ ਹਨ। ਪੌਦੇ ਸਾਡੇ ਲਈ ਪੋਸ਼ਣ ਪ੍ਰਦਾਨ ਕਰਦੇ ਹਨ। ਸਾਨੂੰ ਰੁੱਖਾਂ ਨੂੰ ਵੱਢਣ ਦੀ ਬਜਾਏ ਲਾਉਣਾ ਚਾਹੀਦਾ ਹੈ। ਰੁੱਖ ਨੂੰ ਵਿਸ਼ੇਸ਼ ਮੌਕਿਆਂ 'ਤੇ ਇੱਕ ਲਾਜ਼ਮੀ ਤੋਹਫ਼ਾ ਬਣਾਇਆ ਜਾਣਾ ਚਾਹੀਦਾ ਹੈ. ਜੇਕਰ ਹਰ ਵਿਅਕਤੀ ਰੁੱਖ ਲਗਾਵੇ ਤਾਂ ਵਾਤਾਵਰਨ ਵਿੱਚ ਬਹੁਤ ਸੁਧਾਰ ਹੋਵੇਗਾ। ਹਵਾ ਸਾਫ਼ ਹੋਵੇਗੀ, ਰੁੱਖਾਂ ਦੀ ਗਿਣਤੀ ਵਧੇਗੀ ਅਤੇ ਪ੍ਰਦੂਸ਼ਣ, ਗਲੋਬਲ ਵਾਰਮਿੰਗ ਅਤੇ ਗ੍ਰੀਨ ਹਾਊਸ ਪ੍ਰਭਾਵ ਘਟੇਗਾ। ਦਰਅਸਲ, ਪੌਦਿਆਂ ਅਤੇ ਰੁੱਖਾਂ ਦਾ ਮਨੁੱਖ ਲਈ ਬਹੁਤ ਮਹੱਤਵ ਹੈ। ਇਹ ਮਨੁੱਖੀ ਜੀਵਨ ਦਾ ਆਧਾਰ ਹਨ ਪਰ ਅੱਜ ਮਨੁੱਖ ਇਨ੍ਹਾਂ ਦੀ ਮਹੱਤਤਾ ਅਤੇ ਵਰਤੋਂ ਨੂੰ ਸਮਝਣ ਦੀ ਬਜਾਏ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ। ਅਸੀਂ ਉਹਨਾਂ ਦੁਆਰਾ ਸੈਕੰਡਰੀ ਲਾਭਾਂ 'ਤੇ ਨਜ਼ਰ ਰੱਖ ਕੇ ਲਗਾਤਾਰ ਉਨ੍ਹਾਂ ਦਾ ਸ਼ੋਸ਼ਣ ਕਰ ਰਹੇ ਹਾਂ। ਰੁੱਖਾਂ ਨੂੰ ਕੱਟਣ ਦੀ ਬਜਾਏ ਸਾਨੂੰ ਬਹੁਤ ਸਾਰੇ ਰੁੱਖ ਲਗਾਉਣੇ ਚਾਹੀਦੇ ਹਨ ਪਰ ਅਜਿਹਾ ਨਹੀਂ ਹੋ ਰਿਹਾ ਅਤੇ ਇਨ੍ਹਾਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਨਤੀਜੇ ਵਜੋਂ ਮਨੁੱਖਤਾ ਲਈ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਗਈਆਂ ਹਨ।

ਸ਼ਾਸਤਰਾਂ ਵਿੱਚ ਤੁਲਸੀ, ਬੋਹੜ, ਪਿੱਪਲ, ਆਂਵਲਾ ਆਦਿ ਨੂੰ ਬ੍ਰਹਮ ਜੀਵ ਗਿਣਿਆ ਗਿਆ ਹੈ। ਰੁੱਖ ਮਨੁੱਖੀ ਪਰਿਵਾਰ ਦਾ ਹਿੱਸਾ ਹਨ। ਉਹ ਸਾਨੂੰ ਜੀਵਨ ਊਰਜਾ ਪ੍ਰਦਾਨ ਕਰਕੇ ਜ਼ਿੰਦਾ ਰੱਖਦੇ ਹਨ। ਇਹ ਸਾਡੇ ਲਈ ਬਹੁਤ ਲਾਭਦਾਇਕ ਹਨ ਇਸ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅੱਜ ਸਾਰੇ ਲੋਕਾਂ ਨੂੰ ਵਾਤਾਵਰਨ ਸੰਭਾਲ ਦੇ ਉਪਾਅ ਅਪਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਕਹਾਣੀ

ਅੰਮ੍ਰਿਤ ਕੌਰ

# ਆਹ ਜਾਂਦੀ ਐ ਪੈੜ . . .



ਜੈਲਾ ਸਾਰਾ ਦਿਨ ਤੁਰਿਆ ਰਹਿੰਦਾ । ਪਤਾ ਨਹੀਂ ਕਿਹੜੇ ਵੇਲੇ ਖਾਂਦਾ ਪੀਂਦਾ , ਕੁੱਝ ਖਾਂਦਾ ਪੀਂਦਾ ਵੀ ਜਾਂ ਨਹੀਂ। ਬਹੁਤੇ ਲੋਕ ਤਾਂ ਉਸ ਨੂੰ ਦੇਖ ਕੇ ਰਾਹ ਬਦਲ ਕੇ ਲੰਘ ਜਾਂਦੇ । ਉਸ ਦੀਆਂ ਗੱਲਾਂ ਦੀ ਕਿਸੇ ਨੂੰ ਸਮਝ ਨਹੀਂ ਸੀ ਲੱਗਦੀ। ਉਹ ਆਪਣੇ ਕੋਲ ਇੱਕ ਝੋਲ਼ਾ ਰੱਖਦਾ ਸੀ । ਪਤਾ ਨਹੀਂ ਕਿੰਨੇ ਕੁ ਪੁਰਾਣੇ ਅਖਬਾਰ ਸਾਂਭ ਰੱਖੇ ਸਨ। ਜੇ ਕੋਈ ਉਸ ਨੂੰ ਬੁਲਾ ਲੈਂਦਾ ਤਾਂ ਉਹ ਆਪਣੇ ਝੋਲ਼ੇ ਵਿੱਚੋਂ ਅਖਬਾਰ ਕੱਢਦਾ। ਉਸ ਉੱਤੇ ਪਹਿਲੀਆਂ ਦੋ ਉਂਗਲਾਂ ਰੱਖਦਾ ਤੇ ਫਿਰ ਇੱਕ ਉਂਗਲੀ ਨੂੰ ਚੁੱਕਦਾ ਦੂਜੀ ਨੂੰ ਰੱਖਦਾ ਦੂਜੀ ਨੂੰ ਚੁੱਕਦਾ ਪਹਿਲੀ ਨੂੰ ਰੱਖਦਾ ਜਿਵੇਂ ਤੁਰਨ ਵੇਲੇ ਕਦਮ ਪੁੱਟੀਦੇ ਨੇ ਵਾਰ-ਵਾਰ ਇਹੀ ਬੋਲਦਾ ' ਆਹ ਜਾਂਦੀ ਐ ਪੈੜ, ਆਹ ਜਾਂਦੀ ਐ ਪੈੜ.......।' ਫਿਰ ਇੱਕ ਥਾਂ ਤੇ ਰੁਕ ਜਾਂਦਾ, ਅੱਗੇ ਕੁੱਝ ਵੀ ਨਾ ਬੋਲਦਾ, ਬੱਸ ਦੂਜੇ ਵਿਅਕਤੀ ਦੇ ਮੂੰਹ ਵੱਲ ਦੇਖਦਾ। ਗੱਲ ਦੀ ਕਿਸੇ ਨੂੰ ਸਮਝ ਨਾ ਲੱਗਦੀ ਤਾਂ ਉਸ ਦਾ ਜੀਅ ਕਾਹਲਾ ਪੈਂਦਾ ਅਤੇ ਉਹ ਇੱਕ ਹੱਥ ਨਾਲ ਝੋਲ਼ਾ ਸੰਭਾਲਦਾ ਅਤੇ ਦੂਜੇ ਨਾਲ ਆਪਣੇ ਵਾਲਾਂ ਦਾ ਰੁੱਗ ਭਰ ਲੈਂਦਾ ਬੁੜਬੁੜ ਕਰਦਾ ਅੱਗੇ ਲੰਘ ਜਾਂਦਾ।

ਕਈ ਲੋਕ ਆਖਦੇ ਕਿ ਬਹੁਤੀ ਪੜ੍ਹਾਈ ਨੇ ਦਿਮਾਗ ਖਰਾਬ ਕਰ ਦਿੱਤਾ। ਕੋਈ ਆਖਦਾ ਨੌਕਰੀ ਨਹੀਂ ਮਿਲੀ ਪਾਗਲ ਹੋ ਗਿਆ। ਵਿੱਚੋਂ ਹੀ ਕੋਈ ਸਿਆਣਾ ਬਜ਼ੁਰਗ ਦੱਸਦਾ, ਨੌਕਰੀ ਤਾਂ ਮਿਲ ਗਈ ਸੀ.. ਛੱਡ ਕੇ ਆ ਗਿਆ ...ਏਹ ਤਾਂ ਭਾਈ ਬਹੁਤ ਲੈਕ ਮੁੰਡਾ ਸੀ....ਪਤਾ ਨਹੀਂ ਕੀਹਦੀ ਬੁਰੀ ਨਜ਼ਰ ਲੱਗ ਗੀ ਸਾਰੇ ਟੱਬਰ ਵਿੱਚੋਂ ਇਹੀ ਬਚਿਆ ਵਿਚਾਰਾ..... ਠੋਕਰਾਂ ਖਾਂਦਾ ਫਿਰਦੈ ਮਾੜੇ ਕਰਮਾਂ ਆਲ਼ਾ।

ਜੈਲੇ ਦੇ ਪਰਿਵਾਰ ਵਿੱਚ ਕੋਈ ਨਹੀਂ ਸੀ। ਉਹ ਇਕੱਲਾ ਹੀ ਇੱਕ ਬੈਠਕ ਵਿੱਚ ਰਹਿੰਦਾ ਸੀ। ਕੋਈ ਆਂਢੀ ਗੁਆਂਢੀ ਵੇਲੇ ਕੁਵੇਲੇ ਚਾਹ ਰੋਟੀ ਦੇ ਜਾਂਦਾ ਆਮ ਕਰਕੇ ਗੁਰਦੁਆਰਾ ਸਾਹਿਬ ਵਾਲੇ ਭਾਈ ਜੀ ਉਸ ਨੂੰ ਰੋਟੀ ਪਾਣੀ ਛਕਾ ਦਿੰਦੇ । ਚਾਚੇ ਤਾਏ ਦੇ ਪਰਿਵਾਰ ਹੈ ਸਨ, ਉਹ ਨੇੜੇ ਨਹੀਂ ਸਨ ਲਾਉਂਦੇ। ਪਿਉ ਨਿੱਕੇ ਹੁੰਦੇ ਦਾ ਹੀ ਮੁੱਕ ਗਿਆ ਸੀ। ਇੱਕ ਛੋਟਾ ਭਰਾ ਸੀ , ਅੰਤਾਂ ਦਾ ਸਾਊ ਅਤੇ ਪਿਆਰਾ.... ਕਾਲਜ ਪੜ੍ਹਦਾ ਸੀ ।ਅੱਤਵਾਦ ਦੇ ਕਾਲੇ ਦੌਰ ਵਿੱਚ ਇੱਕ ਦਿਨ ਘਰੋਂ ਕਾਲਜ ਗਿਆ ਮੁੜ ਘਰ ਨਹੀਂ ਪਰਤਿਆ। ਉਸ ਦੇ ਗਮ ਵਿੱਚ ਮਾਂ ਨੇ ਅਜਿਹਾ ਮੰਜਾ ਫੜਿਆ, ਮਰ ਕੇ ਹੀ ਮੰਜਾ ਛੁੱਟਿਆ। ਜੈਲਾ ਉਦੋਂ ਆਪ ਪੜ੍ਹਦਾ ਸੀ ਭਰਾ ਨੂੰ ਲੱਭਣ ਲਈ ਉਸ ਨੇ ਦਿਨ ਰਾਤ ਇੱਕ ਕਰ ਦਿੱਤਾ ਸੀ। ਦਰ ਦਰ ਦੀਆਂ ਠੋਕਰਾਂ ਖਾਧੀਆਂ। ਉਹ ਕਦੇ ਕਿਸੇ ਅਫ਼ਸਰ ਨੂੰ ਮਿਲਦਾ ਕਦੇ ਕਿਸੇ ਨੂੰ। ਇੱਕ ਦਿਨ ਸੁੰਨ ਮਸੁੰਨ ਹੋ ਕੇ ਘਰ ਨੂੰ ਮੁੜ ਆਇਆ। ਨਾ ਮੁੜ ਕੇ ਕਦੇ ਭਰਾ ਨੂੰ ਲੱਭਣ ਗਿਆ ਨਾ ਹੀ ਕਦੇ ਬਹੁਤਾ ਬੋਲਿਆ। ਹਾਲਤ ਕਮਲ਼ਿਆਂ ਵਰਗੀ ਹੋ ਗਈ। ਨਾਨਕੇ ਆਪਣੇ ਕੋਲ਼ ਲੈ ਗਏ ਸਨ।ਕਈ ਸਾਲ ਉੱਥੇ ਰਿਹਾ ਜਦੋਂ ਨਾਨਾ ਨਾਨੀ ਮੁੱਕ ਗਏ ਤਾਂ ਪਰਿਵਾਰ ਨੇ ਮੁਸੀਬਤ ਸਮਝਿਆ ਉਸ ਨੂੰ। ਇਸ ਲਈ ਪਿੰਡ ਛੱਡ ਗਏ। ਜਦੋਂ ਪਿੰਡ ਆਇਆ ਤਾਂ ਪਛਾਣਿਆ ਨਹੀਂ ਸੀ ਜਾਂਦਾ। ਸਿਰ ਅਤੇ ਦਾੜ੍ਹੀ ਦੇ ਵਾਲ਼ ਅੱਧੇ ਤੋਂ ਵੱਧ ਚਿੱਟੇ ਹੋ ਗਏ ਸਨ। ਹੁਣ ਵੀ ਸ਼ਹਿਰ ਵੱਲ ਜਾਂਦੇ ਰਾਹ 'ਤੇ ਕਿੰਨੀ ਕਿੰਨੀ ਦੇਰ ਬੈਠਾ ਸੁੰਨੀਆਂ ਜਿਹੀਆਂ ਅੱਖਾਂ ਨਾਲ ਤੱਕਦਾ ਰਹਿੰਦਾ। ਫਿਰ ਜੀਅ ਕਾਹਲਾ ਪੈਂਦਾ ਉੱਠ ਕੇ ਮੜ੍ਹੀਆਂ ਵੱਲ ਨੂੰ ਤੁਰ ਪੈਂਦਾ। ਆਖਦਾ ਸੀ 'ਮਾਂ ਓਦਰ ਜਾਂਦੀ ਐ, ਜੇ ਨਾ ਜਾਵਾਂ ਤਾਂ।'

ਛੋਟੇ ਬੱਚੇ ਉਸ ਕੋਲੋਂ ਡਰਦੇ ਸਨ। ਕਦੇ ਕੋਈ ਬੱਚਾ ਉਸ ਨੂੰ ਛੇੜ ਕੇ ਭੱਜਣ ਦੀ ਕੋਸ਼ਿਸ਼ ਕਰਦਾ ਤਾਂ ਉਹ ਉਸ ਦੀ ਬਾਂਹ ਫੜ ਲੈਂਦਾ ਅਤੇ ਉਸ ਨੂੰ ਕੋਈ ਮੈਲ਼ਾ ਜਿਹਾ ਅਖ਼ਬਾਰ ਫੜਾ ਦਿੰਦਾ ਜਾਂ ਕੋਈ ਫਟੀ ਮੈਲ਼ੀ ਕਿਤਾਬ ਖੋਲ੍ਹ ਕੇ ਦਿੰਦਾ ਤੇ ਪੜ੍ਹਨ ਲਈ ਆਖਦਾ। ਜਿੰਨਾ ਚਿਰ ਬੱਚਾ ਉਸ ਦੇ ਕਹੇ ਤੇ ਇੱਕ ਅੱਧ ਪੰਨਾ ਪੜ੍ਹ ਕੇ ਨਾ ਸੁਣਾਉਂਦਾ ਓਨਾ ਚਿਰ ਬੱਚੇ ਦੀ ਬਾਂਹ ਨਾ ਛੱਡਦਾ । ਬੱਚੇ ਉਸ ਦੀ ਇਸ ਸਜ਼ਾ ਤੋਂ ਡਰਦੇ ਉਸ ਨੂੰ ਤੰਗ ਪ੍ਰੇਸ਼ਾਨ ਨਹੀਂ ਸਨ ਕਰਦੇ। ਕਈ ਲੋਕਾਂ ਨੇ ਦੇਖਿਆ ਸੀ ਉਹ ਇੱਕ ਤਸਵੀਰ ਨੂੰ ਦੋਵਾਂ ਹੱਥਾਂ ਵਿੱਚ ਫੜ ਕੇ ਕਿੰਨੀ ਕਿੰਨੀ ਦੇਰ ਵੇਖਦਾ ਰਹਿੰਦਾ। ਉਹ ਤਸਵੀਰ ਹੈ ਕਿਸ ਦੀ ਸੀ ਇਹ ਕਿਸੇ ਨੂੰ ਨਹੀਂ ਸੀ ਪਤਾ। ਜਦੋਂ ਕੋਈ ਨੇੜੇ ਜਾਂਦਾ ਉਹ ਲੁਕੋ ਲੈਂਦਾ।

ਆਮ ਕਰਕੇ ਬੋਹੜ ਹੇਠਾਂ ਬੈਠੇ ਬਜ਼ੁਰਗ ਉਸ ਨੂੰ ਆਪਣੇ ਕੋਲ ਬੁਲਾ ਲੈਂਦੇ ਸਨ । ਕਈ ਉਸ ਦਾ ਮਖੌਲ ਉਡਾਉਂਦੇ ਕਈ ਹਮਦਰਦੀ ਜਤਾਉਂਦੇ। ਉਸ ਨੂੰ ਇੱਕੋ ਧੁਨ ਸੀ ਅਖ਼ਬਾਰ ਇਕੱਠੇ ਕਰਨ ਦੀ।ਭਾਵੇਂ ਕੂੜੇ ਵਿੱਚ ਡਿੱਗਿਆ ਮਿਲ ਜਾਂਦਾ ਉਹ ਚੁੱਕ ਲੈਂਦਾ ਸੀ। ਉਸ ਨੂੰ ਅੱਖਾਂ ਦੇ ਨੇੜੇ ਕਰ ਕੇ ਦੇਖਦਾ। ਕਦੇ ਉੱਥੇ ਹੀ ਸੁੱਟ ਦਿੰਦਾ ,ਕਦੇ ਕਦੇ ਝੋਲ਼ੇ ਵਿੱਚ ਪਾ ਲੈਂਦਾ।

ਇੱਕ ਦਿਨ ਬੋਹੜ ਹੇਠ ਬੈਠੇ ਪਿਆਰਾ ਸਿਉਂ ਪੰਚ ਨੇ ਬੜੇ ਪਿਆਰ ਨਾਲ ਆਪਣੇ ਕੋਲ ਬਿਠਾ ਕੇ ਕਿਹਾ, ਜੈਲਿਆ ਤੂੰ ਇੱਕੋ ਗੱਲ ਆਖਦਾ ਰਹਿਨਾ ਏਂ.... ਆਹ ਜਾਂਦੀ ਐ ਪੈੜ, ਆਹ ਜਾਂਦੀ ਐ ਪੈੜ... ਅਗਾਂਹ ਵੀ ਕੁਸ਼ ਦੱਸਿਆ ਕਰ ।

ਆ ਕੇ ਦੱਸਦਾਂ। ਕਹਿ ਉਹ ਕਾਹਲੇ ਕਦਮੀਂ ਸਿਰ ਖੁਰਕਦਾ ਆਪਣੇ ਘਰ ਵੱਲ ਚਲਾ ਗਿਆ।

ਓ ਰਹਿਣ ਦੇ ਜੈਲਿਆ ਫੇਰ ਕਦੇ ਦੱਸ ਦੇਈਂ.... ਸਾਡੀ ਟਰਾਲੀ ਆਉਣ ਆਲ਼ੀ ਐ ਅਸੀਂ ਧਰਨੇ ਤੇ ਜਾਣੈ। ਪਿਆਰਾ ਸਿਉਂ ਨੇ ਬਥੇਰੀਆਂ ਅਵਾਜ਼ਾਂ ਮਾਰੀਆਂ ਪਰ ਉਸ ਨੇ ਇੱਕ ਨਾ ਸੁਣੀ। ਉਸ ਦੀ ਬੈਠਕ ਵਿੱਚ ਕੁੱਝ ਕੁ ਪੁਰਾਣੀਆਂ ਕਿਤਾਬਾਂ ਅਤੇ ਅਖ਼ਬਾਰਾਂ ਤੋਂ ਬਿਨਾਂ ਕੋਈ ਬਹੁਤਾ ਸਮਾਨ ਨਹੀਂ ਸੀ। ਉਸ ਨੇ ਥੋੜ੍ਹੇ ਕੁ ਅਖਬਾਰ ਝੋਲ਼ੇ ਵਿੱਚ ਪਾਏ ਤੇ ਕਾਹਲ਼ੇ ਕਦਮੀਂ ਬੋਹੜ ਹੇਠਾਂ ਬੈਠੇ ਬਜ਼ੁਰਗਾਂ ਕੋਲ ਆ ਗਿਆ। ਉਧਰੋਂ ਸਕੂਲ ਨੂੰ ਛੁੱਟੀ ਹੋ ਚੁੱਕੀ ਸੀ ਅਤੇ ਮਾਸਟਰ ਜੀ ਵੀ ਬਜ਼ੁਰਗਾਂ ਕੋਲ਼ ਆ ਕੇ ਬੈਠ ਗਏ। ਉਹਨਾਂ ਦਾ ਪਿੰਡ ਦੂਰ ਹੋਣ ਕਰਕੇ ਉਹ ਆਪਣੇ ਪਿੰਡ ਹਫ਼ਤੇ ਬਾਅਦ ਹੀ ਜਾਂਦੇ ਸਨ।

ਲਓ ਬਈ ਆਪਣਾ ਜੈਲਾ ਅੱਜ ਦੱਸੂ ਪੈੜਾਂ ਕਿੱਧਰ ਨੂੰ ਜਾਂਦੀਆਂ ਨੇ। ਆਖ ਕੇ ਵੱਡੇ ਲਾਣੇ ਦਾ ਘੁੱਕਰਾ ਉੱਚੀ ਦੇਣੇ ਹੱਸਿਆ। ਉਸ ਦੇ ਨਾਲ ਤਿੰਨ ਚਾਰ ਜਣੇ ਹੋਰ ਵੀ ਹੱਸ ਪਏ ।

ਜੈਲੇ ਨੇ ਇੱਕ ਇੱਕ ਕਰਕੇ ਅਖ਼ਬਾਰ ਕੱਢਣੇ ਸ਼ੁਰੂ ਕਰ ਦਿੱਤੇ। ਅਖ਼ਬਾਰ 'ਤੇ ਦੋ ਉਂਗਲੀਆਂ ਰੱਖਦਾ ਤੇ ਆਖਦਾ, ਆਹ ਜਾਂਦੀ ਐ ਪੈੜ.... ਆਹ ਜਾਂਦੀ ਐ ਪੈੜ। ਇੱਕ ਤੋਂ ਬਾਅਦ ਦੂਜਾ, ਫਿਰ ਤੀਜਾ ਚੌਥਾ ਇਸੇ ਤਰ੍ਹਾਂ ਅਖ਼ਬਾਰ ਕੱਢਦਾ ਉਂਗਲਾਂ ਰੱਖ ਕੇ.... ਆਹ ਜਾਂਦੀ ਐ ਪੈੜ....ਆਖਦਿਆਂ ਉਂਗਲਾਂ ਨੂੰ ਅੱਗੇ ਅੱਗੇ ਤੋਰਦਾ ਤੇ ਕਿਸੇ ਇੱਕ ਥਾਂ 'ਤੇ ਰੁਕ ਜਾਂਦਾ।

ਓ ਬੱਸ ਕਰ ਪਤੰਦਰਾ ਸਾਡਾ ਵੀ ਦਿਮਾਗ ਖਰਾਬ ਕਰੇਂਗਾ।ਘੁੱਕਰੇ ਨੇ ਆਖਿਆ। ਪਰ ਮਾਸਟਰ ਜੀ ਗੰਭੀਰ ਸਨ। ਉਹਨਾਂ ਨੇ ਜੈਲੇ ਨੂੰ ਆਖਿਆ, ਹਾਂ ਹਾਂ ਜਰਨੈਲ ਸਿੰਘ ਅੱਗੇ ਦੱਸੋ।

ਮਾਸਟਰ ਜੀ ਤੁਸੀਂ ਵੀ ਕੀਹਦੇ ਨਾਲ ਮੱਥਾ ਮਾਰਨ ਲੱਗੇ ਓ। ਘੁੱਕਰੇ ਨੇ ਫੇਰ ਕਿਹਾ। ਜੈਲੇ ਨੇ ਉਦਾਸ ਜਿਹੀਆਂ ਅੱਖਾਂ ਨਾਲ ਉਸ ਵੱਲ ਦੇਖਿਆ ਅਤੇ ਅਖ਼ਬਾਰਾਂ ਨੂੰ ਇਕੱਠੇ ਕਰ ਕੇ ਝੋਲ਼ੇ ਵਿੱਚ ਪਾਉਣ ਲੱਗਿਆ।

ਨਹੀਂ ਨਹੀਂ ਜਰਨੈਲ ਸਿਆਂ ਤੂੰ ਦੱਸ ਅਸੀਂ ਸਮਝ ਰਹੇ ਹਾਂ ਤੇਰੀ ਗੱਲ ਨੂੰ। ਮਾਸਟਰ ਜੀ ਨੇ ਉਸ ਦੇ ਮੋਢੇ 'ਤੇ ਹੱਥ ਰੱਖਦਿਆਂ ਆਖਿਆ। ਜੈਲਾ ਮਾਸਟਰ ਜੀ ਦੇ ਮੂੰਹ ਵੱਲ ਤੱਕਣ ਲੱਗਿਆ ਉਹਨਾਂ ਹਾਂ ਵਿੱਚ ਸਿਰ ਹਿਲਾਇਆ ਤੇ ਆਖਿਆ, ਸੱਚੀਂ ਸਮਝ ਰਹੇ ਆਂ..... ਤੂੰ ਅੱਗੇ ਦੱਸ। ਮਾਸਟਰ ਜੀ ਨੂੰ ਯਕੀਨ ਸੀ ਕਿ ਉਸ ਦੀਆਂ ਗੱਲਾਂ ਬੇਮਾਅਨੀਆਂ ਨਹੀਂ। ਉਹ ਫਿਰ ਝੋਲ਼ੇ ਵਿੱਚੋਂ ਅਖ਼ਬਾਰ ਕੱਢਣ ਲੱਗਾ। ਉਸ ਦੀਆਂ ਅੱਖਾਂ ਵਿੱਚ ਥੋੜ੍ਹੀ ਚਮਕ ਆ ਗਈ ਸੀ। ਉਸ ਨੇ ਫਿਰ ਅਖ਼ਬਾਰ ਦੇ ਇੱਕ ਥਾਂ ਉਂਗਲ ਰੱਖੀ ਫਿਰ ਸ਼ੁਰੂ ਹੋ ਗਿਆ.... ਆਹ ਜਾਂਦੀ ਐ ਪੈੜ.... ਆਹ ਜਾਂਦੀ ਐ ਪੈੜ। ਉਸ ਨੇ ਇਸੇ ਤਰ੍ਹਾਂ ਕਈ ਅਖ਼ਬਾਰ ਕੱਢੇ ਬਸ ਉਹੀ ਗੱਲ ਦੁਹਰਾਉਂਦਾ ਰਿਹਾ। ਕਈਆਂ ਨੇ ਉੱਥੋਂ ਚੁੱਪ-ਚਾਪ ਖਿਸਕਣਾ ਚਾਹਿਆ। ਪਰ ਮਾਸਟਰ ਜੀ ਨੇ ਉਹਨਾਂ ਨੂੰ ਥੋੜ੍ਹੀ ਦੇਰ ਰੁਕਣ ਲਈ ਕਿਹਾ।

ਲੱਗਦੈ ਮਾਸਟਰ ਵੀ ਕਮਲ਼ਾ ਹੋ ਗਿਆ ਅੱਜ। ਘੁੱਕਰਾ ਬੁੜਬੁੜਾਇਆ। ਮਾਸਟਰ ਜੀ ਨੇ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਜੈਲੇ ਨੇ ਝੋਲ਼ੇ ਵਿੱਚੋਂ ਇੱਕ ਕੱਪੜੇ ਦੀ ਪੋਟਲ਼ੀ ਕੱਢੀ ਉਸ ਨੂੰ ਖੋਲ੍ਹਣ ਲੱਗਿਆ। ਕੱਪੜੇ ਅਤੇ ਕਾਗਜ਼ਾਂ ਵਿੱਚ ਲਪੇਟੀ ਇੱਕ ਫੋਟੋ ਕੱਢ ਕੇ ਛਾਤੀ ਨਾਲ ਲਾਈ । ਮਾਸਟਰ ਜੀ ਨੇ ਫੋਟੋ ਫੜੀ। ਪਿਆਰਾ ਸਿੰਘ ਨੂੰ ਪੁੱਛਿਆ, ਇਹ ਫੋਟੋ ਕਿਸ ਦੀ ਹੈ ਜੀ ?

ਲਾਲੀ ਐ ਇਹ ਤਾਂ... ਜੈਲੇ ਦਾ ਛੋਟਾ ਭਾਈ..... ਬਹੁਤ ਸਿਆਣਾ ਤੇ ਸਾਊ ਮੁੰਡਾ ਸੀ। ਪੜ੍ਹਨ ਨੂੰ ਵੀ ਬਹੁਤ ਹੁਸ਼ਿਆਰ.... ਸਕੂਲ ਦੇ ਮਾਸਟਰ ਆਖਦੇ ਹੁੰਦੇ ਸਨ .....ਇਹ ਮੁੰਡਾ ਪਿੰਡ ਦਾ ਨਾਂ ਰੋਸ਼ਨ ਕਰੂ। ਪਰ ਰੱਬ ਨੂੰ ਮਨਜ਼ੂਰ ਨਹੀਂ ਸੀ। ਪਿਆਰਾ ਸਿੰਘ ਨੇ ਵੱਡਾ ਸਾਰਾ ਹਉਕਾ ਭਰਿਆ। ਜੈਲੇ ਨੇ ਫੋਟੋ ਫੜੀ ਖੱਬੇ ਹੱਥ ਦੀ ਹਥੇਲੀ 'ਤੇ ਰੱਖ ਕੇ ਕੁੜਤੇ ਨਾਲ ਸਾਫ਼ ਕੀਤੀ। ਇੱਕ ਬਹੁਤ ਹੀ ਪੁਰਾਣਾ ਅਖ਼ਬਾਰ ਕੱਢਿਆ।ਲਾਲੀ ਦੀ ਫੋਟੋ ਅਖ਼ਬਾਰ 'ਤੇ ਰੱਖ ਕੇ ਧੀਮੀ ਜਿਹੀ ਆਵਾਜ਼ ਵਿੱਚ ਬੋਲਿਆ.....ਆਹ ਜਾਂਦੀ ਐ ਪੈੜ... ਆਹ ਜਾਂਦੀ ਐ ਪੈੜ। ਇੱਕ ਥਾਂ ਜਾ ਕੇ ਰੁਕ ਗਿਆ। ਜਿੱਥੇ ਜੈਲੇ ਦਾ ਹੱਥ ਰੁਕਿਆ ਮਾਸਟਰ ਜੀ ਨੇ ਅਖ਼ਬਾਰ ਧਿਆਨ ਨਾਲ ਦੇਖਿਆ ਉੱਥੇ ਉਸ ਪੁਲਿਸ ਅਫ਼ਸਰ ਦੀ ਫੋਟੋ ਸੀ ਜਿਸ 'ਤੇ ਇਲਜ਼ਾਮ ਆਉਂਦਾ ਰਿਹਾ ਹੈ ਕਿ ਉਸ ਨੇ ਆਪਣੇ ਮੋਢਿਆਂ 'ਤੇ ਸਟਾਰ ਵਧਾਉਣ ਲਈ ਬੇਦੋਸ਼ੇ ਨੌਜਵਾਨ ਚੁੱਕ ਚੁੱਕ ਕੇ ਮੁਕਾਬਲਾ ਦਿਖਾ ਕੇ ਮਾਰ ਸੁੱਟੇ ਸਨ।

ਇਸ ਤੋਂ ਬਾਅਦ ਮਾਸਟਰ ਜੀ ਸਾਰੇ ਅਖਬਾਰ ਧਿਆਨ ਨਾਲ ਦੇਖਣ ਲੱਗੇ। ਜੈਲੇ ਨੇ ਬੋਲਣਾ ਬੰਦ ਕਰ ਦਿੱਤਾ...... ਉਂਗਲੀ ਰੱਖ ਕੇ ਮਾਸਟਰ ਜੀ ਦੇ ਮੂੰਹ ਵੱਲ ਗਹੁ ਨਾਲ ਤੱਕਦਾ । ਮਾਸਟਰ ਜੀ ਨੇ ਦੇਖਿਆ ਜੈਲੇ ਨੇ ਇੱਕ ਅਖਬਾਰ ਤੇ ਉਂਗਲ ਰੱਖੀ ਜਿੱਥੇ ਦੋ ਨੌਜਵਾਨਾਂ ਦੀ ਫੋਟੋ ਸੀ ਜਿਹੜੇ ਵੱਧ ਨਸ਼ਾ ਖਾਣ ਨਾਲ ਮਰ ਚੁੱਕੇ ਸਨ। ਜੈਲੇ ਦੀ ਉਂਗਲ ਉੱਥੇ ਜਾ ਕੇ ਰੁਕੀ ਜਿੱਥੇ ਉਸ ਰਾਜਸੀ ਨੇਤਾ ਦੀ ਫੋਟੋ ਸੀ ਜਿਸ ਦਾ ਨਸ਼ੇ ਵੇਚਣ ਵਾਲਿਆਂ ਦੀ ਪਿੱਠ 'ਤੇ ਹੱਥ ਦੱਸਿਆ ਜਾਂਦਾ ਰਿਹਾ ਸੀ। ਇੱਕ ਹੋਰ ਅਖ਼ਬਾਰ 'ਤੇ ਫਸਲ ਨੂੰ ਲੱਗੀ ਬਿਮਾਰੀ 'ਤੇ ਨਕਲੀ ਦਵਾਈਆਂ ਦੇਣ ਵਾਲੀ ਖਬਰ ਤੇ ਕਿਸਾਨ ਦੀ ਖੁਦਕੁਸ਼ੀ। ਸਾਰੇ ਅਖਬਾਰਾਂ ਵਿੱਚ ਕੋਈ ਨਾ ਕੋਈ ਇਸ ਤਰ੍ਹਾਂ ਦੀ ਖ਼ਬਰ ਸੀ ਜੋ ਗੰਧਲੇ ਸਰਕਾਰੀ ਸਿਸਟਮ ਦੀ ਤਸਵੀਰ ਪੇਸ਼ ਕਰਦੀ ਸੀ। ਕਿਤੇ ਬੱਚੀਆਂ ਨਾਲ ਹੁੰਦੇ ਜਬਰ ਦੀਆਂ ਖਬਰਾਂ ਇਨਸਾਫ ਲਈ ਠੋਕਰਾਂ ਖਾਂਦੇ ਮਾਪਿਆਂ ਦੀਆਂ ਤਸਵੀਰਾਂ। ਕਰੋਨਾ ਸਮੇਂ ਘਰਾਂ ਨੂੰ ਤੁਰੇ ਜਾਂਦੇ ਮਜ਼ਦੂਰਾਂ ਦੇ ਲਹੂ-ਲੁਹਾਣ ਹੋਏ ਪੈਰ, ਕਿਤੇ ਰਾਹ ਵਿੱਚ ਹੀ ਦਮ ਤੋੜ ਚੁੱਕੇ ਮਜ਼ਦੂਰ... ਹਰ ਉਹ ਤਸਵੀਰ ਜਿਸ ਨੂੰ ਦੇਖ ਕੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। ਮਾਸਟਰ ਜੀ ਜੈਲੇ ਦੇ ਮੂੰਹ ਵੱਲ ਦੇਖ ਰਹੇ ਸਨ ਕਿ ਉਹ ਕਿਸ ਤਰ੍ਹਾਂ ਦੁਨੀਆਂ ਭਰ ਦੇ ਦਰਦ ਆਪਣੇ ਨਾਲ ਚੁੱਕੀ ਫਿਰਦਾ ਸੀ।

ਅਖੀਰ 'ਤੇ ਜੈਲੇ ਨੇ ਕਿਸਾਨੀ ਸੰਘਰਸ਼ ਦੀਆਂ ਤਸਵੀਰਾਂ ਤੇ ਉਸ ਵਿੱਚ ਜਾਨ ਗਵਾ ਚੁੱਕੇ ਕਿਸਾਨਾਂ ਦੀਆਂ ਤਸਵੀਰਾਂ ਦਿਖਾਈਆਂ। ਉਸ ਲਈ ਦੋਸ਼ੀ ਸਰਕਾਰੀ ਨੇਤਾਵਾਂ ਦੀਆਂ ਤਸਵੀਰਾਂ। ਉਜੜੇ ਖੇਤਾਂ ਦੀਆਂ ਤਸਵੀਰਾਂ..... ਇੱਕ ਵੱਡੇ ਸਾਰੇ ਕਾਗਜ਼ ਉੱਤੇ ਨਿੱਕੇ ਨਿੱਕੇ ਖੇਤ ਬਣਾ ਉਹਨਾਂ ਵੱਲ ਜਾਂਦੀਆਂ ਪੈੜਾਂ।

ਇੱਕ ਕਾਗਜ਼ ਉੱਤੇ ਰੰਗਦਾਰ ਪੈਨਸਿਲਾਂ ਨਾਲ ਬਣਾਏ ਖੇਤ.... ਖੇਤ ਦੇ ਚਾਰੇ ਪਾਸੇ ਕੀਤੀ ਵਾੜ ਅਤੇ ਵਾੜ ਵਿੱਚੋਂ ਨਿਕਲਦੇ ਰਾਖਸ਼ਾਂ ਵਰਗੇ ਵੱਡੇ ਵੱਡੇ ਦੰਦਾਂ ਵਾਲੇ ਮੂੰਹ ਜੋ ਖੇਤ ਨੂੰ ਖਾਂਦੇ ਪ੍ਰਤੀਤ ਹੋ ਰਹੇ ਸਨ। ਇੱਕ ਪਾਸੇ ਕਿਸਾਨ ਤੇ ਮਜ਼ਦੂਰ ਜੋ ਫ਼ਸਲ ਨੂੰ ਬਚਾਉਣ ਲਈ ਉਸ ਖ਼ਤਰਨਾਕ ਵਾੜ ਨੂੰ ਪੁੱਟ ਰਹੇ ਸਨ। ਮਾਸਟਰ ਜੀ ਵੀ ਅੱਜ ਤੱਕ ਜੈਲੇ ਨੂੰ ਸ਼ੁਦਾਈ ਹੀ ਸਮਝਦੇ ਰਹੇ। ਜਿਵੇਂ ਬੱਚਿਆਂ ਨੇ ਅਤੇ ਪਿੰਡ ਵਾਲਿਆਂ ਨੇ ਦੱਸਿਆ ਸੀ ਉਸੇ ਨੂੰ ਹੀ ਸੱਚ ਸਮਝ ਰਹੇ ਸਨ। ਪਰ ਅੱਜ ਜਿਹੜੇ ਜਰਨੈਲ ਸਿੰਘ ਨੂੰ ਉਹ ਦੇਖ ਰਹੇ ਸਨ ਉਹ ਉਹਨਾਂ ਨੂੰ ਸਮਝ ਤੋਂ ਪਰੇ ਦੀ ਸਿਆਣਪ ਵਾਲਾ ਮਹਿਸੂਸ ਹੋਇਆ।

ਛੱਡੋ ਮਾਸਟਰ ਜੀ.... ਇਸ ਨੂੰ ਸੋਝੀ ਨਹੀਂ ਵਿਚਾਰੇ ਨੂੰ ਐਵੇਂ ਕੂੜਾ ਕਬਾੜਾ 'ਕੱਠਾ ਕਰੀ ਫਿਰਦੈ। ਖੜ੍ਹੇ ਲੋਕਾਂ ਵਿੱਚੋਂ ਕਿਸੇ ਨੇ ਆਖਿਆ।

ਕੌਣ ਕਹਿੰਦੈ ਇਹਨੂੰ ਸੋਝੀ ਨਹੀਂ ਐ.....ਇਹ ਬਹੁਤ ਸੂਝਵਾਨ ਹੈ... ਸਾਡੀ ਸਮਝ ਬਹੁਤ ਛੋਟੀ ਜਾਪਦੀ ਐ ਇਹਦੇ ਅੱਗੇ। ਕਿਸੇ ਨੇ ਕਦੇ ਇਸ ਦੀ ਗੱਲ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ........।

ਮਾਸਟਰ ਵੀ ਹਿੱਲ ਗਿਆ ਲੱਗਦੈ। ਘੁੱਕਰੇ ਨੇ ਨਾਲ਼ ਖੜ੍ਹੇ ਮੁੰਡੇ ਦੇ ਕੂਹਣੀ ਮਾਰ ਕੇ ਆਖਿਆ।

ਸਾਡਾ ਇਹੀ ਦੁਖਾਂਤ ਐ.. ਅਸੀਂ ਕਿਸੇ ਵੀ ਗੱਲ ਨੂੰ ਬਿਨਾਂ ਸਮਝੇ ਹੀ ਠਾਹ ਠਾਹ ਆਪਣੇ ਵਿਚਾਰ ਦਾਗਣੇ ਸ਼ੁਰੂ ਕਰ ਦਿੰਦੇ ਹਾਂ। ਮਾਸਟਰ ਜੀ ਰੋਸ ਜਿਹੇ ਨਾਲ ਬੋਲੇ।

ਮਾਸਟਰ ਜੀ ਨੇ ਉੱਥੇ ਇਕੱਠੇ ਹੋਏ ਸਾਰੇ ਲੋਕਾਂ ਨੂੰ ਕੱਲੀ ਕੱਲੀ ਗੱਲ ਸਮਝਾਈ। ਸਾਰੇ ਜਣੇ ਚੁੱਪ ਹੋ ਗਏ। ਜੈਲੇ ਨੂੰ ਮਖ਼ੌਲ ਕਰਨ ਵਾਲਿਆਂ ਦੀਆਂ ਧੌਣਾਂ ਝੁਕੀਆਂ ਹੋਈਆਂ ਸਨ। ਮਾਸਟਰ ਜੀ ਨੇ ਜੈਲੇ ਦਾ ਸਮਾਨ ਇਕੱਠਾ ਕਰਵਾਇਆ। ਉਸ ਦੇ ਮੋਢੇ ਉੱਤੋਂ ਬਾਂਹ ਵਲ਼ਾਈ ਅਤੇ ਉਸ ਨੂੰ ਨਾਲ ਲੈ ਤੁਰੇ। ਉੱਥੇ ਖੜ੍ਹੇ ਲੋਕ ਉਹਨਾਂ ਨੂੰ ਜਾਂਦਿਆਂ ਨੂੰ ਵੇਖ ਰਹੇ ਸਨ। ਉਹਨਾਂ ਨੂੰ ਮਾਸਟਰ ਜੀ ਅਤੇ ਜੈਲੇ ਵਿਚਕਾਰ ਕੋਈ ਫ਼ਰਕ ਨਹੀਂ ਸੀ ਜਾਪਦਾ।

ਮਿੰਨੀ ਕਹਾਣੀ

ਪਰਗਟ ਸਿੰਘ ਸਤੌਜ

# ਟੇਢੇ ਲੋਕ

ਕਈ-ਕਈ ਦਿਨ ਘਰੋਂ ਬਾਹਰ ਰਹਿਣ ਕਰ ਕੇ ਪਤਾ ਨਹੀਂ ਲੱਗਦਾ ਕਿ ਪਿੰਡ ਵਿੱਚ ਕੀ ਵਾਪਰ ਗਿਆ ਹੈ। ਜਦੋਂ ਹੁਣ ਕਾਫੀ ਸਮੇਂ ਬਾਅਦ ਘਰ ਵਾਪਸ ਆਇਆ ਤਾਂ ਪਤਾ ਲੱਗਾ ਕਿ ਮੇਰੇ ਗਏ ਤੋ ਪੰਜ ਦਿਨਾਂ ਬਾਅਦ ਕਾਲੀਆਂ ਦਾ ਜੰਗੀਰ ਪੂਰਾ ਹੋ ਗਿਆ ਸੀ ਤੇ ਅੱਜ ਉਸ ਦਾ ਭੋਗ ਹੈ। ਪਿੰਡਾਂ ਵਿਚਲੀ ਭਾਈਚਾਰਕ ਸਾਂਝ ਕਰ ਕੇ ਭੋਗ 'ਤੇ ਸ਼ਾਮਲ ਹੋਣ ਲਈ ਚਲਾ ਗਿਆ। ਭੋਗ 'ਤੇ ਗਿਣਵੇਂ-ਚੁਣਵੇਂ ਬੰਦੇ ਵੇਖ ਕੇ ਦੁੱਖ ਹੋਇਆ ਕਿ ਹੁਣ ਪਿੰਡਾਂ ਵਿੱਚ ਭਾਈਚਾਰਕ ਸਾਂਝਾਂ ਕਿੰਨੀਆਂ ਸੁੰਗੜ ਗਈਆਂ ਹਨ।

ਫਿਰ ਜੰਗੀਰ ਕੇ ਟਾਵੇਂ-ਟਾਵੇਂ ਬੰਦੇ ਨਾਲੋਂ ਸਰਦਾਰਾਂ ਦੇ ਘਰ ਭਰਵਾਂ ਇਕੱਠ ਵੇਖ ਕੇ ਮੇਰੀ ਸੋਚ ਅਮੀਰੀ-ਗਰੀਬੀ ਨੂੰ ਪੱਲੜਿਆਂ ਵਿੱਚ ਪਾ ਬੈਠੀ। ਕੋਲ ਬੈਠੇ ਆਦਮੀ ਨੂੰ ਧੀਮੀ ਸੁਰ ਵਿੱਚ ਪੁੱਛਿਆ, ਸਰਦਾਰਾਂ ਦੇ ਕਾਹਦਾ ਇਕੱਠ ਹੈ ?

ਸਰਦਾਰਾਂ ਦਾ ਸਿਕੰਦਰ ਮਰ ਗਿਆ, ਅੱਜ ਭੋਗ ਐ। ਉਹ ਬੰਦਾ ਬੁੱਲ੍ਹਾਂ 'ਚ ਮੀਸਣਾ ਜਿਹਾ ਹੱਸਦਾ ਕਹਿ ਗਿਆ।

ਪਹਿਲਾਂ ਮੈਨੂੰ ਉਸ ਆਦਮੀ 'ਤੇ ਕਿਸੇ ਬੰਦੇ ਦੇ ਮਰਨ ਦੀ ਖਬਰ ਹੱਸ ਕੇ ਦੇਣ 'ਤੇ ਗੁੱਸਾ ਆਇਆ। ਫੇਰ ਮੈਂ ਸਿਆਣਪ ਸੋਚਦਾ ਚੁੱਪ ਕਰ ਗਿਆ।

ਜੰਗੀਰ ਕੇ ਬੈਠਣ ਤੋਂ ਬਾਅਦ ਮੈਂ ਮੂੰਹ ਮੁਲਾਹਜੇ ਕਰ ਕੇ ਸਰਦਾਰਾਂ ਦੇ ਘਰ ਹੋ ਤੁਰਿਆ। ਸਰਦਾਰਾਂ ਨੇ ਪੁੰਨ ਕਰਨ ਲਈ ਟੈਂਟ ਵਿੱਚ ਵਧੀਆ ਲੰਗਰ ਚਲਾ ਰੱਖਿਆ



ਸੀ। ਬਦਾਮਾਂ ਵਾਲੀ ਖੀਰ ਵਰਤਾਈ ਜਾ ਰਹੀ ਸੀ। ਮਿੱਠੀ ਸੁਰ ਵਿੱਚ ਕੀਰਤਨ ਹੋ ਰਿਹਾ ਸੀ। ਜਿਉਂ ਹੀ ਮੈਂ ਮੱਥਾ ਟੇਕਣ ਲਈ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਹੋਇਆ ਤਾਂ ਸਾਹਮਣੇ ਦ੍ਰਿਸ਼ ਵੇਖ ਕੇ ਕਿੰਨੇ ਹੀ ਸਵਾਲਾਂ ਨੇ ਮੇਰੇ ਦਿਮਾਗ ਨੂੰ ਸੁੰਨ ਕਰ ਦਿੱਤਾ। ਸਾਹਮਣੇ ਰੱਖੀ ਫੋਟੋ 'ਤੇ ਕਿਸੇ ਮਨੁੱਖ ਦੀ ਥਾਂ ਵਲੈਤੀ ਨਸਲ ਦੇ ਕੁੱਤੇ ਦੇ ਹਾਰ ਪਾਏ ਹੋਏ ਸਨ।




## ਚੰਨ ਬੱਦਲਾਂ ’ਚ ਛੁਪਦਾ ਮੈਂ ਆਪ ਵੇਖਿਆ

**ਕੁਲਜੀਤ ਕੌਰ**

ਚੰਨ ਬੱਦਲਾਂ ’ਚ ਛੁਪਦਾ ਮੈਂ ਆਪ ਵੇਖਿਆ
ਇੱਕ ਅਜੂਬਾ ਮੈਂ ਪੁੰਨਿਆਂ ਦੀ ਰਾਤ ਵੇਖਿਆ

ਮੈਨੂੰ ਜਾਪਦੇ ਸੀ ਜੁਗਨੂੰ ਵੀ ਹੱਸਦੇ ਪਏ
ਓਹਦੇ ਬਾਰੇ ਸੀ ਕੁਝ ਮੈਨੂੰ ਦਸਦੇ ਪਏ
ਲੁਕਣਮੀਟੀਆਂ ਓਹ ਖੇਡਦਾ ਸੀ ਅੰਬਰਾਂ ਦੇ ਵਿੱਚ
ਓਹਨੂੰ ਲਭਣ ਚਕੋਰਾਂ ਮੈਂ ਕਈ ਵਾਰ ਵੇਖਿਆ

ਅਸੀਂ ਹੱਸਦੇ ਰਹੇ ਬੁੱਲਿਆਂ ’ਚ ਗੁਝੇ ਗੁਝੇ ਹਾਸੇ
ਨਾਲ ਚਾਨਣੀ ਦੇ ਖਿੜੀ ਸੀ ਬਹਾਰ ਚਾਰੇ ਪਾਸੇ
ਵਿਚ ਬੱਦਲਾਂ ਦੇ ਕਿੱਦਾਂ ਓਹਨੂੰ ਗੋਉਰ ਨਾਲ ਵੇਖਾਂ
ਖੋਉਰੇ ਚੰਨ ਵਿੱਚ ਆਪਾਂ ਦਿਲਦਾਰ ਵੇਖਿਆ

ਇਹਨਾ ਗੀਤਾਂ ਵਿੱਚ ਸੁੰਨੇ ਸੁੰਨੇ ਅਖਰਾਂ ਦਾ ਰੋਣਾ
ਓਹਨੇ ਲੰਘ ਜਾਣਾ ਪਰ ਸਾਡੇ ਵਿਹੜੇ ਨਹੀਂ ਅਓਉਣਾ
ਟਿਮਟਿਮਾਓਂਦੇ ਜੋ ਲਗਦੇ ਸੀ ਪਿਆਰੇ ਬੜੇ
ਇਹਨਾ ਤਾਰਿਆਂ ਨੂੰ ਦਿੰਦਿਆਂ ਸਰਾਪ ਵੇਖਿਆ

ਸਾਡੇ ਨੈਣਾ ਵਿਚੋਂ ਉੱਜੜੀ ਹੈ ਮਸਤ ਜੇਹੀ ਝਾਕ
ਨਿੱਤ ਸੱਜਰੀ ਸਵੇਰ ਸਾਨੂੰ ਕਰਦੀ ਮਜ਼ਾਕ
ਤੇਰੇ ਦਰਸ ਤਾਂ ਮੇਹੰਗੇ ਨੇ ਜਿੰਦਗੀ ਦੇ ਨਾਲੋਂ
ਨਿੱਤ ਕਰਦੇ ਨਜ਼ਾਰਿਆਂ ਨੂੰ ਮੈਂ ਪਾਪ ਵੇਖਿਆ

ਓਹਨੂੰ ਕਾਲੀ ਰਾਤ ਦੇ ਹਨੇਰੇ ਵਿੱਚ ਭਾਲਦੀ ਫਿਰਾਂ
ਵਿੱਚ ਲਾਰਿਆਂ ਦੇ ਨੀਂਦਰਾਂ ਨੂੰ ਟਾਲਦੀ ਫਿਰਾਂ
ਸਾਡੇ ਵਿਹੜੇ ਵਿੱਚ ਨਾ ਲਾਇਆ ਕਦੇ ਚਾਨਣਾ ਨੇ ਗੇੜਾ
ਇਹ ਤਾਂ ਗ਼ਜ਼ਲ ਦਿਆਂ ਨੈਣਾ ਨੇ ਸੀ ਖਾਬ ਵੇਖਿਆ

## ਹਕੀਕਤ...

**ਉੱਤਮਵੀਰ ਸਿੰਘ ਦਾਊਂ**

ਜੇ ਤੂੰ ਬੁਲਬੁਲ ਚਮਨ ਦੀ
ਤਾਂ ਮੈਂ
ਗੁਲਮੋਹਰ ਅਦਾਵਾਂ ਦਾ
ਜੇ ਹੋਂਟ ਤੇਰੇ ਸ਼ਹਿਦ ਦੀ ਸੁਰਖ਼ੀ
ਤਾਂ ਮੈਂ
ਸੱਜਰਾ ਫੁੱਲ ਫ਼ਿਜ਼ਾਵਾਂ ਦਾ
ਜੇ ਚਾਲ ਤੇਰੀ ਮਤਵਾਲੀ ਹਿਰਨੀ
ਤਾਂ ਮੈਂ
ਰੁਮਕਦਾ ਬੁੱਲਾ ਹਵਾਵਾਂ ਦਾ
ਜੇ ਤੂੰ ਮਤਾਬੀ ਸਰਵਰ ਦੀ
ਤਾਂ ਮੈਂ
ਸਾਗਰ ਸ਼ਾਂਤ ਵਫ਼ਾਵਾਂ ਦਾ
ਜੇ ਤੂੰ ਪਗਡੰਡੀ ਸਫ਼ਰ ਕਿਸੇ ਦੀ
ਤਾਂ ਮੈਂ
ਰੇਤ ਪੈਰ ਦੀਆਂ ਰਾਹਵਾਂ ਦਾ
ਜੇ ਤੂੰ ਖ਼ਾਬ ਮੇਰੇ ਦੀ ਮੂਰਤ
ਤਾਂ ਮੈਂ
ਵਾਅਦਾ ਸੱਚ ਜਫ਼ਾਵਾਂ ਦਾ
ਜੇ ਤੂੰ ਮੋਨਾਲੀਜ਼ਾ ਦੇ ਵਰਗੀ
ਤਾਂ ਮੈਂ
ਸਿੱਖਿਆ ਹੁਨਰ ਕਲਾਵਾਂ ਦਾ
ਜੇ ਤੂੰ ਮੋਮਬੱਤੀ ਦੀ ਕਾਇਆ
ਤਾਂ ਮੈਂ
ਸੂਰਜ ਸਿਫ਼ਤ ਸਲ੍ਹਾਵਾਂ ਦਾ
ਜੇ ਤੂੰ ਚੰਦਨ ਦੀ ਮਹਿਕ ਜਹੀ ਏਂ
ਤਾਂ ਮੈਂ
ਸਰੂ ਦਾ ਰੁੱਖ ਇੱਛਾਵਾਂ ਦਾ

## ਸੁਪਨੇ ਵਿੱਚ ਇੱਕ ਰੁੱਖ

**ਸੁਖਵਿੰਦਰ ਅੰਮ੍ਰਿਤ**

ਸੁਪਨੇ ਵਿੱਚ ਇੱਕ ਰੁੱਖ ’ਤੇ ਲਿਖਿਆ ਰਾਤੀਂ ਆਪਣਾ ਨਾਮ ਅਸੀਂ
ਦਿਨ ਚੜ੍ਹਦੇ ਨੂੰ ਹੋ ਗਏ ਸਾਰੇ ਜੰਗਲ ਵਿੱਚ ਬਦਨਾਮ ਅਸੀਂ
ਕਿੰਝ ਸਹਿ ਲੈਂਦੇ ਉਹਦੇ ਮੁੱਖ ’ਤੇ ਪਲ ਪਲ ਢਲਦੀ ਸ਼ਾਮ ਅਸੀਂ
ਆਪਣੇ ਦਿਲ ਦਾ ਦਗ਼ਦਾ ਸੂਰਜ ਕਰ ’ਤਾ ਉਹਦੇ ਨਾਮ ਅਸੀਂ
ਇੱਕ ਇੱਕ ਕਰਕੇ ਵਿਕ ਗਏ ਆਖ਼ਰ ਤਾਰੇ ਸਾਡੇ ਅੰਬਰ ਦੇ
ਹਾਏ, ਫਿਰ ਵੀ ਤਾਰ ਸਕੇ ਨਾ ਉਸ ਦੀਵੇ ਦੇ ਦਾਮ ਅਸੀਂ
ਇੱਕ ਮੁੱਦਤ ਤੋਂ ਤਰਸ ਰਹੇ ਨੇ ਖੰਭ ਸਾਡੇ ਪਰਵਾਜ਼ਾਂ ਦੇ
ਭੋਲੇਪਨ ਵਿੱਚ ਇੱਕ ਪਿੰਜਰੇ ਨੂੰ ਦਿੱਤਾ ਘਰ ਦਾ ਨਾਮ ਅਸੀਂ
ਪੱਤਾ ਪੱਤਾ ਹੋ ਕੇ ਸਾਡੇ ਵਿਹੜੇ ਦੇ ਵਿੱਚ ਆਣ ਕਿਰੇ
ਬਿਰਖਾਂ ਦੇ ਵੱਲ ਜਦ ਵੀ ਭੇਜੇ ਮੋਹ-ਭਿੱਜੇ ਪੈਗ਼ਾਮ ਅਸੀਂ
ਹਾਂ, ਉਹਨਾਂ ਦੀ ਲਾਈ ਅੱਗ ਵਿੱਚ ਸੁਲਗ ਰਹੇ ਹਾਂ ਰਾਤ ਦਿਨੇ
ਕਿੰਝ ਦੇਈਏ ਪਰ ਉਹਨਾਂ ਕੋਮਲ ਫੁੱਲਾਂ ਨੂੰ ਇਲਜ਼ਾਮ ਅਸੀਂ
ਓਧਰ ਸਾਡੇ ਚੰਦ ਨੂੰ ਖਾ ਗਏ ਟੁੱਕ ਸਮਝ ਕੇ ਭੁੱਖੇ ਲੋਕ
ਏਧਰ ਨ੍ਹੇਰੇ ਦੀ ਬੁੱਕਲ ਵਿੱਚ ਕਰਦੇ ਰਹੇ ਅਰਾਮ ਅਸੀਂ

## ਚਿੜੀਆਂ ਦੀ ਡਾਰ

**ਕਿਰਨਵੀਰ ਸਿੱਧੂ**



ਚਿੜੀਆਂ ਦੀ ਡਾਰ
ਮੈਂ ਉਡਦੀ ਦੇਖੀ ਵੇ
ਕਦੇ ਇਸ ਬਨੇਰੇ
ਕਦੇ ਉਸ ਬਨੇਰੇ
ਦਾਣੇ ਮੈਂ ਚੁਗਦੀ ਦੇਖੀ ਵੇ
ਚਿੜੀਆਂ ਦੀ ਡਾਰ
ਮੈਂ ਉਡਦੀ ਦੇਖੀ ਵੇ,
ਮਿੱਟੀ ਮੈਂ ਰੁੜਦੀ ਦੇਖੀ ਵੇ
ਕਦੇ ਟਿੱਬੇ-ਟੋਏ, ਰੋੜੇ
ਕਦੇ ਬੁੱਤਾਂ ਦਾ ਜੋੜੇ
ਬੁੱਤਾਂ ਤੋਂ ਪਾਣੀਆਂ ਵਿੱਚ
ਘੁਲਦੀ ਦੇਖੀ ਵੇ
ਮਿੱਟੀ ਮੈਂ ਰੁੜਦੀ ਦੇਖੀ ਵੇ,
ਬਾਪੂ ਹਲ ਵਾਹੁੰਦਾ ਦੇਖਿਆ ਵੇ
ਰੇਹ ਨਾਲ ਬੋਰਾ ਭਰਿਆ
ਮੋਢੇ ’ਤੇ ਧਰਿਆ
ਬੋਰੇ ਦੇ ਬੋਝ ਨਾਲ
ਢੂੰਹੀ ਝੁਕਾਉਂਦਾ ਦੇਖਿਆ ਵੇ
ਬਾਪੂ ਹਲ ਵਾਹੁੰਦਾ ਦੇਖਿਆ ਵੇ,
ਮਾਂ ਚੁੱਲ੍ਹਾ ਤਪਾਉਦੀਂ ਦੇਖੀ ਵੇ
ਰੀਝਾਂ ਨਾਲ ਗੁਹਾਰਾ ਬਣਾਉਂਦੀ
ਹੱਥੀਂ ਫੇਰ ਪਾੜ ਲਾਉਂਦੀ
ਚਿਣ ਚਿਣ ਪਾਥੀਆਂ ਲਾਉਂਦੀ
ਅੱਗ ਦਾ ਸੇਕ ਜਗਾਉਂਦੀ ਦੇਖੀ ਵੇ
ਮਾਂ ਚੁੱਲ੍ਹਾ ਤਪਾਉਦੀਂ ਦੇਖੀ ਵੇ,
ਪਾਣੀ ਮੈਂ ਰੁੜਦੇ ਦੇਖੇ ਵੇ
ਜੋ ਖੜ ਗਏ, ਸੜ ਗਏ
ਪਾਣੀਆਂ ਤੋਂ ਪਾਣੀ
ਮੈਂ ਛੁੱਟਦੇ ਦੇਖੇ
ਜੁੜਦੇ ਦੇਖੇ ਵੇ
ਪਾਣੀ ਮੈਂ ਰੁੜਦੇ ਦੇਖੇ ਵੇ ,
ਚਿੜੀਆਂ ਦੀ ਡਾਰ
ਮੈਂ ਉਡਦੀ ਦੇਖੀ ਵੇ
ਕਦੇ ਇਸ ਬਨੇਰੇ
ਕਦੇ ਉਸ ਬਨੇਰੇ
ਦਾਣੇ ਮੈਂ ਚੁਗਦੀ ਦੇਖੀ ਵੇ
ਚਿੜੀਆਂ ਦੀ ਡਾਰ
ਮੈਂ ਉਡਦੀ ਦੇਖੀ ਵੇ ...



## ਛੁਪੀ ਹੋਈ ਅੱਖ

**ਸਰਬਜੀਤ ਕੌਰ ਜੱਸ**

ਹਰ ਅੱਖ ਪਿੱਛੇ ਇੱਕ ਅੱਖ ਹੁੰਦੀ ਹੈ
ਜੋ ਹੰਝੂ ਕੇਰਦੀ ਨਹੀਂ
ਪੀਂਦੀ ਹੈ
ਜੋ ਚਾਨਣ ’ਚ ਨਹੀਂ
ਹਨ੍ਹੇਰੇ ’ਚ ਜਿਉਂਦੀ ਹੈ

ਜਿਸ ਦੀ ਪੁਤਲੀ ਗਤੀਸ਼ੀਲ ਨਹੀਂ
ਗਤੀਹੀਣ ਹੁੰਦੀ ਹੈ
ਜੋ ਬ੍ਰਹਿਮੰਡ ਦੀ ਹਿੱਲ-ਜੁਲ ਤੋਂ
ਉਂਗਲੀ ਦੀ ਹਿੱਲ-ਜੁਲ ਤੱਕ
ਮਹਿਸੂਸਦੀ ਹੈ
ਉਸਦੀਆਂ ਪਲਕਾਂ ਮਨੁੱਖ ਦੀਆਂ ਨਹੀਂ
ਸੱਪ ਦੀਆਂ ਹੁੰਦੀਆਂ ਹਨ
ਸਾਹਮਣੇ ਵੇਖ ਕਤਲੋ-ਗਾਰਤ
ਤੜਪਦੀ ਲਾਸ਼
ਤੇ ਫ਼ਿਜ਼ਾ ’ਚ ਫੈਲੀ ਸੜ ਰਹੇ ਖ਼ੂਨ ਦੀ ਗੰਧ
ਝੱਟ ਕਰ ਲੈਂਦੇ ਹਾਂ ਅੱਖਾਂ ਬੰਦ
ਪਰ ਛੁਪੀ ਹੋਈ ਅੱਖ ਤਾਂ ਵੇਖਦੀ ਰਹਿੰਦੀ ਹੈ
ਬੰਦ ਪਲਕਾਂ ਦੀਆਂ ਵਿਰਲਾਂ ਵਿੱਚ ਦੀ
ਉਹ ਅੱਖ ਸੁਰਮੇ ਦੀ ਧਾਰ ਨਹੀਂ
ਤਲਵਾਰ ਦੀ ਧਾਰ ਭਾਲਦੀ ਹੈ
ਉਹ ਅੱਖ ਕਾਸ਼ਨੀ ਨਹੀਂ
ਲਹੂ ਜਿਹੇ ਰੰਗ ਦੀ ਹੁੰਦੀ ਹੈ
ਅੱਖ ਦੀ ਪਰਿਭਾਸ਼ਾ ਨੂੰ
ਸੁਰਮੇ ਦੀ ਡੱਬੀ ’ਚ ਬੰਦ ਨਾ ਕਰੋ
ਲਟ-ਲਟ ਬਲ਼ਦੀ ਅੱਖ ਨੂੰ
ਦੀਪ ਬਣਾ ਚੁਰਾਹੇ ’ਚ ਧਰੋ
ਇਸ ਲਈ
ਕਿ ਅੱਖ ਸਿਰਫ਼ ਵੇਖਣ ਲਈ ਹੀ ਨਹੀਂ ਹੁੰਦੀ
ਰਸਤਾ ਵਿਖਾਉਣ ਲਈ ਵੀ ਹੁੰਦੀ ਹੈ

## ਕਣਕਾਂ ਦਾ ਗੀਤ

**ਅੰਮ੍ਰਿਤਾ ਪ੍ਰੀਤਮ**



ਹੋ ਕਣਕਾਂ ਗੋਡੀਆਂ
ਕਹਿੰਦੇ : ਲੰਘ ਗਈ ਏ ਰਾਤ
ਕਹਿੰਦੇ : ਆਈ ਏ ਪ੍ਰਭਾਤ
ਮੇਰੇ ਅਰਸ਼ਾਂ ’ਤੇ ਸ਼ਾਹੀਆਂ
ਅਜੇ ਓਡੀਆਂ ਹੀ ਓਡੀਆਂ ।
ਹੋ ਕਣਕਾਂ ਗੋਡੀਆਂ !
ਹੋ ਕਣਕਾਂ ਜੰਮੀਆਂ
ਰਾਹੇ ਰਾਹੇ ਜਾਂਦਿਆ
ਓ ਸੁਣਦਿਆ ! ਸੁਣਾਂਦਿਆ !
ਦੁਖਾਂ ਦੀਆਂ ਕਹਾਣੀਆਂ ਨ
ੇ ਦੁਖਾਂ ਤੋਂ ਵੀ ਲੰਮੀਆਂ ।
ਹੋ ਕਣਕਾਂ ਜੰਮੀਆਂ !
ਕਣਕਾਂ ਉੱਗੀਆਂ
ਖੇਡੇਗੀ ਜਿੱਤ ਮੇਰੀ
ਖੇਡੇਗੀ ਹਾਰ ਮੇਰੀ
ਦੇਈਂ ਦੇਈਂ ਮੀਟੀ ਜਿੱਤੇ !
ਹਾਰਾਂ ਨੇ ਪੁੱਗੀਆਂ।
ਹੋ ਕਣਕਾਂ ਉਗੀਆਂ !
ਹੋ ਕਣਕਾਂ ਸਾਵੀਆਂ
ਰੋਂਦੇ ਨੇ ਮਾਂਹੀਵਾਲ
ਰੋਂਦੀਆਂ ਨੇ ਸੋਹਣੀਆਂ
ਰੋਂਦੀਆਂ ਝਨਾਵਾਂ
ਅੱਜ ਰੋਂਦੀਆਂ ਨੇ ਰਾਵੀਆਂ ।
ਹੋ ਕਣਕਾਂ ਸਾਵੀਆਂ !
ਹੋ ਕਣਕਾਂ ਪੀਲੀਆਂ
ਕਾਲੇ ਨਾਗਾਂ ਦੇ ਡੰਗ
ਕਾਲੇ ਹੋ ਗਏ ਨੇ ਰੰਗ
ਪ੍ਰੀਤ ਦੀਆਂ ਨਾੜੀਆਂ
ਹੋ ਗਈਆਂ ਨੇ ਨੀਲੀਆਂ ।
ਹੋ ਕਣਕਾਂ ਪੀਲੀਆਂ !
ਹੋ ਕਣਕਾਂ ਛੰਡੀਆਂ
ਅਸਾਂ ਕੱਠਿਆਂ ਸੀ ਗੋਡੀਆਂ
ਇਕੱਠਿਆਂ ਸੀ ਬੀਜੀਆਂ
ਓਏ ਕਿਨ੍ਹੇ ਆਕੇ ਸਿੱਟਾ ਸਿੱਟਾ
ਦਾਣਾ ਦਾਣਾ ਵੰਡੀਆਂ ।
ਹੋ ਕਣਕਾਂ ਛੰਡੀਆਂ !
ਕਣਕਾਂ ਦੇ ਕੱਖ ਕਾਣ
ਲਹੂ ਲਹੂ ਪੀਤੇ ਅਸਾਂ
ਲਹੂਆਂ ਨੂੰ ਛਾਣ ਛਾਣ ।
ਕਣਕਾਂ ਦਾ ਨਿੱਕ ਸੁੱਕ
ਨਾਲੇ ਅਸਾਂ ਵੰਡ ਲਏ ਨੇ
ਹੰਝੂਆਂ ਦੇ ਬੁੱਕ ਬੁੱਕ ।
ਕਣਕਾਂ ਦੀ ਧੂੜ ਧਾੜ
ਸਾਡੀ ਦੇਸ਼ ਭਗਤੀ ਦੇ
ਕਾਰਨਾਮੇ ਮਾਰ ਧਾੜ ।
ਕਣਕਾਂ ਦੇ ਰੋੜ ਰਾੜ
ਰਾਖ਼-ਰਾਖ਼ ਖੇਡੀ ਅਸਾਂ
ਮਹਿਲਾਂ ਨੂੰ ਸਾੜ ਸਾੜ ।
ਹੋ ਕਣਕਾਂ ਸਿੱਲ੍ਹੀਆਂ
ਲੋਕ-ਪੀੜਾਂ ਤੇ ਰੋਣ
ਕਦੇ ਬਣਦੇ ਨਾ ਗੌਣ
ਅਜੇ ਮੇਰੇ ਦੇਸ ਦੀਆਂ
ਅੱਖੀਆਂ ਨੇ ਗਿੱਲੀਆਂ।
ਹੋ ਕਣਕਾਂ ਸਿੱਲ੍ਹੀਆਂ !

## ਕਵਿਤਾ

**ਸੰਦੀਪ ਸੰਧੂ (ਹਸਨਪੁਰ)**



ਇੱਕ ਨੂੰ ਲੋਕ ਵਰਤਦੇ, ਇੱਕ ਆਪ ਵਰਤੇ
ਅਕਲ ਅਕਲ ਦਾ ਵੀ ਫ਼ਰਕ ਹੁੰਦਾ।
ਇੱਕ ਆਮ ਨੰਗ, ਇੱਕ ਨੀਤ ਦਾ ਨੰਗ
ਚਵਲ ਚਵਲ ਦਾ ਫ਼ਰਕ ਹੁੰਦਾ।
ਇੱਕ ਹੱਡ ਸੇਕ ਠਾਰ ਕੇ ਪਲੇ, ਇੱਕ ਆਪ ਪਲਦੀ
ਫਸਲ ਫਸਲ ਦਾ ਵੀ ਫ਼ਰਕ ਹੁੰਦਾ।
ਇੱਕ ਇਨਾਮ ਜਿੱਤਦਾ, ਤੇ ਇੱਕ ਦਿਲ
ਸਫ਼ਲ ਸਫ਼ਲ ਦਾ ਵੀ ਫ਼ਰਕ ਹੁੰਦਾ।
ਇੱਕ ਦਾ ਚੰਮ ਸੋਹਣਾ, ਇੱਕ ਦਾ ਮਨ
ਸ਼ਕਲ ਸ਼ਕਲ ਦਾ ਵੀ ਫ਼ਰਕ ਹੁੰਦਾ।
ਇੱਕ ਅੱਖ ਨਾਲ ਮਾਰੇ, ਇੱਕ ਹਥਿਆਰ ਨਾਲ਼
ਕਤਲ ਕਤਲ ਦਾ ਵੀ ਫ਼ਰਕ ਹੁੰਦਾ।
ਇੱਕ ਸਮਝਕੇ ਕਰੇ,ਇੱਕ ਦੇਖ ਕੇ
ਨਕਲ ਨਕਲ ਦਾ ਵੀ ਫ਼ਰਕ ਹੁੰਦਾ।
ਇੱਕ ਜ਼ੁਲਮ ਕਰੇ, ਇੱਕ ਜ਼ੁਲਮ ਠੱਲੇ
ਰਫ਼ਲ ਰਫ਼ਲ ਦਾ ਵੀ ਫ਼ਰਕ ਹੁੰਦਾ।
ਇੱਕ ਦਗਾ ਕਰੇ, ਤੇ ਇੱਕ ਵਫ਼ਾ
ਨਸਲ ਨਸਲ ਦਾ ਵੀ ਫ਼ਰਕ ਹੁੰਦਾ।
ਇੱਕ ਅਸਲੀ ਦਿਸਦਾ, ਇੱਕ ਅਸਲੀ ਹੁੰਦਾ
ਅਸਲ ਅਸਲ ਵਿੱਚ ਵੀ ਫ਼ਰਕ ਹੁੰਦਾ ।

## ਭਾਰਤ ਵਿੱਚ ਕਿਸੇ ਤਿਉਹਾਰ ਤੋਂ ਘੱਟ ਨਹੀਂ ਹੈ

# ਇੰਡੀਅਨ ਪ੍ਰੀਮੀਅਰ ਲੀਗ




ਆਈ.ਪੀ.ਐਲ. ਯਾਨੀ ਇੰਡੀਅਨ ਪ੍ਰੀਮੀਅਰ ਲੀਗ 2024, 22 ਮਾਰਚ ਤੋਂ ਸ਼ੁਰੂ ਹੋ ਰਹੀ ਹੈ। ਲੋਕ ਸਭਾ ਚੋਣਾਂ ਕਾਰਨ ਹੁਣ ਤੱਕ ਬੀ.ਸੀ.ਸੀ.ਆਈ. ਨੇ ਸਿਰਫ਼ 21 ਮੈਚਾਂ ਦਾ ਸ਼ਡਿਊਲ ਜਾਰੀ ਕੀਤਾ ਹੈ। ਹਾਲਾਂਕਿ, ਹੁਣ ਕਿਆਸ ਲਗਾਏ ਜਾ ਰਹੇ ਹਨ ਕਿ ਆਈ.ਪੀ.ਐਲ. ਚੋਣਾਂ ਕਾਰਨ ਦੁਬਈ ਵੀ ਸ਼ਿਫਟ ਹੋ ਸਕਦਾ ਹੈ। ਕੀ ਇਹ ਸੱਚਮੁੱਚ ਹੋਣ ਜਾ ਰਿਹਾ ਹੈ? ਆਓ ਤੁਹਾਨੂੰ ਇਸ ਬਾਰੇ ਵਿਸਥਾਰ ਵਿੱਚ ਦੱਸਦੇ ਹਾਂ ਕੀ ਆਈ.ਪੀ.ਐਲ. ਦੇ ਦੂਜੇ ਅੱਧ ਦੇ ਦੁਬਈ ਵਿੱਚ ਹੋਣ ਦੀ ਸੰਭਾਵਨਾ ਹੈ ਕਿਉਂਕਿ ਚੋਣਾਂ ਟੂਰਨਾਮੈਂਟ ਦੀਆਂ ਤਰੀਕਾਂ ਵਿੱਚ ਟਕਰਾਅ ਦਾ ਕਾਰਨ ਬਣ ਸਕਦੀਆਂ ਹਨ? ਸੂਤਰਾਂ ਨੇ ਦੱਸਿਆ ਕਿ ਵਰਤਮਾਨ ਵਿੱਚ, ਬੀਸੀਸੀਆਈ ਦੇ ਕੁਝ ਉੱਚ ਅਧਿਕਾਰੀ ਦੁਬਈ ਵਿੱਚ ਆਈਪੀਐਲ ਦੇ ਦੂਜੇ ਭਾਗ ਦੀ ਮੇਜ਼ਬਾਨੀ ਦੀ ਸੰਭਾਵਨਾ ਦਾ ਪਤਾ ਲਗਾਉਣ ਲਈ ਦੁਬਈ ਵਿੱਚ ਹਨ।

ਮੀਡੀਆ ਵਿੱਚ ਅਜਿਹੀਆਂ ਖਬਰਾਂ ਆ ਰਹੀਆਂ ਹਨ ਕਿ ਆਈ.ਪੀ.ਐਲ. ਦੀਆਂ ਕੁਝ ਟੀਮਾਂ ਨੇ ਆਪਣੇ ਖਿਡਾਰੀਆਂ ਨੂੰ ਆਪਣੇ ਪਾਸਪੋਰਟ ਸੌਂਪਣ ਲਈ ਕਿਹਾ ਹੈ।

2014 ਆਈ.ਪੀ.ਐਲ. ਦਾ ਪਹਿਲਾ ਭਾਗ ਵੀ ਆਮ ਚੋਣਾਂ ਦੇ ਕਾਰਨ ਸੰਯੁਕਤ ਅਰਬ ਅਮੀਰਾਤ ਯਾਨੀ ਯੂਏਈ ਵਿੱਚ ਆਯੋਜਿਤ ਕੀਤਾ ਗਿਆ ਸੀ। ਬੀ.ਸੀ.ਸੀ.ਆਈ. ਨੇ ਆਈ.ਪੀ.ਐਲ. ਦੇ ਪਹਿਲੇ ਭਾਗ ਦੇ ਸ਼ੈਡਿਊਲ ਦਾ ਐਲਾਨ ਕਰ ਦਿੱਤਾ ਹੈ, ਜਿਸ ਵਿੱਚ 21 ਮੈਚ ਹਨ, ਇਸ ਸ਼ੈਡਿਊਲ ਦਾ ਫਾਈਨਲ ਮੈਚ ਲਖਨਊ ਸੁਪਰ ਜਾਇੰਟਸ ਅਤੇ ਗੁਜਰਾਤ ਟਾਈਟਨਸ ਵਿਚਾਲੇ 7 ਅਪ੍ਰੈਲ ਨੂੰ ਲਖਨਊ ਵਿੱਚ ਖੇਡਿਆ ਜਾਵੇਗਾ।

ਇੰਡੀਅਨ ਪ੍ਰੀਮੀਅਰ ਲੀਗ ਭਾਰਤ ਵਿੱਚ ਕਿਸੇ ਤਿਉਹਾਰ ਤੋਂ ਘੱਟ ਨਹੀਂ ਹੈ। ਹਰ ਸਾਲ ਮਾਰਚ ਤੋਂ ਪੂਰਾ ਦੇਸ਼ ਇਸ ਸ਼ਾਨਦਾਰ ਟੀ-20 ਲੀਗ ਦੇ ਰੰਗਾਂ ਵਿੱਚ ਰੰਗਿਆ ਜਾਂਦਾ ਹੈ। ਆਈ.ਪੀ.ਐਲ. ਦੇ ਇਸ ਸੀਜ਼ਨ ਦੀ ਸ਼ੁਰੂਆਤ 22 ਮਾਰਚ ਨੂੰ ਚੇਨਈ ਵਿੱਚ ਚੇਨਈ ਸੁਪਰ ਕਿੰਗਜ਼ ਅਤੇ ਰਾਇਲ ਚੈਲੰਜਰਜ਼ ਬੈਂਗਲੁਰੂ ਵਿਚਾਲੇ ਪਹਿਲੇ ਮੈਚ ਨਾਲ ਹੋਵੇਗੀ। ਆਖਰੀ ਵਾਰ ਆਈ.ਪੀ.ਐਲ. ਦਾ ਆਯੋਜਨ ਯੂ.ਏ.ਈ. ਵਿੱਚ 2021 ਵਿੱਚ ਹੋਇਆ ਸੀ। ਆਈ.ਪੀ.ਐਲ. ਦਾ ਪੂਰਾ 2020 ਸੀਜ਼ਨ ਵੀ ਯੂ.ਏ.ਈ. ਵਿੱਚ ਆਯੋਜਿਤ ਕੀਤਾ ਗਿਆ ਸੀ। ਭਾਰਤ ਵਿੱਚ ਕੋਵਿਡ ਮਹਾਂਮਾਰੀ ਦੇ ਕਾਰਨ, ਆਈ.ਪੀ.ਐਲ. ਨੂੰ ਉਥੇ ਤਬਦੀਲ ਕਰ ਦਿੱਤਾ ਗਿਆ ਸੀ। 2009 ਦਾ ਆਈ.ਪੀ.ਐਲ. ਸੀਜ਼ਨ ਵੀ ਦੱਖਣੀ ਅਫਰੀਕਾ ਵਿੱਚ ਹੋਇਆ ਸੀ।

# ਮਹਿਲਾ ਪ੍ਰੀਮੀਅਰ ਲੀਗ ਚੈਂਪੀਅਨ ਬਣੀ ਰੌਇਲ ਚੈਲੇਂਜਰ ਬੰਗਲੌਰ



ਦਿੱਲੀ ਦੇ ਅਰੁਣ ਜੇਤਲੀ ਸਟੇਡੀਅਮ ’ਚ ਖੇਡੇ ਗਏ ਮਹਿਲਾ ਕ੍ਰਿਕਟ ਲੀਗ ਦੇ ਫਾਈਨਲ ਮੁਕਾਬਲੇ ’ਚ ਰਾਇਲ ਚੈਲੰਜਰਜ਼ ਬੈਂਗਲੌਰ ਨੇ ਦਿੱਲੀ ਕੈਪੀਟਲਸ ਨੂੰ ਹਰਾ ਕੇ ਖ਼ਿਤਾਬ ’ਤੇ ਕਬਜ਼ਾ ਕਰ ਲਿਆ ਹੈ।

ਦਿੱਲੀ ਦੀਆਂ ਓਪਨਿੰਗ ਬੱਲੇਬਾਜ਼ਾਂ ਨੇ ਕਪਤਾਨ ਮੈਗ ਲੈਨਿੰਗ ਦਾ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫ਼ੈਸਲਾ ਸਹੀ ਸਾਬਿਤ ਕੀਤਾ ਤੇ ਪਹਿਲੀ ਵਿਕਟ ਲਈ 7 ਓਵਰਾਂ ’ਚ 64 ਦੌੜਾਂ ਦੀ ਸਾਂਝੇਦਾਰੀ ਕਰ ਕੇ ਟੀਮ ਨੂੰ ਮਜ਼ਬੂਤ ਸ਼ੁਰੂਆਤ ਦਿਵਾਈ। ਪਰ ਇਸ ਤੋਂ ਬਾਅਦ 8ਵੇਂ ਓਵਰ ’ਚ ਗੇਂਦਬਾਜ਼ੀ ਕਰਨ ਆਈ ਸੋਫੀ ਮੋਲੀਨੈਕਸ ਨੇ ਇਕੋ ਓਵਰ ’ਚ ਸ਼ਾਨਦਾਰ ਬੱਲੇਬਾਜ਼ੀ ਕਰ ਰਹੀ ਸ਼ੈਫਾਲੀ, ਜੇਮਿਮਾ ਤੇ ਕੈਪਸੀ ਨੂੰ ਆਊਟ ਕਰ ਦਿੱਤਾ। ਦਿੱਲੀ ਇਸ ਝਟਕੇ ਤੋਂ ਉਭਰ ਨਾ ਸਕੀ ਤੇ ਲਗਾਤਾਰ ਅੰਤਰਾਲ ’ਤੇ ਵਿਕਟਾਂ ਗੁਆਉਣ ਕਾਰਨ ਵੱਡਾ ਸਕੋਰ ਨਾ ਖੜ੍ਹਾ ਕਰ ਸਕੀ ਤੇ 18.3 ਓਵਰਾਂ ’ਚ ਸਿਰਫ਼ 113 ਦੌੜਾਂ ਬਣਾ ਕੇ ਆਲ-ਆਊਟ ਹੋ ਗਈ। ਦਿੱਲੀ ਵੱਲੋਂ ਸ਼ੈਫਾਲੀ ਵਰਮਾ ਨੇ 27 ਗੇਂਦਾਂ ’ਚ 2 ਚੌਕਿਆਂ ਤੇ 3 ਛੱਕਿਆਂ ਦੀ ਮਦਦ ਨਾਲ (**ਬਾਕੀ ਸਫ਼ਾ 31 ’ਤੇ**)

# ਜੂਨੀਅਰ ਪ੍ਰੋਵਿੰਸ਼ਲ ਚੈਂਪੀਅਨਸ਼ਿੱਪ ਕੈਨੇਡਾ ਵਿੱਚ ਪੰਜਾਬ ਦੀ ਧੀ ਨੇ ਵੇਟਲਿ.ਫਟਿੰਗ ਵਿੱਚ ਸੋਨ ਤਗਮਾ ਕੀਤਾ ਹਾਸਲ



ਸਰੀ/ਏ.ਟੀ.ਨਿਊਜ਼: ਕੈਨੇਡਾ ਦੀ ਧਰਤੀ ਦੇ 16 ਸਾਲ ਦੀ ਪੰਜਾਬੀ ਧੀ ਐਂਜਲ ਬਿਲਨ ਨੇ ਵੇਟਲਿਫਟਿੰਗ ਵਿੱਚ ਸੋਨ ਤਗਮਾ ਹਾਸਲ ਕੀਤਾ ਹੈ । ਐਂਜਲ ਜਦੋਂ 6 ਸਾਲ ਦੀ ਸੀ ਤਾਂ ਹੀ ਉਸ ਨੇ ਵੇਟਲਿਫਟਿੰਗ ਸ਼ੁਰੂ ਕਰ ਦਿੱਤੀ । ਐਂਜਲ ਬਿਲਨ ਪੰਜਾਬ ਦੇ ਸ਼ਹੀਦ ਭਗਤ ਸਿੰਘ ਨਗਰ ਦੇ ਬੰਗਾ ਨੇੜੇ ਦੇ ਪਿੰਡ ਰਾਏਪੁਰ ਡੱਬਾ ਦੀ ਰਹਿਣ ਵਾਲੀ ਹੈ ।

ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਵਿੱਚ ਕਰਵਾਏ ਗਏ ਮੁਕਾਬਲਿਆਂ ਵਿੱਚ ਜੂਨੀਅਰ ਪ੍ਰੋਵਿੰਸ਼ਲ ਚੈਂਪੀਅਨਸ਼ਿਪ 2024 ਵੇਟਲਿਫਟਿੰਗ ਮੁਕਾਬਲਿਆਂ ਵਿੱਚ 16 ਸਾਲਾ ਪੰਜਾਬੀ ਕੁੜੀ ਐਂਜਲ ਨੇ ਪਹਿਲੀ ਥਾਂ ਹਾਸਲ ਕੀਤੀ ਤੇ ਸੋਨ ਤਗਮਾ ਜੇਤੂ ਬਣੀ। ਐਂਜਲ ਨੇ ਵੇਟਲਿਫਟਿੰਗ ਵਿੱਚ 94 ਕਿਲੋ ਭਾਰ ਚੁੱਕ ਕੇ ਸੂਬੇ ਵਿੱਚ ਰਿਕਾਰਡ ਬਣਾ ਲਿਆ ਹੈ। ਉਸ ਨੂੰ ਬ੍ਰਿਟਿਸ਼ ਕੋਲੰਬੀਆ ਵੇਟਲਿਫਟਿੰਗ ਐਸੋਸੀਏਸ਼ਨ ਵੱਲੋਂ ਬੈਸਟ ਮਹਿਲਾ ਲਿਫਟਰ ਦਾ ਸਨਮਾਨ ਦਿੱਤਾ ਗਿਆ ਹੈ।

# ਬਾਲ ਉਮਰ ਦੀਆਂ ਖੇਡਾਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ

**ਬਲਜਿੰਦਰ ਮਾਨ**



ਸਮੇਂ ਦੀ ਤੋਰ ਨਾਲ ਸਾਡੀਆਂ ਬਾਲ ਖੇਡਾਂ ਟੀ.ਵੀ. ਤੇ ਇੰਟਰਨੈੱਟ ਨੇ ਖੋਹ ਲਈਆਂ। ਅੱਜ ਬਹੁਤੇ ਬੱਚੇ ਵਿਹਲੇ ਸਮੇਂ ਵਿੱਚ ਇਨ੍ਹਾਂ ਸਾਧਨਾਂ ਨਾਲ ਜੁੜ ਕੇ ਆਪਣੇ ਸਮੇਂ ਤੇ ਸਿਹਤ ਦਾ ਨਾਸ਼ ਕਰਦੇ ਹਨ। ਵਿਗਿਆਨੀਆਂ ਦਾ ਕਹਿਣਾ ਹੈ ਕਿ ਟੀ.ਵੀ. ਜਾਂ ਫੋਨ ’ਤੇ ਖੇਡਾਂ ਖੇਡ ਕੇ ਬੱਚਿਆਂ ਦੀ ਬੁੱਧੀ ਤਾਂ ਵਿਕਸਤ ਹੋ ਸਕਦੀ ਹੈ ਪਰ ਸਿਹਤ ਨਹੀਂ। ਕੋਟਲਾ ਛਪਾਕੀ, ਬਾਂਦਰ ਕੀਲਾ, ਬਾਰਾਂ ਟਾਹਣੀ, ਖਿੱਦੋ ਖੂੰਡੀ, ਗੁੱਲੀ ਡੰਡਾ, ਛੂਹ ਛੁਆਈ, ਲੁਕਣ ਮੀਟੀ, ਪਿੱਠੂ ਕਾਇਮ, ਅੱਡਾ ਖੱਡਾ, ਬਾਂਟੇ ਆਦਿ ਜਿਹੀਆਂ ਅਨੇਕਾਂ ਖੇਡਾਂ ਸਨ ਜਿਹੜੀਆਂ ਅਸੀਂ ਬਾਲ ਉਮਰੇ ਖੇਡਦੇ ਰਹੇ ਸਾਂ।

ਬਾਲੜੀਆਂ ਦੀਆਂ ਪੁਰਾਤਨ ਖੇਡਾਂ ਵਿੱਚ ਪੀਚੋ ਬੱਕਰੀ, ਬੁੱਢੀ ਮਾਈ, ਕਿੱਕਲੀ, ਲੰਗਾ ਲੋਰੀਆ, ਸਮੁੰਦਰ ਤੇ ਮੱਛੀ, ਗੀਟੇ, ਗੁੱਡੀਆਂ ਪਟੋਲੇ, ਰੰਗਣੀਏ ਨੀਂ ਰੰਗ ਬੋਲ, ਵੰਗਾਂ ਦੀ ਖੇਡ, ਬਿੱਲੀਏ ਨੀਂ ਬਿਲੀਏ, ਟੱਲੀਆਂ ਮਟੱਲੀਆਂ, ਰੱਸੀ ਟੱਪਣਾ, ਭੰਡਾ ਭੰਡਾਰੀਆ ਆਦਿ ਬੜੀਆਂ ਹਰਮਨ ਪਿਆਰੀਆਂ ਰਹੀਆਂ ਹਨ। ਪੰਜਾਬ ਸਰਕਾਰ ਨੇ ‘ਖੇਡਾਂ ਵਤਨ ਪੰਜਾਬ ਦੀਆਂ’ ਦਾ ਆਰੰਭ ਕਰਕੇ ਖਿਡਾਰੀਆਂ ਅਤੇ ਨੌਜਵਾਨ ਪੀੜ੍ਹੀ ਨੂੰ ਇੱਕ ਨਵਾਂ ਹੁਲਾਰਾ ਦਿੱਤਾ ਹੈ। ਇਸੇ ਤਰ੍ਹਾਂ ਕੇਂਦਰ ਸਰਕਾਰ ਦੁਆਰਾ ਵੀ ਪੁਰਾਤਨ ਖੇਡਾਂ ਨੂੰ ਮੁੜ ਪ੍ਰਚੱਲਿਤ ਕਰਨ ਦੀ ਯੋਜਨਾਬੰਦੀ ਉਲੀਕੀ ਗਈ ਹੈ।

ਅਜੋਕੇ ਸਮੇਂ ਨੇ ਸਾਡੇ ਸਾਰੇ ਜੀਵਨ ਫ਼ਲਸਫ਼ੇ ਨੂੰ ਹੀ ਬਦਲ ਦਿੱਤਾ ਹੈ। ਕਿਸੇ ਬੱਚੇ ਕੋਲ ਵਿਹਲ ਹੀ ਨਹੀਂ ਰਿਹਾ। ਤੜਕੇ ਹੀ ਸਕੂਲ ਬੱਸ ਬੱਚਿਆਂ ਨੂੰ ਸਕੂਲ ਵੱਲ ਲੈ ਜਾਂਦੀ ਹੈ ਤੇ ਸ਼ਾਮ ਨੂੰ ਘਰ ਛੱਡ ਦਿੰਦੀ ਹੈ। ਬਾਅਦ ਵਿੱਚ ਟਿਊਸ਼ਨ ਦਾ ਭਾਰ ਬਸਤੇ ਦੇ ਭਾਰ ਨਾਲ ਬੱਚਿਆਂ ਨੂੰ ਦੱਬੀ ਫਿਰ ਰਿਹਾ ਹੈ। ਹਰ ਮਾਪੇ ਦੀ ਇਹ ਇੱਛਾ ਹੁੰਦੀ ਹੈ ਕਿ ਉਨ੍ਹਾਂ ਦਾ ਬੱਚਾ ਪੜ੍ਹਕੇ ਵੱਡਾ ਅਫ਼ਸਰ ਬਣੇ ਪਰ ਉਸ ਦੀ ਮਾਨਸਿਕਤਾ ਦੀ ਕਿਸੇ ਨੂੰ ਪਰਵਾਹ ਨਹੀਂ ਹੈ। ਇਸੇ ਕਰਕੇ ਨੌਜਵਾਨ ਪੀੜ੍ਹੀ ਮਾਪਿਆਂ ਤੇ ਅਧਿਆਪਕਾਂ ਤੋਂ ਬਾਗੀ ਹੋ ਰਹੀ ਹੈ। ਇਸ ਲਈ ਸਾਨੂੰ ਆਪਣੇ ਬੱਚਿਆਂ ਨੂੰ ਖੇਡਾਂ ਨਾਲ ਜੋੜਨਾ ਚਾਹੀਦਾ ਹੈ। ਭਾਵੇਂ ਅੱਜ ਕੱਲ੍ਹ ਆਧੁਨਿਕ ਸਾਧਨਾਂ ਨੇ ਸਾਨੂੰ ਪੂਰੀ ਤਰ੍ਹਾਂ ਘੇਰਿਆ ਹੋਇਆ ਹੈ। ਫਿਰ ਵੀ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਬਾਲਾਂ ਨੂੰ ਉਨ੍ਹਾਂ ਦੀ ਮਾਨਸਿਕਤਾ ਅਤੇ ਸਰੀਰ ਨੂੰ ਵਿਕਸਤ ਕਰਨ ਵਾਲੀਆਂ ਬਾਲ ਖੇਡਾਂ ਖੇਡਣ ਦਾ ਮੌਕਾ ਦੇਈਏ।



ਸਕੂਲ ਕਾਲਜਾਂ ਵਿੱਚ ਜਾ ਕੇ ਤਾਂ ਫੁੱਟਬਾਲ, ਕਬੱਡੀ, ਖੋ-ਖੋ, ਅਥਲੈਟਿਕਸ, ਹਾਕੀ, ਕ੍ਰਿਕਟ ਆਦਿ ਅਨੇਕਾਂ ਪ੍ਰਕਾਰ ਦੀਆਂ ਖੇਡਾਂ ਖੇਡਣ ਦਾ ਮੌਕਾ ਮਿਲ ਜਾਂਦਾ ਹੈ। ਬਸ ਲੋੜ ਹੈ ਤਾਂ ਬਚਪਨ ਦੀਆਂ ਖੇਡਾਂ ਨੂੰ ਸੰਭਾਲਣ ਦੀ। ਇਨ੍ਹਾਂ ਖੇਡਾਂ ਰਾਹੀਂ ਹੀ ਉਨ੍ਹਾਂ ਦਾ ਹਰ ਪੱਖੋਂ ਵਿਕਾਸ ਹੋਵੇਗਾ। ਮਨ ਦੀ ਖ਼ੁਸ਼ੀ ਨਾਲ ਹੀ ਤਨ ’ਤੇ ਟਹਿਕ ਆਉਂਦੀਹੈ। ਜਦੋਂ ਬੱਚੇ ਮਨ ਚਾਹੀਆਂ ਖੇਡਾਂ ਖੇਡਦੇ ਹਨ ਤਾਂ ਉਨ੍ਹਾਂ ਦਾ ਮਨ ਫੁੱਲ ਵਾਂਗ ਖਿੜ ਜਾਂਦਾ ਹੈ। ਸੋ ਆਓ ਆਪਾਂ ਸਾਰੇ ਰਲਕੇ ਬੱਚਿਆਂ ਦੇ ਬਚਪਨ ਨੂੰ ਮੋੜ ਲਿਆਈਏ। ਪਿੰਡਾਂ ਦੀਆਂ ਬੋਹੜਾਂ ਥੱਲੇ ਅਤੇ ਥੜਿਆਂ ਲਾਗੇ ਉਨ੍ਹਾਂ ਨੂੰ ਬਾਲ ਖੇਡਾਂ ਖੇਡਣ ਦੇ ਮੌਕੇ ਪ੍ਰਦਾਨ ਕਰੀਏ। ਇਹ ਮੌਕੇ ਉਨ੍ਹਾਂ ਦੇ ਜੀਵਨ ਸੰਘਰਸ਼ ਨੂੰ ਹਿੰਮਤ, ਲਗਨ, ਹੌਸਲੇ, ਦ੍ਰਿੜਤਾ, ਇਮਾਨਦਾਰੀ, ਇੱਛਾ ਸ਼ਕਤੀ ਆਦਿ ਗੁਣਾਂ ਨਾਲ ਭਰਪੂਰ ਕਰਨਗੇ। ਜਿਸ ਬਾਲ ਅੰਦਰ ਇਨ੍ਹਾਂ ਗੁਣਾਂ ਦੇ ਬੀਜ ਪੁੰਗਰ ਪੈਣ ਉਹ ਵੱਡਾ ਹੋ ਕੇ ਵਧੀਆ ਤੇ ਮਜ਼ਬੂਤ ਇਨਸਾਨ ਬਣਦਾ ਹੈ।



ਪੂਰੇ ਮਾਨਸਿਕ ਢਾਂਚੇ ਨੂੰ ਖੇਡਾਂ ਦੇ ਮਨੋਰੰਜਨ ਨਾਲ ਹੀ ਸ਼ਿੰਗਾਰਿਆ ਤੇ ਸੰਵਾਰਿਆ ਜਾ ਸਕਦਾ ਹੈ। ਮਨੋਰੰਜਕ ਢੰਗ ਨਾਲ ਉਸਰਿਆ ਬਚਪਨ ਚੰਗੀ ਜੁਆਨੀ ਦੀ ਉਮੀਦ ਬੰਨ੍ਹਦਾ ਹੈ। ਮਾਨਸਿਕ ਤੇ ਸਰੀਰਕ ਤੌਰ ’ਤੇ ਤੰਦਰੁਸਤ ਨਾਗਰਿਕ ਹੀ ਦੇਸ਼ ਕੌਮ ਦੀ ਰਾਖੀ ਅਤੇ ਸੰਚਾਲਨ ਸੁਚੱਜੇ ਢੰਗ ਨਾਲ ਕਰ ਸਕਦੇ ਹਨ। ਖੇਡ ਰੁਚੀ ਨਾਲ ਅਸੀਂ ਹੋਰ ਅੱਗੇ ਵਧ ਕੇ ਜੀਵਨ ਸਫ਼ਰ ਦੀਆਂ ਅਨੇਕਾਂ ਮੰਜ਼ਿਲਾਂ ਨੂੰ ਸਰ ਕਰ ਸਕਦੇ ਹਾਂ। ਇਸ ਖੇਤਰ ਵਿੱਚ ਵਧੀਆ ਕਰੀਅਰ ਦੀਆਂ ਸੰਭਾਵਨਾਵਾਂ ਵੀ ਮੌਜੂਦ ਹਨ। ਖੇਡ ਕੋਟੇ ਰਾਹੀਂ ਅਸੀਂ ਆਪਣੀਆਂ ਰਾਜ ਪੱਧਰੀ ਜਾਂ ਕੌਮੀ ਪੱਧਰੀ ਪ੍ਰਾਪਤੀਆਂ ਨਾਲ ਉੱਚ ਅਹੁਦਿਆਂ ’ਤੇ ਵੀ ਬਿਰਾਜਮਾਨ ਹੋ ਸਕਦੇ ਹਾਂ। ਲੋੜ ਹੈ ਬਾਲਾਂ ਨੂੰ ਉਨ੍ਹਾਂ ਦੀ ਮਨ ਚਾਹੀ ਖੇਡ ਖੇਡਣ ਦਾ ਮੌਕਾ ਪ੍ਰਦਾਨ ਕਰਨ ਦੀ।

ਅਸੀਂ ਬਚਪਨ ਵਿੱਚ ਪਹਿਲੀ ਜ਼ਿੰਮੇਵਾਰੀ ਮਾਂ ਤੇ ਫਿਰ ਪਰਿਵਾਰ ਸਿਰ ਪਾਉਂਦੇ ਹਾਂ। ਉਸ ਤੋਂ ਬਾਅਦ ਸਾਰੇ ਅਧਿਆਪਕਾਂ ਨੇ ਇਨ੍ਹਾਂ ਰੁਚੀਆਂ ਨੂੰ ਪ੍ਰਫੁੱਲਿਤ ਕਰਨ ਵਿੱਚ ਯੋਗਦਾਨ ਪਾਉਣਾ ਹੁੰਦਾ ਹੈ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਹਰ ਸਕੂਲ ਵਿੱਚ ਇੱਕ ਸਰੀਰਕ ਸਿੱਖਿਆ ਅਧਿਆਪਕ ਜ਼ਰੂਰ ਮੁਹੱਈਆ ਕਰੇ। ਸਰੀਰਕ ਤੌਰ ’ਤੇ ਕਮਜ਼ੋਰ ਪੀੜ੍ਹੀ ਕਿਸੇ ਦਾ ਵੀ ਭਲਾ ਨਹੀਂ ਕਰ ਸਕਦੀ। ਇਸ ਲਈ ਆਓ ਆਪਾਂ ਸਾਰੇ ਰਲਕੇ ਬਾਲ ਉਮਰ ਦੀਆਂ ਖੇਡਾਂ ਨੂੰ ਮੁੜ ਸੁਰਜੀਤ ਕਰੀਏ। ਅਜਿਹਾ ਕਰਨ ਨਾਲ ਵੀ ਅਸੀਂ ਸੋਹਣੇ ਤੇ ਸੁਚੱਜੇ ਸਮਾਜ ਦੀ ਸਿਰਜਣਾ ਕਰ ਸਕਾਂਗੇ।

# ਦਿਲਜੀਤ ਦੋਸਾਂਝ ਦੇ ਦੀਵਾਨੇ ਹੋਏ ਐਡ ਸ਼ੀਰਾਨ

## ਪਰਫ਼ਾਰਮੈਂਸ ਦੌਰਾਨ ਗਲੋਬਲ ਸਨਸਨੀ ਨੇ ਪੰਜਾਬੀ 'ਚ ਗਾਏ ਗੀਤ

ਮੁੰਬਈ 'ਚ ਗਾਇਕ ਐਡ ਸ਼ੀਰਨ ਨੇ ਆਪਣੇ ਕੰਸਰਟ ਦੌਰਾਨ ਪਹਿਲੀ ਵਾਰ ਪੰਜਾਬੀ 'ਚ ਗਾਇਆ, ਜਿਸ ਨੂੰ ਵੇਖ ਪ੍ਰਸ਼ੰਸਕ ਵੀ ਹੈਰਾਨ ਰਹਿ ਗਏ। ਉਥੇ ਹੀ ਗਾਇਕ ਦਿਲਜੀਤ ਦੋਸਾਂਝ ਨੇ ਵੀ ਉਨ੍ਹਾਂ ਨਾਲ ਸ਼ਿਰਕਤ ਕੀਤੀ ਅਤੇ ਆਪਣਾ ਗੀਤ 'ਲਵਰ' ਪੇਸ਼ ਕੀਤਾ।



ਇਸ ਜੋੜੀ ਦਾ ਮਹਾਲਕਸ਼ਮੀ ਰੇਸ ਕੋਰਸ ਮੈਦਾਨ 'ਚ ਮੌਜੂਦ ਸੈਂਕੜੇ ਪ੍ਰਸ਼ੰਸਕਾਂ ਵੱਲੋਂ ਜ਼ੋਰਦਾਰ ਤਾੜੀਆਂ ਨਾਲ ਸਵਾਗਤ ਕੀਤਾ ਗਿਆ। ਇਸ ਦੌਰਾਨ ਦੀਆਂ ਕੁਝ ਪੋਸਟਾਂ ਦੋਹਾਂ ਨੇ ਆਪਣੇ ਸੋਸ਼ਲ ਮੀਡੀਆ ਇੰਸਟਾਗ੍ਰਾਮ ਅਕਾਊਂਟ 'ਤੇ ਵੀ ਪੋਸਟ ਕੀਤੀਆਂ ਹਨ।

ਦਿਲਜੀਤ ਨੇ ਆਪਣੇ ਇੰਸਟਾਗ੍ਰਾਮ 'ਤੇ ਐਡ ਸ਼ੀਰਾਨ ਨਾਲ ਗਾਉਣ ਦੀ ਇੱਕ ਛੋਟੀ ਜਿਹੀ ਕਲਿੱਪ ਸ਼ੇਅਰ ਕੀਤੀ ਹੈ। ਇਸ ਦੌਰਾਨ ਦਿਲਜੀਤ ਨੇ ਲਾਲ ਰੰਗ ਦੀ ਪੱਗ ਨਾਲ ਕਾਲੇ ਅਤੇ ਸੁਨਹਿਰੀ ਰੰਗ ਦੇ ਕੱਪੜੇ ਪਾਏ ਸਨ।

ਉਥੇ ਹੀ ਐਡ ਸ਼ੀਰਾਨ ਬਲੈਕ ਟੀ-ਸ਼ਰਟ ਅਤੇ ਡੈਨਿਮ 'ਚ ਨਜ਼ਰ ਆ ਰਿਹਾ ਹੈ। ਉਹ ਗਿਟਾਰ ਵੀ ਵਜਾਉਂਦਾ ਅਤੇ ਦਿਲਜੀਤ ਨਾਲ ਪਰਫਾਰਮੈਂਸ ਦੇ ਰਿਹਾ ਹੈ। ਵੀਡੀਓ ਨਾਲ ਹੀ ਦਿਲਜੀਤ ਨੇ ਲਿਖਿਆ, 'ਐਡ ਸ਼ੀਰਾਨ ਪਹਿਲੀ ਵਾਰ ਪੰਜਾਬੀ 'ਚ ਗਾ ਰਿਹਾ ਹੈ।'

ਐਡ ਨੇ ਆਪਣੇ ਪ੍ਰਦਰਸ਼ਨ ਦਾ ਇੱਕ ਵੀਡੀਓ ਵੀ ਪੋਸਟ ਕੀਤਾ ਹੈ। ਪਰਫਾਰਮੈਂਸ ਖ਼ਤਮ ਹੁੰਦੇ ਹੀ ਦੋਹਾਂ ਨੇ ਇੱਕ-ਦੂਜੇ ਨੂੰ ਜੱਫੀ ਪਾਈ ਅਤੇ ਪ੍ਰਸ਼ੰਸਕਾਂ ਨੇ ਤਾੜੀਆਂ ਵਜਾ ਕੇ ਮਾਹੌਲ ਨੂੰ ਕਾਫੀ ਰੋਮਾਂਚਕ ਬਣਾ ਦਿੱਤਾ।

ਉਨ੍ਹਾਂ ਨੇ ਪੋਸਟ ਦੇ ਕੈਪਸ਼ਨ 'ਚ ਲਿਖਿਆ, ਅੱਜ ਰਾਤ ਪਹਿਲੀ ਵਾਰ ਪੰਜਾਬੀ 'ਚ ਗਾਉਣ ਦਾ ਮੌਕਾ ਮਿਲਿਆ। ਮੇਰਾ ਭਾਰਤ 'ਚ ਬਹੁਤ ਵਧੀਆ ਸਮਾਂ ਰਿਹਾ ਹੈ ਅਤੇ ਆਉਣ ਵਾਲੇ ਸਮੇਂ 'ਚ ਹੋਰ ਵੀ ਬਹੁਤ ਕੁਝ ਹੈ!





# ਟ੍ਰੈਜੇਡੀ ਕਵੀਨ ਮੀਨਾ ਕੁਮਾਰੀ



ਮੀਨਾ ਕੁਮਾਰੀ ਨੂੰ ਟ੍ਰੈਜੇਡੀ ਕਵੀਨ ਕਿਹਾ ਜਾਂਦਾ ਸੀ। ਕਿਹਾ ਜਾਂਦਾ ਹੈ ਕਿ ਜੇਕਰ ਕਿਸੇ ਫਿਲਮ 'ਚ ਕੋਈ ਇਮੋਸ਼ਨਲ ਸੀਨ ਕਰਨਾ ਹੁੰਦਾ ਤਾਂ ਮੀਨਾ ਕੁਮਾਰੀ ਨੂੰ ਗਲਿਸਰੀਨ ਲਗਾਉਣ ਦੀ ਜ਼ਰੂਰਤ ਨਹੀਂ ਸੀ। ਉਹ ਇਵੇਂ ਹੀ ਰੋਣ ਲੱਗ ਪੈਂਦੀ ਸੀ। ਇਸ ਦਾ ਕਾਰਨ ਉਸ ਦੀ ਜ਼ਿੰਦਗੀ ਵਿਚ ਦੁੱਖਾਂ ਦਾ ਪਹਾੜ ਸੀ। ਮੀਨਾ ਕੁਮਾਰੀ ਨੇ ਬਚਪਨ ਤੋਂ ਹੀ ਬਹੁਤ ਦੁੱਖ ਝੱਲੇ ਸਨ। ਜਦੋਂ ਉਸ ਦਾ ਜਨਮ ਹੋਇਆ ਤਾਂ ਉਸ ਦੇ ਪਿਤਾ ਨੇ ਉਸ ਨੂੰ ਅਨਾਥ ਆਸ਼ਰਮ ਵਿੱਚ ਛੱਡ ਦਿੱਤਾ ਅਤੇ ਜਦੋਂ ਉਹ ਵੱਡੀ ਹੋਈ ਅਤੇ ਵਿਆਹ ਕਰਵਾ ਲਿਆ ਤਾਂ ਉਸ ਨੂੰ ਪਤੀ ਦੀ ਖੁਸ਼ੀ ਨਹੀਂ ਮਿਲੀ। 13 ਸਾਲ ਦੀ ਉਮਰ ਵਿੱਚ ਮੀਨਾ ਕੁਮਾਰੀ ਨੇ ਆਪਣੀ ਮਾਂ ਨੂੰ ਗੁਆ ਦਿੱਤਾ, ਪਰ ਸਾਰੇ ਦੁੱਖਾਂ ਦਾ ਸਾਹਮਣਾ ਕਰਦੇ ਹੋਏ ਮੀਨਾ ਕੁਮਾਰੀ ਅੱਗੇ ਵਧਦੀ ਰਹੀ।

ਮੀਨਾ ਕੁਮਾਰੀ ਦਾ ਅਸਲੀ ਨਾਮ ਮਹਿਜਬੀਨ ਸੀ, ਅਤੇ ਉਸਨੇ 4 ਸਾਲ ਦੀ ਉਮਰ ਵਿੱਚ ਆਪਣੇ ਅਦਾਕਾਰੀ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਬਾਲ ਕਲਾਕਾਰ ਦੇ ਤੌਰ 'ਤੇ ਉਸ ਨੇ ਕਈ ਫਿਲਮਾਂ 'ਚ ਕੰਮ ਕੀਤਾ ਅਤੇ ਫਿਰ ਬੈਜੂ ਬਾਵਰਾ, ਪਰਿਣੀਤਾ, ਪਾਕੀਜ਼ਾ, ਦੋ ਬੀਘਾ ਜ਼ਮੀਨ, ਦੈਰਾ, ਮੇਮ ਸਾਹਬ ਵਰਗੀਆਂ ਕਈ ਫਿਲਮਾਂ 'ਚ ਮੁੱਖ ਹੀਰੋਇਨ ਵਜੋਂ ਕੰਮ ਕੀਤਾ।

ਫਿਲਮ ਪਾਕੀਜ਼ਾ ਦੀ ਰਿਲੀਜ਼ ਤੋਂ ਤਿੰਨ ਹਫਤੇ ਬਾਅਦ ਹੀ ਮੀਨਾ ਕੁਮਾਰੀ ਬੀਮਾਰ ਹੋ ਗਈ ਅਤੇ ਫਿਰ 31 ਮਾਰਚ 1972 ਨੂੰ ਇਸ ਦੁਨੀਆ ਨੂੰ ਅਲਵਿਦਾ ਕਹਿ ਗਈ। ਦੱਸਿਆ ਜਾਂਦਾ ਹੈ ਕਿ ਮੀਨਾ ਕੁਮਾਰੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਅਤੇ ਉੱਥੇ ਉਹ ਕੋਮਾ ਵਿੱਚ ਚਲੀ ਗਈ। ਉਸ ਦੀ ਮੌਤ ਦਾ ਕਾਰਨ ਲਿਵਰ ਸਿਰੋਸਿਸ ਦੱਸਿਆ ਗਿਆ ਸੀ।








ਪਰਮਿੰਦਰ ਸਿੰਘ ਥਿੰਦ

ਮਸ਼ਹੂਰ ਗ਼ਜ਼ਲ ਗਾਇਕ ਜਗਜੀਤ ਸਿੰਘ ਦੀ ਸਭ ਤੋਂ ਵੱਧ ਸੁਣੀ ਜਾਣ ਵਾਲੀ ਗ਼ਜ਼ਲ 'ਯੇ ਦੌਲਤ ਭੀ ਲੇ ਲੋ, ਯੇ ਸ਼ੋਹਰਤ ਭੀ ਲੇ ਲੋ, ਭਲੇ ਛੀਨ ਲੋ ਮੁਝ ਸੇ ਮੇਰੀ ਜਵਾਨੀ, ਮਗਰ ਮੁਝ ਕੋ ਲੌਟਾ ਦੋ ਵੋ ਬਚਪਨ ਕਾ ਸਾਵਨ, ਵੋ ਕਾਗਜ਼ ਕੀ ਕਸ਼ਤੀ ਵੋ ਬਾਰਿਸ਼ ਕਾ ਪਾਨੀ' ਹੀ ਹੈ। ਇਸ ਗ਼ਜ਼ਲ ਦੇ ਲੇਖਕ ਸੁਦਰਸ਼ਨ ਫ਼ਾਕਿਰ ਨੇ ਆਪਣੇ ਬਚਪਨ ਨੂੰ ਯਾਦ ਕਰਦਿਆਂ ਜਿਸ 'ਕਾਗਜ਼ ਕੀ ਕਿਸ਼ਤੀ' ਦਾ ਜ਼ਿਕਰ ਕੀਤਾ, ਉਹ ਅਸਲ ਵਿੱਚ ਸੁਦਰਸ਼ਨ ਫ਼ਾਕਿਰ ਦੇ ਮੁਹੱਲੇ ਦੇ ਨਾਲ ਵੱਗਦੇ ਵੱਡੇ ਨਾਲੇ ਵਿੱਚ ਹੀ ਪਹਿਲੀ ਵਾਰ ਤੈਰੀ ਸੀ।

ਅਕਸਰ ਹੀ ਸੁਦਰਸ਼ਨ ਦੇ ਪੁਰਾਣਾ ਤਾਲਾਬ ਇਲਾਕੇ ਵਿੱਚ ਜਦੋਂ ਮੀਂਹ ਦਾ ਪਾਣੀ ਜਮ੍ਹਾਂ ਹੋਣਾ ਤਾਂ ਮੁਹੱਲੇ ਦੇ ਬੱਚਿਆਂ ਨੇ ਆਪੋ ਆਪਣੀਆਂ ਕਾਗਜ਼ ਦੀਆਂ ਕਿਸ਼ਤੀਆਂ ਪਾਣੀ ਵਿੱਚ ਚਲਾਉਣੀਆਂ। ਉਸ ਵੇਲੇ ਸ਼ਾਇਦ ਇਹ ਕਿਸੇ ਨੂੰ ਇਲਮ ਵੀ ਨਹੀਂ ਹੋਣਾ ਕਿ ਫ਼ਿਰੋਜ਼ਪੁਰ ਵਰਗੇ ਛੋਟੇ ਸ਼ਹਿਰ ਦੇ ਇੱਕ ਬੱਚੇ ਵੱਲੋਂ ਵੱਡੇ ਹੋ ਕੇ ਆਪਣੀ ਉਮਰ ਦੇ ਦੂਜੇ ਬੱਚਿਆਂ ਦੇ ਇਸ ਪਸੰਦੀਦਾ ਸ਼ੌਕ ਨੂੰ ਸ਼ਬਦਾਂ ਵਿੱਚ ਪਰੋ ਕੇ ਇਸ ਤਰ੍ਹਾਂ ਦੁਨੀਆ ਸਾਹਮਣੇ ਲਿਆਂਦਾ ਜਾਵੇਗਾ ਕਿ ਉਹ ਦੁਨੀਆਂ ਦੀ ਯਾਦਗਾਰ ਤੇ ਬਿਹਤਰੀਨ ਗ਼ਜ਼ਲ ਬਣ ਜਾਏਗੀ। ਜਗਜੀਤ ਸਿੰਘ ਨੂੰ ਵੀ ਸਭ ਤੋਂ ਵੱਧ ਪ੍ਰਸਿੱਧੀ ਇਸ ਗ਼ਜ਼ਲ ਨੇ ਹੀ ਦਿਵਾਈ ਸੀ।

**ਮੁਹੱਲੇ ਦੀ ਨਾਨੀ ਦਾ ਜ਼ਿਕਰ**

ਸੁਦਰਸ਼ਨ 'ਫ਼ਾਕਿਰ' ਦਾ ਅਸਲ ਨਾਂਅ ਸੁਦਰਸ਼ਨ ਕੁਮਾਰ ਕਾਮਰਾ ਸੀ। 1934 ਵਿੱਚ ਫ਼ਿਰੋਜ਼ਪੁਰ ਦੇ ਪੁਰਾਣਾ ਤਾਲਾਬ ਇਲਾਕੇ ਵਿੱਚ ਪੈਦਾ ਹੋਏ ਸੁਦਰਸ਼ਨ ਕੁਮਾਰ ਨੇ ਬਚਪਨ ਦੀ ਪੜ੍ਹਾਈ ਫ਼ਿਰੋਜ਼ਪੁਰ ਤੋਂ ਹੀ ਕੀਤੀ ਸੀ। ਇਸ ਦੌਰਾਨ ਆਂਢ-ਗੁਆਂਢ ਇੱਕ ਬਜ਼ੁਰਗ ਔਰਤ ਵੀ ਰਹਿੰਦੀ ਸੀ। ਛੁੱਟੀਆਂ ਦੇ ਦਿਨਾਂ ਵਿੱਚ ਉਸ ਨੂੰ ਮਿਲਣ ਲਈ ਜਦੋਂ ਦੋਹਤੇ ਦੋਹਤਰੀਆਂ ਆਉਣੇ ਤਾਂ ਮੁਹੱਲੇ ਦੇ ਹੋਰਨਾਂ ਬੱਚਿਆਂ ਦੀ ਤਰ੍ਹਾਂ ਸੁਦਰਸ਼ਨ ਨੇ ਵੀ ਦੇਰ ਰਾਤ ਤੱਕ ਉਸ 'ਨਾਨੀ' ਤੋਂ ਰਾਜੇ ਰਾਣੀਆਂ, ਪਰੀਆਂ ਆਦਿ ਦੀਆਂ ਕਹਾਣੀਆਂ ਸੁਣਨੀਆਂ। ਬਚਪਨ ਦੀਆਂ ਇਨ੍ਹਾਂ ਸਾਰੀਆਂ ਹੀ ਯਾਦਾਂ ਨੂੰ ਸੁਦਰਸ਼ਨ ਫ਼ਾਕਿਰ ਨੇ ਬਾਅਦ ਵਿੱਚ ਆਪਣੀ ਇਸ ਗ਼ਜ਼ਲ ਵਿੱਚ ਇਸ ਤਰ੍ਹਾਂ ਲਿਖਿਆ, 'ਵੋਹ ਬੁੜੀਆ ਜਿਸੇ ਬੱਚੇ ਕਹਿਤੇ ਥੇ ਨਾਨੀ, ਵੋ ਨਾਨੀ ਕੀ ਬਾਤੋਂ ਮੇਂ ਪਰੀਓਂ ਕਾ ਡੇਰਾ, ਵੋਹ ਚਿਹਰੇ ਕੀ ਝੂਰੀਓਂ ਮੇਂ ਸਦੀਓਂ ਦਾ ਫੇਰਾ, ਭੁਲਾਏ ਨਹੀਂ ਭੂਲ ਸਕਤਾ ਕੋਈ, ਵੋਹ ਛੋਟੀ ਸੀ ਰਾਤੇਂ ਵੋਹ ਲੰਬੀ ਕਹਾਣੀ।'

**ਸੁਦਰਸ਼ਨ ਕੁਮਾਰ ਕਾਮਰਾ ਤੋਂ ਬਣੇ ਫਾਕਿਰ**

ਮੁੱਢਲੀ ਪੜ੍ਹਾਈ ਫ਼ਿਰੋਜ਼ਪੁਰ ਵਿੱਚ ਕਰਨ ਤੋਂ ਬਾਅਦ ਸੁਦਰਸ਼ਨ ਕਾਮਰਾ ਉਚੇਰੀ ਸਿੱਖਿਆ ਲਈ ਡੀਏਵੀ ਕਾਲਜ ਜਲੰਧਰ ਪਹੁੰਚ ਗਏ। ਇੱਥੇ ਹੀ ਉਹ ਸੁਦਰਸ਼ਨ ਕਾਮਰਾ ਤੋਂ ਸੁਦਰਸ਼ਨ ਫ਼ਾਕਿਰ ਬਣ ਗਏ। ਇਸ ਦੌਰਾਨ ਉਨ੍ਹਾਂ ਆਲ ਇੰਡੀਆ ਰੇਡੀਓ 'ਤੇ ਵੀ ਕੰਮ ਕੀਤਾ। ਫਿਰ ਅੱਗੋਂ ਇੱਕ ਕਾਮਯਾਬ ਸ਼ਾਇਰ ਦਾ ਸਫਰ ਸ਼ੁਰੂ ਹੋਇਆ। ਇਸ ਤੋਂ ਬਾਅਦ ਉਨ੍ਹਾਂ ਕਦੇ ਪਿਛਾਂਹ ਮੁੜ ਕੇ ਨਹੀਂ ਵੇਖਿਆ।



**ਸਾਲ 2008 'ਚ ਹੋ ਗਿਆ ਸੀ ਦੇਹਾਂਤ**

ਫ਼ਾਕਿਰ ਸਾਹਿਬ ਦੇ ਲਿਖੇ ਗੀਤ ਤੇ ਗ਼ਜ਼ਲਾਂ ਲਗਪਗ ਸਾਰੇ ਹੀ ਚੋਟੀ ਦੇ ਗਾਇਕਾਂ ਅਤੇ ਮਸ਼ਹੂਰ ਪਿੱਠਵਰਤੀ ਗਾਇਕਾਂ ਨੇ ਗਾਈਆਂ। ਉਨ੍ਹਾਂ ਦੀਆਂ ਗ਼ਜ਼ਲਾਂ ਨੂੰ ਸਭ ਤੋਂ ਵੱਧ ਮਰਹੂਮ ਗਾਇਕ ਜਗਜੀਤ ਸਿੰਘ ਨੇ ਆਪਣੀ ਆਵਾਜ਼ ਨਾਲ ਸ਼ਿੰਗਾਰਿਆ। ਜ਼ਿੰਦਗੀ ਦੇ ਆਖ਼ਰੀ ਸਾਲ ਉਨ੍ਹਾਂ ਜਲੰਧਰ ਵਿੱਚ ਹੀ ਬਤੀਤ ਕੀਤੇ। ਕਦੀ-ਕਦੀ ਉਹ ਆਪਣੇ ਜੱਦੀ ਸ਼ਹਿਰ ਫਿਰੋਜ਼ਪੁਰ ਵੀ ਗੇੜਾ ਮਾਰਦੇ ਸਨ। ਸੁਦਰਸ਼ਨ ਫ਼ਾਕਿਰ 18 ਫਰਵਰੀ 2008 ਨੂੰ ਜਲੰਧਰ ਵਿਖੇ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦਾ ਪਰਿਵਾਰ ਅੱਜ-ਕੱਲ੍ਹ ਜਲੰਧਰ ਵਿੱਚ ਹੀ ਰਹਿ ਰਿਹਾ ਹੈ।

'ਤੁਮ ਸ਼ਹਿਰ-ਏ-ਮੁਹੱਬਤ ਕਹਿਤੇ ਹੋ...'

ਕੁਝ ਸਮਾਂ ਬੰਬਈ (ਹੁਣ ਮੁੰਬਈ) ਰਹਿ ਕੇ ਜਦੋਂ ਪੱਕੇ ਤੌਰ 'ਤੇ ਹੀ ਵਾਪਸ ਜਲੰਧਰ ਆ ਗਏ ਤਾਂ ਕਿਸੇ ਮਿੱਤਰ ਵੱਲੋਂ ਕਾਰਨ ਪੁੱਛੇ ਜਾਣ 'ਤੇ ਬੰਬਈ ਤੋਂ ਵਾਪਸੀ ਦੀ ਕਹਾਣੀ ਨੂੰ ਫ਼ਾਕਿਰ ਸਾਹਿਬ ਨੇ ਇਸ ਤਰ੍ਹਾਂ ਲਿਖਿਆ ਕਿ ਉਹ ਹਿੱਟ ਗ਼ਜ਼ਲ ਸਾਬਤ ਹੋਈ। ਸੁਦਰਸ਼ਨ ਦੇ ਮਿੱਤਰ ਨੇ ਜਦੋਂ ਬੰਬਈ ਨੂੰ ਖ਼ੂਬਸੂਰਤ ਸ਼ਹਿਰ ਦੱਸਦਿਆਂ ਤਾਰੀਫ਼ ਕੀਤੀ ਤਾਂ ਉਨ੍ਹਾਂ ਲਿਖਿਆ 'ਪੱਥਰ ਕੇ ਖ਼ੁਦਾ, ਪੱਥਰ ਕੇ ਸਨਮ, ਪੱਥਰ ਕੇ ਹੀ ਇਨਸਾਂ ਪਾਏ ਹੈਂ, ਤੁਮ ਸ਼ਹਿਰੇ ਮੁਹੱਬਤ ਕਹਿਤੇ ਹੋ, ਹਮ ਜਾਨ ਬਚਾਅ ਕੇ ਆਏ ਹੈਂ।'

**ਜੱਦੀ ਮਕਾਨ ਦੇ ਹੋ ਚੁੱਕੇ ਹਨ ਕਈ ਹਿੱਸੇ**

ਫ਼ਿਰੋਜ਼ਪੁਰ ਦੇ ਪੁਰਾਣਾ ਤਾਲਾਬ ਇਲਾਕਾ (ਗਿਆਨ ਵਾਟਿਕਾ ਦੇ ਸਾਹਮਣੇ) ਬਣੇ ਸੁਦਰਸ਼ਨ ਫਾਕਿਰ ਦੇ ਜੱਦੀ ਮਕਾਨ ਨੂੰ ਵੇਖਣ ਦੀ ਇੱਛਾ ਹੋਈ ਤਾਂ ਉਸ ਜਗ੍ਹਾ ਹੁਣ ਕਾਫੀ ਤਬਦੀਲੀ ਵੇਖਣ ਨੂੰ ਮਿਲੀ। ਉਨ੍ਹਾਂ ਦੇ ਪਰਿਵਾਰ ਨੇ ਮਕਾਨ ਨੂੰ ਬਹੁਤ ਸਾਲ ਪਹਿਲਾਂ ਹੀ ਵੇਚ ਦਿੱਤਾ ਸੀ। ਹੁਣ ਉਨ੍ਹਾਂ ਦੇ ਜੱਦੀ ਮਕਾਨ ਦੇ ਕਈ ਹਿੱਸੇ ਹੋ ਚੁੱਕੇ ਹਨ। ਉਨ੍ਹਾਂ ਦੇ ਮਕਾਨ ਦੇ ਇਕ ਹਿੱਸੇ ਵਿੱਚ ਸ਼ਹਿਰ ਦੇ ਮਸ਼ਹੂਰ ਡਾਕਟਰ ਰਹਿ ਰਹੇ ਹਨ ਤਾਂ ਇਕ ਹਿੱਸੇ ਵਿੱਚ ਬੱਚਿਆਂ ਦਾ ਸਕੂਲ ਚੱਲ ਰਿਹਾ ਹੈ ਪਰ ਕੁਝ ਲੋਕਾਂ ਦੇ ਚੇਤਿਆਂ ਦੀ ਚੰਗੇਰ ਵਿੱਚ ਸੁਦਰਸ਼ਨ ਤੇ ਉਸਦਾ ਇਹ ਇਲਾਕਾ ਅੱਜ ਵੀ ਵਸਿਆ ਹੋਇਆ ਹੈ।

## ਲੋਕ ਸਭਾ ਚੋਣ 2024

ਲੋਕ ਸਭਾ ਚੋਣਾਂ ਕਰਕੇ ਭਾਰਤ ਵਿੱਚ ਚੋਣ ਸਰਗਰਮੀਆਂ ਸਿਖਰਾਂ ’ਤੇ ਹਨ। ਇਹਨਾਂ ਚੋਣ ਸਰਗਰਮੀਆਂ ਤੇ ਆਉਣ ਵਾਲੇ ਦਿਨਾਂ ਦੌਰਾਨ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ। ਇਸ ਤਰਾਂ ਪੂਰਾ ਭਾਰਤ ਚੋਣਾਂ ਦੇ ਰੰਗ ਵਿੱਚ ਰੰਗਿਆ ਗਿਆ ਹੈ।

ਭਾਵੇਂ ਭਾਜਪਾ ਅਤੇ ਗੋਦੀ ਮੀਡੀਆ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹਨਾਂ ਚੋਣਾਂ ਵਿੱਚ ਭਾਜਪਾ ਆਧਾਰਿਤ ਐਨ.ਡੀ.ਏ. ਗਠਜੋੜ ਦੀ ਹੀ ਜਿੱਤ ਹੋਵੇਗੀ ਅਤੇ ਕੇਂਦਰ ਵਿੱਚ ਭਾਜਪਾ ਹੈਟ੍ਰਿਕ ਮਾਰੇਗੀ ਪਰ ਭਾਜਪਾ ਅਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਲਈ ਇਹ ਚੋਣ ਆਸਾਨ ਨਹੀਂ ਹੈ। ਪ੍ਰਧਾਨ ਮੰਤਰੀ ਮੋਦੀ ਭਾਵੇਂ ਚਾਰ ਸੌ ਸੀਟਾਂ ਜਿੱਤਣ ਦਾ ਦਾਅਵਾ ਵਾਰ ਕਰਨ ਪਰ ਉਹ ਜਾਣਦੇ ਹਨ ਕਿ ਇਹਨਾਂ ਚੋਣਾਂ ਦੌਰਾਨ ਨਫ਼ਰਤ ਦੀ ਹਵਾ ਨਹੀਂ ਵਗ ਰਹੀ ਅਤੇ ਹਿੰਦੂ-ਮੁਸਲਿਮ ਹੋਣ ਤੋਂ ਬਿਨਾਂ ਸਭ ਤੋਂ ਵੱਡੀ ਪਾਰਟੀ ਬਣਨਾ ਮੁਸ਼ਕਲ ਹੈ। ਉਨ੍ਹਾਂ ਨੂੰ 2004 ਦੀਆਂ ਚੋਣਾਂ ਯਾਦ ਹੋਣਗੀਆਂ।ਉਨ੍ਹਾਂ ਚੋਣਾਂ ਵਿੱਚ ਵਾਜਪਾਈ ਵਰਗੇ ਭਾਜਪਾ ਦੇ ਸਭ ਤੋਂ ਵੱਡੇ ਨੇਤਾ ਕਾਂਗਰਸ ਨੇ ਪਿੱਛੇ ਛੱਡ ਦਿੱਤੇ ਸਨ।

ਸਾਲ 2004 ਦੀਆਂ ਚੋਣਾਂ ਸਮੇਂ ਵੀ ਇਸ ਸਮੇਂ ਦੌਰਾਨ ਵਾਂਗ ਵੱਡੇ-ਵੱਡੇ ਨਾਅਰੇ ਲੱਗੇ ਸਨ। ਦੂਜੇ ਪਾਸੇ ਅੱਜ ਦੇ ਰਾਹੁਲ ਵਾਂਗ ਇਕੱਲੀ ਸੋਨੀਆ ਗਾਂਧੀ ਸੀ। ਉਸ ਸਮੇਂ ਭਾਜਪਾ ਵੱਲੋਂ ਇੰਡੀਆ ਸ਼ਾਈਨਿੰਗ ਦਾ ਨਾਅਰਾ ਦਿੱਤਾ ਗਿਆ ਸੀ। ਪਰ ਜਦੋਂ 13 ਮਈ 2004 ਨੂੰ ਨਤੀਜੇ ਆਏ ਤਾਂ ਕਾਂਗਰਸ ਸਭ ਤੋਂ ਵੱਡੀ ਪਾਰਟੀ ਸੀ। 145 ਸੀਟਾਂ ਨਾਲ ਅਤੇ ਉਸਦਾ ਗਠਜੋੜ 335 ਸੀਟਾਂ ਨਾਲ ਬਹੁਮਤ ਤੋਂ ਬਹੁਤ ਅੱਗੇ ਸੀ। ਭਾਜਪਾ ਨੂੰ ਸਿਰਫ਼ 138 ਸੀਟਾਂ ਮਿਲੀਆਂ ਸਨ।

ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਉਸ ਸਮੇਂ ਵੀ ਚੋਣਾਂ ਤੋਂ ਪਹਿਲਾਂ ਦੇ ਸਰਵੇਖਣਾਂ ਵਿੱਚ ਮੀਡੀਆ ਭਾਜਪਾ ਅਤੇ ਉਸ ਦੇ ਸਹਿਯੋਗੀ ਐਨ.ਡੀ.ਏ. ਨੂੰ ਭਾਰੀ ਬਹੁਮਤ ਦੇ ਰਿਹਾ ਸੀ।ਉਸ ਸਮੇਂ ਮੀਡੀਆ ਨੇ ਦਾਅਵਾ ਕੀਤਾ ਸੀ ਕਿ ਇਹਨਾਂ ਚੋਣਾਂ ਵਿੱਚ ਐਨ.ਡੀ.ਏ. ਨੂੰ 335 ਅਤੇ ਯੂ.ਪੀ.ਏ. ਨੂੰ 110 ਸੀਟਾਂ ਮਿਲਣਗੀਆਂ। ਜਦੋਂ ਨਤੀਜੇ ਆਏ ਤਾਂ ਐਨ.ਡੀ.ਏ. ਸਿਰਫ਼ 181 ਸੀਟਾਂ ’ਤੇ ਹੀ ਸਿਮਟ ਗਈ।

ਸ਼ਨੀਵਾਰ, 16 ਮਾਰਚ, 2024 ਨੂੰ ਲੋਕ ਸਭਾ ਚੋਣਾਂ ਦਾ ਐਲਾਨ ਹੋਣ ਤੋਂ ਇੱਕ ਦਿਨ ਪਹਿਲਾਂ ਮੀਡੀਆ ਭਾਜਪਾ ਅਤੇ ਐਨ.ਡੀ.ਏ. ਨੂੰ ਕਿੰਨੀਆਂ ਸੀਟਾਂ ਦਿਖਾ ਰਿਹਾ ਸੀ ? ਜਿੰਨਾ ਮੋਦੀ ਜੀ ਆਪ ਕਹਿ ਰਹੇ ਹਨ। ਚਾਰ ਸੌ! ਚਾਰ ਸੌ ਤੋਂ 2 ਸੀਟਾਂ ਘੱਟ! ਜਾਂ ਚਾਰ ਸੌ ਤੋਂ ਚਾਰ ਸੀਟਾਂ ਵੱਧ! ਭਾਵ ਚਾਰ ਸੌ ਦਾ ਅੰਕੜਾ ਜਨਤਾ ਦੇ ਮਨਾਂ ਵਿੱਚ ਭਰਨਾ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਅੱਜ ਦੀ ਸਥਿਤੀ 2004 ਨਾਲੋਂ ਕਿਵੇਂ ਵੱਖਰੀ ਹੈ ? ਅਸਲ ਵਿੱਚ ਲੋਕਾਂ ਦੀ ਹਾਲਤ 2004 ਤੋਂ ਵੀ ਬਦਤਰ ਹੈ। ਬੇਰੁਜ਼ਗਾਰੀ ਦੀ ਸਮੱਸਿਆ ਵਿਸਫੋਟਕ ਬਣ ਗਈ ਹੈ।ਕਾਂਗਰਸ ਦਾ ਦੋਸ਼ ਹੈ ਕਿ ਸਰਕਾਰੀ ਭਰਤੀ ਪੂਰੀ ਤਰ੍ਹਾਂ ਰੋਕ ਦਿੱਤੀ ਗਈ ਹੈ। ਕਾਂਗਰਸ ਕਹਿ ਰਹੀ ਹੈ ਕਿ 30 ਲੱਖ ਸਰਕਾਰੀ ਅਸਾਮੀਆਂ ਖਾਲੀ ਪਈਆਂ ਹਨ। ਇਨ੍ਹਾਂ ’ਚੋਂ ਕਰੀਬ 8 ਲੱਖ ਰਾਖਵੀਆਂ ਸੀਟਾਂ ਹਨ। ਭਾਵ, ਦਲਿਤ ਆਦਿਵਾਸੀ ਪਛੜੀਆਂ ਸ਼੍ਰੇਣੀਆਂ, ਜਿਨ੍ਹਾਂ ਦੀ ਰੋਜ਼ੀ-ਰੋਟੀ ਦਾ ਮੁੱਖ ਆਧਾਰ ਸਰਕਾਰੀ ਨੌਕਰੀਆਂ ਸਨ, ਉਨ੍ਹਾਂ ਨੂੰ ਵਾਂਝੇ ਰੱਖਿਆ ਗਿਆ।ਕਾਂਗਰਸ ਦਾਅਵਾ ਕਰ ਰਹੀ ਹੈ ਕਿ ਭਾਰਤ ਦੇ ਵੱਡੀ ਗਿਣਤੀ ਵਰਗ ਕੇਂਦਰ ਦੀ ਮੋਦੀ ਸਰਕਾਰ ਤੋਂ ਨਾਰਾਜ਼ ਹਨ, ਜਿਸ ਦਾ ਫ਼ਾਇਦਾ ਕਾਂਗਰਸ ਅਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਨੂੰ ਚੋਣਾਂ ਵਿਚ ਮਿਲੇਗਾ। ਦੂਜੇ ਪਾਸੇ ਭਾਜਪਾ ਅਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਦਾਅਵਾ ਕਰ ਰਹੀਆਂ ਹਨ ਕਿ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਅਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਹੀ ਜਿੱਤਣਗੀਆਂ। ਇਸ ਤਰਾਂ ਦੋਵਾਂ ਮੁੱਖ ਪਾਰਟੀਆਂ ਵੱਲੋਂ ਵੱਖ ਵੱਖ ਦਾਅਵੇ ਕੀਤੇ ਜਾ ਰਹੇ ਹਨ, ਜਿਸ ਤੋਂ ਅਹਿਸਾਸ ਹੁੰਦਾ ਹੈ ਕਿ ਇਹਨਾਂ ਚੋਣਾਂ ਦੌਰਾਨ ਵੱਡੀ ਗਿਣਤੀ ਸੀਟਾਂ ਤੇ ਗਹਿਗੱਚ ਮੁਕਾਬਲੇ ਹੋਣਗੇ।

****

## ਜਸ਼ਨਪ੍ਰੀਤ ਨੇ ਯੂਨੀਵਰਸਿਟੀ ਆਫ਼ ਵਿਨੀਪੈਗ

ਵਿਦਿਆਰਥੀ ਚੋਣਾਂ ਵਿੱਚ ਜਿੱਤ ਪ੍ਰਾਪਤ ਕਰ ਕੇ ਜਸ਼ਨਪ੍ਰੀਤ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਬਣਿਆ ਹੈ। ਉਨ੍ਹਾਂ ਵਿਦੇਸ਼ ਵਿੱਚ ਪੜ੍ਹ ਰਹੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਜਸ਼ਨਪ੍ਰੀਤ ਤੋਂ ਪ੍ਰੇਰਨਾ ਲੈਂਦੇ ਹੋਏ ਪੰਜਾਬ, ਆਪਣੇ-ਆਪਣੇ ਸ਼ਹਿਰ ਅਤੇ ਮਾਂ-ਬਾਪ ਦਾ ਨਾਂ ਰੋਸ਼ਨ ਕਰਨ।

***

## ਲਦਾਖ ਨੂੰ ਪੂਰਨ ਰਾਜ ਦਾ ਦਰਜਾ

ਪਿਛਲੇ ਸਾਲ 4 ਦਸੰਬਰ ਨੂੰ ਸ਼ੁਰੂ ਹੋਈ ਸੀ। ਦੂਜੇ ਦੌਰ ਦੀ ਗੱਲਬਾਤ 19 ਫਰਵਰੀ ਨੂੰ ਹੋਈ ਸੀ ਅਤੇ 15 ਮੈਂਬਰੀ ਕਮੇਟੀ ਵਿੱਚ ਸਰਕਾਰ ਦੇ ਅੱਠ ਨੁਮਾਇੰਦੇ ਸ਼ਾਮਲ ਸਨ।

**ਲਦਾਖ ਸੰਗਠਨਾਂ ਨੇ ਬਣਾਈ ਸੀ ਸਬ-ਕਮੇਟੀ**

ਇਸ ਤੋਂ ਬਾਅਦ ਲਦਾਖ ਦੀਆਂ ਜਥੇਬੰਦੀਆਂ ਨੇ 24 ਫਰਵਰੀ ਨੂੰ ਗੱਲਬਾਤ ਲਈ ਆਪਣੀ ਸਬ-ਕਮੇਟੀ ਬਣਾਈ ਸੀ। 4 ਮਾਰਚ ਨੂੰ, ਸਬ-ਕਮੇਟੀ ਨੇ ਗ੍ਰਹਿ ਮੰਤਰਾਲੇ ਅਤੇ ਗ੍ਰਹਿ ਮੰਤਰੀ ਨਾਲ ਮੀਟਿੰਗ ਕਰਨ ਤੋਂ ਬਾਅਦ ਘੋਸ਼ਣਾ ਕੀਤੀ ਕਿ ਗੱਲਬਾਤ ਬੇਸਿੱਟਾ ਰਹੀ ਹੈ ਅਤੇ ਲਦਾਖ ਵਾਪਸ ਜਾਣ ਲਈ ਤਿਆਰ ਹੈ। ਹੁਣ ਤੱਕ ਚਾਰ ਦੌਰ ਦੀ ਗੱਲਬਾਤ ਹੋ ਚੁੱਕੀ ਹੈ।

***

## ਅਮਰੀਕਾ ’ਚ ਫ਼ਿਰਕੂ ਹਿੰਦੂ ਧੜੇ ਖ਼ਿਲਾਫ਼ ਕਾਰਵਾਈ

ਕਿਉਂਕਿ ਇਸ ਦੇਸ਼ ਵਿੱਚ ਨਫ਼ਰਤ ਲਈ ਕੋਈ ਥਾਂ ਨਹੀਂ ਹੈ। ਥਾਨੇਦਾਰ ਨੇ ਇਹ ਗੱਲ ਹਿੰਦੂ ਭਾਈਚਾਰੇ ਵਿਰੁੱਧ ਵੱਧ ਰਹੇ ਨਫ਼ਰਤੀ ਅਪਰਾਧਾਂ ਵਿਰੁੱਧ ਲੜਨ ਦੀ ਮੰਗ ਕਰ ਰਹੇ ਹਿੰਦੂ ਆਗੂਆਂ ਅਤੇ ਜਥੇਬੰਦੀਆਂ ਦੇ ਸਮੂਹ ਵਿੱਚ ਸ਼ਾਮਲ ਹੋਣ ਮੌਕੇ ਕਹੀ। ਵੱਖ-ਵੱਖ ਭਾਰਤੀ-ਅਮਰੀਕੀ ਸਮੂਹਾਂ ਦੇ ਨੁਮਾਇੰਦਿਆਂ ਨੇ ਬੀਤੇ ਦਿਨੀਂ ਅਮਰੀਕਾ ਦੀ ਰਾਜਧਾਨੀ ’ਚ ਹਿੰਦੂ ਐਕਸ਼ਨ ਨਾਂ ਦੀ ਸੰਸਥਾ ਦੁਆਰਾ ਆਯੋਜਿਤ ਮੀਟਿੰਗ ਦੌਰਾਨ ਮੁਲਾਕਾਤ ਕੀਤੀ।

ਥਾਨੇਦਾਰ ਨੇ ਕਿਹਾ ਕਿ ਅਸੀਂ ਅਮਰੀਕਾ ਵਿੱਚ ਬਹੁਤ ਸਾਰਾ ‘ਹਿੰਦੂ ਫ਼ੋਬੀਆ’ (ਹਿੰਦੂਆਂ ਬਾਰੇ ਅਸੁਰੱਖਿਆ ਦੀ ਭਾਵਨਾ) ਦੇਖਦੇ ਹਾਂ। ਅਸੀਂ ਕੈਲੀਫ਼ੋਰਨੀਆ ਐੱਸਬੀ403 (ਨਸਲੀ ਵਿਤਕਰੇ ’ਤੇ ਪਾਬੰਦੀ ਲਗਾਉਣ ਲਈ ਇੱਕ ਬਿੱਲ) ਦੇਖਿਆ ਹੈ, ਅਤੇ ਇਹ ਸਿਰਫ਼ ਸ਼ੁਰੂਆਤ ਹੈ। ਸਾਡੇ ਮੰਦਰਾਂ ’ਤੇ ਹਮਲੇ ਅਤੇ ਦੁਨੀਆਂ ਭਰ ਦੇ ਹਿੰਦੂਆਂ ’ਤੇ ਹਮਲੇ। ਇਹ ਇੱਕ ਕਾਰਨ ਹੈ ਕਿ ਮੈਂ ਹਿੰਦੂ ਕਾਕਸ ਬਣਾਉਣ ਦਾ ਫ਼ੈਸਲਾ ਕੀਤਾ ਹੈ। ਡੈਮੋਕ੍ਰੇਟਿਕ ਪਾਰਟੀ ਦੇ ਮੈਂਬਰ ਥਾਨੇਦਾਰ ਨੇ ਕਿਹਾ, ਅਮਰੀਕੀ ਕਾਂਗਰਸ ਵਿੱਚ ਪਹਿਲੀ ਵਾਰ ਸਾਡੇ ਕੋਲ ਹਿੰਦੂ ਕਾਕਸ ਹੈ। ਅਸੀਂ ਇਹ ਸੁਨਿਸ਼ਚਿਤ ਕਰਨ ਲਈ ਕਈ ਪਹਿਲਕਦਮੀਆਂ ਕਰ ਰਹੇ ਹਾਂ ਕਿ ਲੋਕਾਂ ਨੂੰ ਆਪਣੇ ਧਰਮ ਦਾ ਅਭਿਆਸ ਕਰਨ ਦੀ ਧਾਰਮਿਕ ਆਜ਼ਾਦੀ ਹੋਵੇ। ਹੈਰਾਨੀ ਦੀ ਗਲ ਇਹ ਹੈ ਕਿ ਮੰਦਰਾਂ ਦੇ ਹਮਲੇ ਵਿੱਚ ਕੋਈ ਦੋਸ਼ੀ ਸਾਬਿਤ ਨਹੀਂ ਹੋਇਆ। ਸਾਰੇ ਦੋਸ਼ੀ ਤਕਰੀਬਨ ਕੈਨੇਡਾ, ਆਸਟਰੇਲੀਆ ਵਿੱਚ ਕੱਟੜ ਹਿੰਦੂ ਭਾਈ ਚਾਰੇ ਦੇ ਲੋਕ ਫ਼ੜੇ ਗਏ ਹਨ।

**ਰਾਮ ਮੰਦਰ ਉਦਘਾਟਨ ਤੋਂ ਬਾਅਦ ਸੰਘ-ਹਿੰਦੂ ਸੰਗਠਨਾਂ ਦੇ ਫ਼ਿਰਕੂ ਹੱਲੇ ਤੇਜ਼**

22 ਜਨਵਰੀ ਨੂੰ ਰਾਮ ਮੰਦਿਰ ਦੇ ਉਦਘਾਟਨ ਤੋਂ ਬਾਅਦ ‘ਅਯੋਧਿਆ ਅਭੀ ਝਾਕੀ ਹੈ, ਕਾਸ਼ੀ ਮਥੁਰਾ ਬਾਕੀ ਹੈ ’ ਦੇ ਫ਼ਿਰਕੂ ਨਾਅਰੇ ਹੋਰ ਬੁਲੰਦ ਹੋਣ ਲੱਗੇ ਹਨ। 7 ਫ਼ਰਵਰੀ, 2023 ਨੂੰ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਯੂਪੀ ਅਸੈਂਬਲੀ ਵਿੱਚ ਮਹਾਂਭਾਰਤ ਦੇ ਕੁਥਾਵੇਂ ਹਵਾਲੇ ਦੇ ਕੇ ਇਸ਼ਾਰਾ ਕਰ ਦਿੱਤਾ ਸੀ ਕਿ ਸੰਘੀਆਂ ਦਾ ਅਗਲਾ ਨਿਸ਼ਾਨਾ ਹੁਣ ਕਾਸ਼ੀ ਵਿਚਲੀ ਗਿਆਨਵਾਪੀ ਮਸੀਤ ਤੇ ਮਥੁਰਾ ਵਿਚਲੀ ਸ਼ਾਹੀ ਈਦਗਾਹ ਮਸੀਤ ਹੈ।

ਪਿਛਲੇ ਸਾਲ ਗਿਆਨਵਾਪੀ ਮਸੀਤ ਦਾ ਨਿਰੀਖਣ ਕਰਨ ਦਾ ਹੁਕਮ ਅਦਾਲਤ ਵੱਲੋਂ ‘ਭਾਰਤ ਦੇ ਪੁਰਾਤੱਤ ਸਰਵੇਖਣ’ ਵਿਭਾਗ ਨੂੰ ਦਿੱਤਾ ਗਿਆ ਸੀ, ਜਿਸ ਨੇ 25 ਜਨਵਰੀ ਨੂੰ ਆਪਣੀ ਰਿਪੋਰਟ ਅਦਾਲਤ ਨੂੰ ਸੌਂਪੀ ਤੇ ਜਿਸ ਵਿੱਚ ਇਹ ਨਤੀਜਾ ਕੱਢਿਆ ਗਿਆ ਕਿ ਮਸੀਤ ਦੇ ਬਣਨ ਤੋਂ ਪਹਿਲਾਂ ਹੇਠਾਂ ਹਿੰਦੂ ਮੰਦਰ ਮੌਜੂਦ ਸੀ। ਜਾਣੀ ‘ਭਾਰਤ ਦੇ ਪੁਰਾਤੱਤ ਸਰਵੇਖਣ’ ਨੂੰ ਵਿੱਚ ਪਾ ਕੇ ਹੁਣ ਭਾਜਪਾ-ਆਰ.ਐਸ.ਐਸ. ਆਪਣੀ ਅਗਲੀ ਫ਼ਿਰਕੂ ਕਾਰਵਾਈ ਨੂੰ ਇਤਿਹਾਸਕ ਆਧਾਰ ਦੇਣਾ ਚਾਹੁੰਦੀ ਹੈ। ਸੰਘੀ ਹਾਕਮਾਂ ਵੱਲੋਂ ਮੰਦਰ-ਮਸੀਤ ਦੇ ਰੌਲ਼ੇ ਵਿੱਚ ਆਪਣੀ ਫ਼ਿਰਕੂ ਮੁਹਿੰਮ ਨੂੰ ਜਾਇਜ ਠਹਿਰਾਉਣ ਲਈ ਬਹਿਸ ਦਾ ਕੁੱਲ ਮੁੱਦਾ ਇਹ ਬਣਾ ਦਿੱਤਾ ਗਿਆ ਹੈ ਕਿ ਕੀ ਫ਼ਲਾਣੀ-ਫ਼ਲਾਣੀ ਮਸੀਤ ਹੇਠਾਂ ਮੰਦਰ ਮੌਜੂਦ ਸੀ ਜਾਂ ਨਹੀਂ ? ਜੇ ਇਸ ਕੁੱਢਰ ਤਰਕ ਦੇ ਹਿਸਾਬ ਨਾਲ਼ ਚੱਲਿਆ ਜਾਵੇ ਤਾਂ ਭਾਰਤ ਅੰਦਰ ਮੌਜੂਦ ਅਨੇਕਾਂ ਮੰਦਰਾਂ ਹੇਠਾਂ ਪਹਿਲਾਂ ਬੋਧ ਮੰਦਰ ਮੌਜੂਦ ਸਨ। ਭਾਰਤ ਦੇ ਪੁਰਾਤਨ ਤੇ ਮੱਧਕਾਲੀ ਇਤਿਹਾਸ ਦੇ ਸਿਰਕੱਢ ਵਿਦਵਾਨ ਇਤਿਹਾਸਕਾਰ ਡੀ.ਐੱਨ.ਝਾਅ ਨੇ ਪੁਰਾਲੇਖਾਂ, ਪੁਰਾਣੇ ਯਾਤਰੂਆਂ ਦੇ ਹਵਾਲਿਆਂ ਤੇ ਹੋਰ ਪੁਰਾਤਨ ਲਿਖਤਾਂ ਦੇ ਹਵਾਲੇ ਨਾਲ਼ ਦਰਸਾਇਆ ਹੈ ਕਿ ਪੁਰਾਤਨ ਭਾਰਤ ਵਿੱਚ ਸੈਂਕੜਿਆਂ ਤੋਂ ਲੈ ਕੇ ਹਜਾਰਾਂ ਬੋਧ ਮੰਦਰਾਂ ਤੇ ਧਾਰਮਿਕ ਸਥਾਨਾਂ ਨੂੰ ਢਾਹਿਆ ਗਿਆ ਤੇ ਕਈਆਂ ਉੱਪਰ ਅਜੋਕੇ ਮੰਦਰ ਬਣਾਏ ਗਏ। ਪਰ ਕੀ ਇਸਦਾ ਮਤਲਬ ਇਹ ਹੈ ਕਿ ਹੁਣ ਅਸੀਂ ਇਹਨਾਂ ਸਭਨਾਂ ਨੂੰ ਢਾਹੁੰਦੇ ਤੁਰੇ ਜਾਈਏ ਤੇ ਨਵੇਂ ਸਿਰਿਓਂ ਮੰਦਰ ਉਸਾਰਨ ਲੱਗ ਪਈਏ ? ਕੋਈ ਵੀ ਸਮਝਦਾਰ ਵਿਅਕਤੀ ਅੱਜ ਅਜਿਹੀ ਬਦਅਕਲ ਰਾਏ ਨਹੀਂ ਦੇਵੇਗਾ। ਪਰ ਭਾਜਪਾ-ਰਸਸ ਦੇ ਫ਼ਿਰਕੂ ਲੋਕਾਂ ਨੇ, ਜਿਹਨਾਂ ਦਾ ਇੱਕੋ-ਇੱਕ ਮਕਸਦ ਲੋਕਾਂ ਵਿੱਚ ਧਾਰਮਿਕ ਵੰਡੀਆਂ ਵਧਾਕੇ ਆਪਣੀ ਕੁਰਸੀ ਬਚਾਈ ਰੱਖਣਾ ਤੇ ਆਪਣੇ ਸਰਮਾਏਦਾਰ ਹਾਕਮਾਂ ਦੀ ਸੇਵਾ ਕਰਦੇ ਰਹਿਣਾ ਹੈ, ਹੁਣ ਅਜਿਹਾ ਹੀ ਪ੍ਰਚਾਰ ਤੇਜ ਕਰ ਦਿੱਤਾ ਹੈ ਕਿ ਕਾਸ਼ੀ ਅਤੇ ਮਥੁਰਾ ਸਥਿਤ ਮਸੀਤਾਂ ਢਾਹਕੇ ਓਥੇ ਮੁੜ ਮੰਦਰ ਕਾਇਮ ਕੀਤਾ ਜਾਵੇ। ਭਾਰਤੀ ਸੰਵਿਧਾਨ ਦਾ ਆਪਣਾ ਕਾਨੂੰਨ ‘ਪੂਜਾ ਸਥਾਨ ਕਾਨੂੰਨ 1991’ ਇਹ ਕਹਿੰਦਾ ਹੈ ਕਿ ਭਾਰਤ ਵਿਚਲੇ ਧਾਰਮਿਕ ਅਸਥਾਨਾਂ ਦੇ ਦਰਜੇ ਨੂੰ ਉਸੇ ਹਾਲਤ ਵਿੱਚ ਕਾਇਮ ਰੱਖਿਆ ਜਾਵੇਗਾ ਜਿਸ ਹਾਲਤ ਵਿੱਚ ਉਹ 15 ਅਗਸਤ 1947 ਦੇ ਦਿਨ ਸਨ, ਜਾਣੀ ਕਿਸੇ ਵੀ ਧਾਰਮਿਕ ਅਸਥਾਨ ਨੂੰ ਢਾਹ ਕੇ ਉਸ ਉੱਪਰ ਕੋਈ ਹੋਰ ਦਾਅਵਾ ਨਹੀਂ ਕੀਤਾ ਜਾਵੇਗਾ। ਕਨੂੰਨ ਮੁਤਾਬਕ ਤਾਂ ਇਸ ਧਾਰਾ ਦੀ ਉਲੰਘਣਾ ਦੀ ਸਜਾ ਤਿੰਨ ਸਾਲ ਅਤੇ ਜੁਰਮਾਨਾ ਹੈ ਤੇ ਇਹ ਸਾਫ਼ ਲਿਖਿਆ ਹੈ ਕਿ ਇਹ ਕਾਨੂੰਨ ਭਾਰਤੀ ਪ੍ਰਸ਼ਾਸਨ ਦੇ ਹਰ ਪੱਧਰ ਦੇ ਅਧਿਕਾਰੀ ਉੱਤੇ ਵੀ ਲਾਗੂ ਹੋਵੇਗਾ। ਪਰ ਅੱਜ ਇਹ ਸਾਰਾ ਕਨੂੰਨ ਭਾਜਪਾ-ਰਸਸ ਅੱਗੇ ਬੀਨ ਵਜਾਉਂਦਾ ਨਜਰ ਆਉਂਦਾ ਹੈ। ਇਸੇ ਕਨੂੰਨ ਮੁਤਾਬਕ ਚੱਲਿਆ ਜਾਵੇ ਤਾਂ ਅਦਾਲਤ ਵੱਲੋਂ ‘ਭਾਰਤ ਦੇ ਪੁਰਾਤੱਤ ਸਰਵੇਖਣ’ ਮਹਿਕਮੇ ਕੋਲ਼ੋਂ ਗਿਆਨਵਾਪੀ ਮਸੀਤ ਦੀ ਖੁਦਾਈ ਕਰਵਾਉਣਾ ਵੀ ਗਲਤ ਸੀ। ਪਰ ਅਸੀਂ ਸਾਫ਼ ਦੇਖ ਸਕਦੇ ਹਾਂ ਕਿ ਗਿਆਨਵਾਪੀ ਮਸੀਤ ਦੇ ਇੱਕ ਹਿੱਸੇ ਦੀ ਖੁਦਾਈ ਲਈ ਅਦਾਲਤ ਵੱਲੋਂ ਪ੍ਰਵਾਨਗੀ ਦੇਣ ਦਾ ਅਸਲ ਮਕਸਦ ਬਾਬਰੀ ਮਸੀਤ-ਰਾਮ ਮੰਦਰ ਵਾਂਗੂੰ ਇੱਕ ਹੋਰ ਨਵਾਂ ਵਿਵਾਦ ਖੜ੍ਹਾ ਕਰਨਾ ਹੈ।

ਅਸਲ ਗੱਲ ਇਹ ਹੈ ਕਿ ਆਰ.ਐਸ.ਐਸ.-ਭਾਜਪਾ ਹੇਠ ਭਾਰਤੀ ਸੱਤਾ, ਅੱਜ ਮੁਸਲਮਾਨਾਂ, ਈਸਾਈਆਂ, ਸਿੱਖਾਂ ਨੂੰ ਦੋਮ ਦਰਜੇ ਦੇ ਨਾਗਰਿਕ ਬਣਾਉਣ ’ਤੇ ਤੁਲੀ ਹੋਈ ਹੈ ਅਤੇ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਦਰੜਨ ਤੇ ਉਨ੍ਹਾਂ ਦੇ ਧਾਰਮਿਕ ਅਸਥਾਨਾਂ ਨੂੰ ਨੁਕਸਾਨ ਪਹੁੰਚਾਉਣ ਦੇ ਏਜੰਡੇ ’ਤੇ ਚੱਲ ਰਹੀ ਹੈ।

ਮੁਸਲਮਾਨਾਂ ਨਾਲ਼ ਸਬੰਧਿਤ ਇਮਾਰਤਾਂ ਢਾਹੁਣ ਦਾ ਵਰਤਾਰਾ ਐਨਾ ਵਧ ਗਿਆ ਹੈ ਕਿ ਸੰਘੀ ਲਾਣਾ ਬੜੀ ਬੇਸ਼ਰਮੀ ਨਾਲ਼ ਜੇਸੀਬੀ ਨੂੰ ‘ਜਿਹਾਦੀ ਕੰਟਰੋਲ ਬੋਰਡ’ ਦੱਸਦਾ ਹੈ। ਮੁੰਬਈ ਪ੍ਰਸ਼ਾਸਨ ਵੱਲੋਂ ਪਿੱਛੇ ਜਿਹੇ ਹੀ ਮੁੰਬਈ ਦੇ ਪੰਚਸੀਲ ਨਗਰ ਵਿੱਚ ਲੋਕਾਂ ਦੇ ਘਰਾਂ ’ਤੇ ਬੁਲਡੋਜਰ ਚਲਾ ਦਿੱਤੇ ਗਏ ਸਨ। ਇਹਨਾਂ ਘਰਾਂ ਵਿੱਚ ਰਹਿਣ ਵਾਲ਼ੇ ਜਿਆਦਾਤਰ ਲੋਕ ਬੋਧੀ, ਮੁਸਲਿਮ ਅਤੇ ਦਲਿਤ ਸਨ। ਇਹ ਅਕਸਰ ਗੈਰ-ਕਨੂੰਨੀ ਉਸਾਰੀ ਦੇ ਨਾਮ ਹੇਠ ਕੀਤਾ ਗਿਆ, ਪਰ ਨਿਸ਼ਾਨੇ ’ਤੇ ਹਮੇਸ਼ਾਂ ਮੁਸਲਿਮ ਇਲਾਕੇ ਅਤੇ ਇਮਾਰਤਾਂ ਰਹੀਆਂ। ਇੱਥੋਂ ਤੱਕ ਕਿ ਨਾਲ਼ ਲੱਗਦੀਆਂ ਹਿੰਦੂਆਂ ਦੀਆਂ ਇਮਾਰਤਾਂ ਨੂੰ ਹੱਥ ਤੱਕ ਨਹੀਂ ਲਾਇਆ ਗਿਆ। ਸਾਲ 2023 ਵਿੱਚ ਹੀ ਸਿਰਫ਼ 90 ਦਿਨਾਂ ਦੇ ਅੰਦਰ ਹੀ 300 ਧਾਰਮਿਕ ਸਥਾਨ ਢਾਹ ਦਿੱਤੇ ਗਏ ਹਨ, ਦੱਸਣ ਦੀ ਲੋੜ ਨਹੀਂ ਕਿ ਇਹ ਕਿਹੜੇ ਧਰਮ ਦੇ ਸਨ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949



## ਮੰਦੀ ਵੱਲ ਹੈ ਗਲੋਬਲ ਆਰਥਿਕਤਾ ਦਾ ਰੁਝਾਨ

ਇਨ੍ਹਾਂ ਬੁਰੇ ਪ੍ਰਭਾਵਾਂ ਨੂੰ ਠੀਕ ਕਰਨ ਵਾਸਤੇ ਜ਼ਰੂਰੀ ਹੈ ਕਿ ਦੇਸ਼ ਦੀਆਂ ਕਾਰਪੋਰੇਟ ਪੱਖੀ ਆਰਥਿਕ ਨੀਤੀਆਂ ਲੋਕ ਪੱਖੀ ਬਣਾਈਆਂ ਜਾਣ। ਸੰਸਾਰ ਬੈਂਕ ਨੇ ਪਬਲਿਕ/ਸਰਕਾਰੀ ਪੂੰਜੀ ਨਿਵੇਸ਼ ਵਧਾਉਣ ਦੀ ਸਿਫਾਰਸ਼ ਕੀਤੀ ਹੈ। ਇਸ ਨਾਲ ਪ੍ਰਾਈਵੇਟ ਕੰਪਨੀਆਂ ਵੱਲੋਂ ਪੂੰਜੀ ਨਿਵੇਸ਼ ਨੂੰ ਉਤਸ਼ਾਹ ਮਿਲ ਸਕਦਾ ਹੈ। ਇਸ ਤੋਂ ਇਲਾਵਾ ਛੋਟੀਆਂ ਇਕਾਈਆਂ ਨੂੰ ਖਾਸ ਰਿਆਇਤਾਂ ਅਤੇ ਸਸਤੇ ਕਰਜ਼ੇ ਮੁਹੱਈਆ ਕਰਵਾਏ ਜਾਣ। ਭਾਰਤ ਦੇ ਖੇਤੀ ਸੈਕਟਰ ਵਿੱਚ ਦੇਸ਼ ਦਾ 44-45% ਰੁਜ਼ਗਾਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਰੂਪ ਵਿੱਚ ਹੈ। ਇਸ ਸੈਕਟਰ ਦੇ ਸੰਕਟ ਨੂੰ ਦੂਰ ਕਰਨ ਦੇ ਖਾਸ ਪ੍ਰੋਗਰਾਮ ਉਲੀਕੇ ਜਾਣ। ਬੇਰੁਜ਼ਗਾਰੀ ਦੂਰ ਕਰਨ ਲਈ ਰੁਜ਼ਗਾਰ ਨੀਤੀ ਬਣਾ ਕੇ ਯੋਗ ਕਾਰਵਾਈ ਕੀਤੀ ਜਾਵੇ। ਨੌਜਵਾਨਾਂ ਦੇ ਰੁਜ਼ਗਾਰ ਦੇ ਮਿਆਰ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ। ਅਜਿਹੀ ਨੀਤੀ ਮਾੜੇ ਗਲੋਬਲੀ ਆਰਥਿਕ ਪ੍ਰਭਾਵ ਕਾਫ਼ੀ ਹੱਦ ਤੱਕ ਰੋਕ ਸਕਦੀ ਹੈ।

***

## ਸਿੱਖ ਪੰਥ ਦੇ ਪ੍ਰਸਾਰ ਵਿੱਚ ਮਾਵਾਂ

ਉਹ ਮਾਂ ਦੇ ਚਰਨਾਂ 'ਤੇ ਡਿੱਗ ਕੇ ਭੁੱਬੀਂ-ਭੁੱਬੀਂ ਰੋਣ ਲੱਗਾ ਤੇ ਬੋਲਿਆ, ਮਾਂ! ਮੈਂ ਤੇਰੀ ਉਜੜੀ ਦੁਨੀਆ ਫਿਰ ਨਹੀਂ ਵਸਾ ਸਕਦਾ। ਤੇਰਾ ਗੁਆਚਿਆ ਰਾਜ-ਭਾਗ ਫਿਰ ਨਹੀਂ ਕਾਇਮ ਕਰ ਸਕਦਾ, ਪਰ ਤੇਰੀ ਕੁੱਲ ਵਿਚੋਂ ਗਈ ਸਿੱਖੀ ਮੁੜ ਪਰਤਾ ਲਿਆਵਾਂਗਾ। ਮਹਾਰਾਣੀ ਜਿੰਦਾਂ ਨੇ ਉਸ ਸਮੇਂ ਤੱਕ ਸੁੱਖ ਦਾ ਸਾਹ ਨਹੀਂ ਲਿਆ ਜਦੋਂ ਤੱਕ ਮਹਾਰਾਜਾ ਦਲੀਪ ਸਿੰਘ ਮੁੜ ਸਿੱਖ ਸਰੂਪ 'ਚ ਨਹੀਂ ਆ ਗਿਆ। ਇਤਿਹਾਸਕਾਰ ਡਾਕਟਰ ਗੰਡਾ ਸਿੰਘ ਲਿਖਦੇ ਹਨ ਕਿ, ਮਹਾਰਾਜਾ ਦਲੀਪ ਸਿੰਘ ਨੇ 26 ਮਈ, 1886 ਈਸਵੀ ਦੇ ਦਿਨ ਅਦਨ ਦੇ ਇਕ ਗੁਰਦੁਆਰੇ ਵਿੱਚ ਅੰਮ੍ਰਿਤ ਛਕ ਲਿਆ ਅਤੇ ਇਸ ਤਰ੍ਹਾਂ ਉਹ ਆਪਣੀ ਮਾਂ ਦੀ ਹੀ ਪ੍ਰੇਰਨਾ ਅਤੇ ਸ਼ਖ਼ਸੀਅਤ ਦੇ ਪ੍ਰਭਾਵ ਕਾਰਨ ਕੈਥੋਲਿਕ ਈਸਾਈ ਤੋਂ ਮੁੜ ਸਿੰਘ ਸਜ ਗਿਆ ਪੰਜਾਬੀ ਦੇ ਅਲਬੇਲੇ ਕਵੀ ਪ੍ਰੋ. ਪੂਰਨ ਸਿੰਘ ਪੰਜਾਬੀ ਮਾਂ ਦਾ ਸ਼ਬਦ-ਚਿੱਤਰ ਖਿੱਚਦਿਆਂ ਲਿਖਦੇ ਹਨ, ਸਾਡੀਆਂ ਮਾਵਾਂ ਦੁੱਧ ਵਿੱਚ ਮਧਾਣੀਆਂ ਪਾਉਂਦੀਆਂ ਗੁਰਬਾਣੀ ਗਾਉਂਦੀਆਂ ਸਨ। ਬੱਚਾ ਜਦੋਂ ਸੁੱਤਾ ਉਠਦਾ ਸੀ ਤਾਂ ਉਸ ਦੇ ਕੰਨੀਂ ਪਹਿਲੀ ਆਵਾਜ਼ ਗੁਰਬਾਣੀ ਦੀ ਕੋਈ ਤੁਕ ਦੀ ਪੈਂਦੀ ਸੀ। ਅਜੋਕੀਆਂ ਸਿੱਖ ਮਾਵਾਂ ਨੂੰ ਸਿੱਖ ਇਤਿਹਾਸ 'ਚ ਮਾਵਾਂ ਵੱਲੋਂ ਨਿਭਾਈ ਅਦੁੱਤੀ ਭੂਮਿਕਾ ਨੂੰ ਸਾਹਮਣੇ ਰੱਖਦਿਆਂ ਆਪਾ-ਪੜਚੋਲ ਕਰਨ ਦੀ ਲੋੜ ਹੈ ਤਾਂ ਜੋ ਸਿੱਖ ਨੌਜਵਾਨੀ ਅੰਦਰ ਆਏ ਪਤਿਤਪੁਣਾ, ਨਸ਼ਾਖੋਰੀ, ਇਖਲਾਕਹੀਣਤਾ ਅਤੇ ਧਰਮ ਤੋਂ ਬੇਮੁਖਤਾਈ ਵਰਗੇ ਔਗੁਣਾਂ ਨੂੰ ਖ਼ਤਮ ਕਰਕੇ ਨਵੀਂ ਪੀੜ੍ਹੀ ਨੂੰ ਕੌਮ ਦੇ ਰੌਸ਼ਨ ਭਵਿੱਖ ਦੇ ਵਾਰਿਸ ਬਣਾਇਆ ਜਾ ਸਕੇ।

***

## ਪ੍ਰਵਾਸ ਤੇ ਰੁਜ਼ਗਾਰ ਸਬੰਧੀ

ਇੰਝ ਪੰਜਾਬੀ ਸੰਸਾਰ ਪੱਧਰ ਦੇ ਸਾਇੰਸਦਾਨ ਬਣੇ। ਉਨ੍ਹਾਂ ਵਿਚੋਂ ਬਹੁਤਿਆਂ ਨੇ ਅੰਤਰ-ਰਾਸ਼ਟਰੀ ਖੋਜ ਕੇਂਦਰਾਂ, ਵਰਲਡ ਬੈਂਕ ਤੇ ਵਰਲਡ ਹੈਲਥ ਆਰਗਨਾਈਜ਼ੇਸ਼ਨ ਜਿਹੇ ਅੰਤਰ-ਰਾਸ਼ਟਰੀ ਅਦਾਰਿਆਂ ਵਿਚ ਨਾਮਣਾ ਖੱਟਿਆ। ਉਨ੍ਹਾਂ ਇਸ ਤਜਰਬੇ ਨਾਲ ਆਪਣੇ ਦੇਸ਼ ਦੀ ਸੇਵਾ ਕੀਤੀ। ਸਕੂਲ ਦੀ ਪੜ੍ਹਾਈ ਤੋਂ ਬਾਅਦ ਮੌਜੂਦਾ ਪਰਵਾਸ ਨੌਜਵਾਨਾਂ ਲਈ ਤਣਾਓ, ਮਾਨਸਿਕ ਪਰੇਸ਼ਾਨੀਆਂ, ਆਚਰਨ ਤੇ ਬੌਧਿਕਹੀਣਤਾ ਪੈਦਾ ਕਰ ਰਿਹਾ ਹੈ। ਮੌਜੂਦਾ ਸਮੇਂ ਉੱਥੇ ਲੋੜੀਂਦਾ ਕੰਮ ਨਹੀਂ ਹੈ, ਰਹਿਣ ਲਈ ਥਾਂ ਨਹੀਂ, ਕਈ ਚੁਬਾਰਿਆਂ ਦੇ ਬੂਹੇ ਢੋਹ ਕੇ ਜਾਣ ਵਾਲਿਆਂ ਨੂੰ ਬੇਸਮੈਂਟ ਵਿਚ ਕਈ-ਕਈ ਜਣਿਆਂ ਨਾਲ ਰਹਿਣਾ ਪੈ ਰਿਹਾ ਹੈ। ਰਹਿਣ-ਸਹਿਣ, ਖਾਣ-ਪੀਣ ਤੇ ਪੜ੍ਹਾਈ ਦਾ ਖਰਚਾ ਕੱਢਣ ਲਈ ਵਿਦਿਆਰਥੀ ਗ਼ਲਤ ਰਾਹਾਂ 'ਤੇ ਪੈ ਰਹੇ ਹਨ। ਅਜਿਹੇ ਹਾਲਾਤ ਕਾਰਨ ਨੌਜਵਾਨ, ਮਜ਼ਦੂਰ ਵਰਗ ਅਤੇ ਡਰਾਇਵਰੀ ਕਿੱਤਿਆਂ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਇਹੋ ਸਾਡਾ ਸਮਾਜਿਕ ਤੇ ਬੌਧਿਕ ਪਤਨ ਹੈ। ਰੁਜ਼ਗਾਰ ਸੰਬੰਧੀ ਬਿਹਾਰੀਆਂ ਦੀ ਪਹੁੰਚ ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਘਰਾਂ ਤੇ ਦਫ਼ਤਰਾਂ ਵਿੱਚ ਲੱਗੇ ਲੈਂਡ ਲਾਈਨ ਟੈਲੀਫ਼ੋਨਾਂ ਦੀ ਮਹੱਤਤਾ ਹੋਇਆ ਕਰਦੀ ਸੀ। ਮੈਂ ਸੌਣ ਵਾਲੇ ਕਮਰੇ ਵਿੱਚ ਸਮਾਨਾਂਤਰ ਸੈੱਟ ਰਖਵਾਇਆ ਜੋ ਉਸ ਦਿਨ ਦੂਜੀ ਵਾਰ ਖਰਾਬ ਹੋ ਗਿਆ ਸੀ। ਮੈਂ ਭਾਰਤ ਸੰਚਾਰ ਨਿਗਮ ਦੇ ਜ਼ਿਲ੍ਹਾ ਮੈਨੇਜਰ ਨੂੰ ਫ਼ੋਨ ਕੀਤਾ ਤਾਂ ਉਨ੍ਹਾਂ ਆਖਿਆ ਕਿ ਅੱਧੇ ਘੰਟੇ ਦੇ ਅੰਦਰ-ਅੰਦਰ ਤੁਹਾਡੇ ਘਰ ਇੱਕ ਤਕਨੀਕੀ ਮਾਹਰ ਆਵੇਗਾ। ਪੱਚੀ ਕੁ ਵਰ੍ਹਿਆਂ ਦਾ ਇੱਕ ਨੌਜਵਾਨ ਹੱਥ ਵਿੱਚ ਤਾਰਾਂ ਦਾ ਗੁੱਛਾ ਤੇ ਕੁੱਝ ਔਜ਼ਾਰ ਲੈ ਕੇ ਹਾਜ਼ਰ ਹੋਇਆ। ਉਸ ਨੇ ਉਪਰਲਾ ਸੈੱਟ ਵੇਖਿਆ ਤੇ ਆਵਾਜ਼ ਵਾਲੀ ਨੌਬ ਨੂੰ ਵੱਧ ਵਾਲੇ ਪਾਸੇ ਕਰਕੇ ਆਪਣੇ ਦਫ਼ਤਰ 'ਚੋਂ ਇਸ ਫ਼ੋਨ 'ਤੇ ਘੰਟੀ ਮਾਰਨ ਲਈ ਆਖਿਆ। ਇੱਕ ਮਿੰਟ ਵਿੱਚ ਹੀ ਉਸ ਨੇ ਗ਼ਲਤੀ ਲੱਭੀ ਤੇ ਸਲੀਕੇ ਨਾਲ ਮੈਨੂੰ ਸਮਝਾਇਆ। ਹੁਣ ਮੇਰੀ ਦਿਲਚਸਪੀ ਉਸ ਨੌਜਵਾਨ ਕਰਮਚਾਰੀ ਨੂੰ ਜਾਨਣ ਦੀ ਹੋ ਗਈ ਸੀ ਜੋ ਕਿ ਬਿਹਾਰ ਪ੍ਰਾਂਤ ਦਾ ਰਹਿਣ ਵਾਲਾ ਸੀ ਅਤੇ ਇਲੈਕਟ੍ਰੀਕਲ ਤੇ ਕਮਿਊਨੀਕੇਸ਼ਨ ਵਿੱਚ ਡਿਪਲੋਮਾ ਕਰਕੇ ਭਾਰਤ ਸੰਚਾਰ ਨਿਗਮ ਵਿੱਚ ਭਰਤੀ ਹੋ ਗਿਆ ਸੀ। ਉਸ ਨੇ ਦੱਸਿਆ ਕਿ ਡਿਪਲੋਮਾ ਕਰਨ ਉਪਰੰਤ ਉਹ ਮੁਕਾਬਲੇ ਦੇ ਇਮਤਿਹਾਨਾਂ ਦੀ ਤਿਆਰੀ ਕਰਦੇ ਆਪਣੇ ਭਰਾ ਕੋਲ ਦਿੱਲੀ ਆ ਗਿਆ ਸੀ। ਤਿੰਨ ਵਰ੍ਹਿਆਂ ਦੀ ਕੋਚਿੰਗ ਤੋਂ ਬਾਅਦ ਉਸ ਨੇ ਇਹ ਇਮਤਿਹਾਨ ਪਾਸ ਕੀਤਾ ਤੇ ਹੁਣ ਉਹ ਇਸ ਨੌਕਰੀ 'ਤੇ ਤਾਇਨਾਤ ਸੀ। ਮੇਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਇਸ ਇਮਤਿਹਾਨ ਵਿਚੋਂ 48 ਕਰਮਚਾਰੀ ਪੰਜਾਬ ਪ੍ਰਾਂਤ ਨੂੰ ਅਲਾਟ ਹੋਏ ਸਨ। ਪੰਜਾਬ ਦਾ ਕੋਈ ਵੀ ਨਹੀਂ ਅਤੇ ਬਿਹਾਰ ਦੇ ਅੱਠ, ਮੇਰੇ ਸਵਾਲਾਂ ਦੇ ਉਸ ਵੱਲੋਂ ਇਹ ਦੋ ਆਖਰੀ ਉੱਤਰ ਸਨ। ਪਟਨਾ ਸਾਹਿਬ ਤੋਂ ਵਾਪਸ ਪਰਤਦਿਆਂ ਅਸੀਂ ਨਵੀਂ ਦਿੱਲੀ ਏਅਰਪੋਰਟ ਤੋਂ ਮੈਟਰੋ ਰਾਹੀਂ ਨਵੀਂ ਦਿੱਲੀ ਰੇਲਵੇ ਸਟੇਸ਼ਨ ਪਹੁੰਚ ਕੇ 3 ਵਜੇ ਸ਼ਾਮ ਨੂੰ ਚੱਲਣ ਵਾਲੀ ਵੰਦੇ ਭਾਰਤ ਟਰੇਨ ਫੜਨੀ ਸੀ। ਸਾਡੇ ਕੋਲ ਭਾਵੇਂ 2 ਤੋਂ ਵੱਧ ਘੰਟਿਆ ਦਾ ਸਮਾਂ ਸੀ ਪਰ ਇਲੈਕਟ੍ਰਿਕ ਵਾਚ ਤੋਂ ਸਮੇਂ ਦੇ ਅੰਕੜੇ ਤੇਜ਼ੀ ਨਾਲ ਉਡਦੇ ਜਾ ਰਹੇ ਸਨ। ਮੈਟਰੋ ਦੀ ਟਿਕਟ ਲੈਣ ਲਈ ਕਤਾਰ ਵਿੱਚ ਖੜ੍ਹਿਆਂ ਮੈਨੂੰ ਥੋੜ੍ਹੀ ਕਾਹਲੀ ਤੇ ਘਬਰਾਹਟ ਹੋਈ। ਉਸ ਦਿਨ ਮੈਟਰੋ ਦੇ ਏ.ਸੀ. ਡੱਬੇ ਵਿੱਚ ਵੀ ਮੇਰਾ ਸਾਹ ਸੁਖਾਲਾ ਨਾ ਹੋ ਸਕਿਆ। ਦੋਵੇਂ ਅਟੈਚੀ ਭਾਰੇ ਸਨ। ਅਸੀਂ ਰੇਲਵੇ ਸਟੇਸ਼ਨ ਪਹੁੰਚੇ ਤਾਂ ਪਤਾ ਲੱਗਿਆ ਕਿ ਗੱਡੀ ਦੋ ਨੰਬਰ ਪਲੇਟਫਾਰਮ 'ਤੇ ਲੱਗੇਗੀ ਜੋ ਕਿ ਸਟੇਸ਼ਨ ਦੇ ਦੂਸਰੇ ਸਿਰੇ 'ਤੇ ਸੀ। ਯਕੀਨ ਪੱਕਾ ਕਰਨ ਲਈ ਇੱਕ ਨੌਜਵਾਨ ਕੁਲੀ ਨੂੰ ਮੈਂ ਪੁੱਛਿਆ ਕਿ ਪੰਜਾਬ ਜਾਣ ਵਾਲੀ ਵੰਦੇ ਭਾਰਤ ਕਿਹੜੇ ਪਲੇਟਫਾਰਮ 'ਤੇ ਲੱਗੇਗੀ। 'ਮੈਂ ਉਠਾਊਂ', ਉਸ ਦੇ ਕਹਿਣ 'ਤੇ ਮੈਨੂੰ ਪਤਾ ਲੱਗਾ ਕਿ ਉਹ ਕੁਲੀ ਦਾ ਕੰਮ ਕਰਦਾ ਹੈ। ਢਾਈ ਵਜੇ ਅਸੀਂ ਪਲੇਟਫਾਰਮ 'ਤੇ ਸੀ ਤੇ ਗੱਡੀ ਵੀ ਪਹੁੰਚ ਰਹੀ ਸੀ। ਠੰਢਾ ਸਾਹ ਲੈਂਦਿਆਂ ਮੈਂ ਉਸ ਨੂੰ ਚਾਹ ਲਿਆਉਣ ਲਈ ਆਖਿਆ ਪਰ ਮੇਰੇ ਜ਼ੋਰ ਦੇਣ 'ਤੇ ਵੀ ਉਹ ਆਪਣੇ ਲਈ ਚਾਹ ਨਾ ਲੈ ਕੇ ਆਇਆ। ਅੱਧਾ ਘੰਟਾ ਗੱਡੀ ਦੀ ਸਫਾਈ ਹੋਣੀ ਸੀ। ਹੁਣ ਮੈਂ ਉਸ ਨੌਜਵਾਨ ਨਾਲ ਗੱਲਾਂ ਕਰਨ ਲੱਗਾ। ਮੈਂ ਪਹਿਲਾਂ ਕੁਲੀ ਦੇ ਤੌਰ 'ਤੇ ਕੰਮ ਕਰਦਾ ਰਿਹਾ ਹਾਂ, ਹੁਣ ਮੈਂ ਆਥਣ-ਸਵੇਰ ਦੁੱਧ ਦਾ ਕੰਮ ਕਰਦਾ ਹਾਂ। ਵਿਚਕਾਰਲੇ ਤਿੰਨ-ਚਾਰ ਘੰਟੇ ਮੈਂ ਪਾਰਟ ਟਾਈਮ ਇਹ ਕੰਮ ਕਰ ਲੈਂਦਾ ਹਾਂ। ਮੈਂ ਮੈਟਰੋ ਦੇ ਗੇਟ ਦੇ ਨੇੜੇ ਖੜ੍ਹ ਜਾਂਦਾ ਹਾਂ ਜਿੱਥੇ ਤੁਸੀਂ ਮੈਨੂੰ ਮਿਲੇ ਸੀ। ਹਵਾਈ ਅੱਡੇ ਤੋਂ ਆਉਣ ਵਾਲਿਆਂ ਕੋਲ ਸਮਾਨ ਭਾਰਾ ਹੁੰਦਾ ਹੈ ਸੋ ਮੇਰੇ ਜਾਣਕਾਰ ਮੈਨੂੰ ਮੋਬਾਇਲ ਕਰਕੇ ਬੁਲਾ ਲੈਂਦੇ ਹਨ। ਹੁਣ ਉਸ ਦੇ ਮੋਬਾਇਲ ਫ਼ੋਨ ਦੀ ਘੰਟੀ ਵੱਜੀ ਤਾਂ ਉਸ ਨੇ ਕਿਹਾ ਕਿ ਮੈਂ ਤਿੰਨ ਵਜੇ ਤੋਂ ਬਾਅਦ ਵਿਹਲਾ ਹੋਵਾਂਗਾ। ਮੈਂ ਉਸ ਨੂੰ ਆਖਿਆ ਕਿ ਡੱਬੇ ਅੰਦਰ ਸਮਾਨ ਮੈਂ ਆਪ ਰੱਖ ਲਵਾਂਗਾ ਉਹ ਚਲਾ ਜਾਵੇ, ਪਰ ਉਸ ਵਿੱਚ ਠਰੰਮਾ ਸੀ। ਅੱਠ-ਦਸ ਮਿੰਟਾਂ ਵਿੱਚ ਉਸ ਨੂੰ ਰੁਜ਼ਗਾਰ ਦੇ ਤਿੰਨ ਫ਼ੋਨ ਆਏ। ਪੰਜਾਬੀ ਨੌਜਵਾਨਾਂ ਨੂੰ ਰੁਜ਼ਗਾਰ ਦੇ ਅਜਿਹੇ ਫ਼ੋਨ ਕਿਉਂ ਨਹੀਂ ਆਉਂਦੇ, ਮੇਰੇ ਮਨ ਵਿੱਚ ਆਏ ਇਸ ਖਿਆਲ ਨੇ ਮੈਨੂੰ ਬੇਚੈਨ ਕੀਤਾ। ਕਿੰਨੇ ਪੜ੍ਹੇ ਹੋ, 10+2 ਅਤੇ ਹੁਣ ਅਰਥਸ਼ਾਸਤਰ ਤੇ ਹਿਸਾਬ ਵਿਸ਼ਿਆਂ ਨਾਲ ਪ੍ਰਾਈਵੇਟ ਤੌਰ 'ਤੇ ਗ੍ਰੈਜੂਏਸ਼ਨ ਕਰ ਰਿਹਾ ਹਾਂ। ਗੱਡੀ ਚੱਲਣ ਲਈ ਹਰੀ ਝੰਡੀ ਹੋ ਗਈ ਸੀ। ਇੱਕ ਪੈਰ ਮੈਂ ਪੌੜੀ 'ਤੇ ਰੱਖ ਲਿਆ, ਤੁਹਾਡਾ ਨਾਮ, ਅਲੋਕ ਯਾਦਵ, ਕਿਸ ਪ੍ਰਾਂਤ ਤੋਂ, ਬਿਹਾਰ ਸੇ, ਉਸ ਦਿਨ ਹਲਕਾ ਵਲ ਖਾਂਦੀ ਪੰਜਾਬ ਨੂੰ ਚੱਲਣ ਵਾਲੀ ਨਵੀਂ ਨਕੋਰ ਵੰਦੇ ਭਾਰਤ ਟਰੇਨ ਵਿੱਚ ਮੈਨੂੰ ਕੋਈ ਮੜਕ ਮਹਿਸੂਸ ਨਹੀਂ ਸੀ ਹੋ ਰਹੀ।

***

## ਲੋਕ ਸਭਾ ਚੋਣਾਂ ਦੌਰਾਨ

ਅਕਾਲੀ ਦਲ ਆਪਣੇ ਆਪ ਨੂੰ ਕਿਸਾਨਾਂ ਦੇ ਹਿੱਤਾਂ ਦਾ ਬੁਲਾਰਾ ਅਤੇ ਪਹਿਰੇਦਾਰ ਸਮਝਦਾ ਹੈ। ਭਾਵੇਂ ਜ਼ਿਆਦਾਤਰ ਕਿਸਾਨ ਜਥੇਬੰਦੀਆਂ ਪਿਛਲੇ ਅੰਦੋਲਨ ਵਿੱਚ ਬਾਦਲ ਦਲ ਦੀ ਭੂਮਿਕਾ ਨੂੰ ਲੈ ਕੇ ਕਿਸਾਨ ਅਜੇ ਵੀ ਨਾਰਾਜ਼ ਹਨ। ਹਰਸਿਮਰਤ ਕੌਰ ਬਾਦਲ ਨੇ ਖੇਤੀ ਆਰਡੀਨੈਂਸਾਂ ਦੇ ਵਿਰੋਧ ਵਿੱਚ ਮੋਦੀ ਕੈਬਨਿਟ ਤੋਂ ਅਸਤੀਫ਼ਾ ਦੇ ਦਿੱਤਾ ਸੀ ਪਰ ਕਿਸਾਨਾਂ ਦਾ ਕਹਿਣਾ ਹੈ ਕਿ ਇਹ ਫੈਸਲਾ ਬਹੁਤ ਦੇਰ ਨਾਲ ਲਿਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਅਜੇ ਵੀ 'ਡੈਮੇਜ ਕੰਟਰੋਲ' ਦੀ ਮੁਹਿੰਮ ਜਾਰੀ ਰੱਖ ਰਿਹਾ ਹੈ। ਕਿਸਾਨ ਅੰਦੋਲਨ ਕਾਰਨ ਭਾਜਪਾ ਨਾਲ ਇਸ ਦਾ ਸੰਭਾਵਿਤ ਗਠਜੋੜ ਵੀ ਅਟਕ ਗਿਆ ਹੈ। ਅਕਾਲੀ ਦਲ ਚਾਹੁੰਦਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਕਿਸਾਨਾਂ ਦੀਆਂ ਮੰਗਾਂ ਨੂੰ ਤੁਰੰਤ ਪ੍ਰਵਾਨ ਕਰੇ ਤਾਂ ਜੋ ਅਕਾਲੀ-ਭਾਜਪਾ ਗਠਜੋੜ ਨੂੰ ਇਸ ਦਾ ਸਿੱਧਾ ਫਾਇਦਾ ਚੋਣਾਂ ਵਿੱਚ ਮਿਲ ਸਕੇ। ਜੇਕਰ ਕਿਸਾਨ ਅੰਦੋਲਨ ਜਾਰੀ ਰਿਹਾ ਤਾਂ ਭਾਜਪਾ ਨਾਲ ਗਠਜੋੜ ਕਰਨ ਦੀ ਸੂਰਤ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਨੁਕਸਾਨ ਹੋਵੇਗਾ।

ਬਾਦਲ ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਇਸ ਕੋਸ਼ਿਸ਼ ਵਿੱਚ ਹਨ ਕਿ ਕੇਂਦਰ ਤੇ ਕਿਸਾਨਾਂ ਵਿੱਚ ਵਿਚੋਲਗੀ ਕਰਕੇ ਕਿਸਾਨ ਅੰਦੋਲਨ ਨੂੰ ਤੁਰੰਤ ਖ਼ਤਮ ਕਰਵਾਇਆ ਜਾਵੇ। ਸ਼੍ਰੋਮਣੀ ਅਕਾਲੀ ਦਲ ਇਸ ਨੀਤੀ ਰਾਹੀਂ ਕਿਸਾਨ ਵੋਟਾਂ ਹਾਸਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਸੀਨੀਅਰ ਅਕਾਲੀ ਆਗੂ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪ੍ਰਧਾਨ ਸੁਖਬੀਰ ਸਿੰਘ ਬਾਦਲ ਭਾਜਪਾ ਨਾਲ ਗਠਜੋੜ ਚਾਹੁੰਦੇ ਹਨ ਅਤੇ ਇਸੇ ਲਈ ਅੰਦਰੂਨੀ ਸ਼ਰਤ ਰੱਖੀ ਗਈ ਹੈ ਕਿ ਕਿਸਾਨਾਂ ਦੀਆਂ ਮੰਗਾਂ ਪਹਿਲਾਂ ਮੰਨੀਆਂ ਜਾਣ, ਨਹੀਂ ਤਾਂ ਭਾਜਪਾ ਦੇ ਨਾਲ-ਨਾਲ ਅਕਾਲੀਆਂ ਨੂੰ ਵੀ ਕਿਸਾਨਾਂ ਦੇ ਰੋਹ ਦਾ ਸ਼ਿਕਾਰ ਹੋਣਾ ਪਵੇਗਾ।

ਵਰਨਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਭਾਜਪਾ ਨਾਲ ਸਮਝੌਤਾ ਨਾ ਹੋਣ ਦੀ ਸੂਰਤ ਵਿੱਚ ਇਸ ਗੱਲ ਨੂੰ ਮੁੱਦਾ ਬਣਾਏਗਾ ਕਿ ਗਠਜੋੜ ਇਸ ਲਈ ਨਹੀਂ ਹੋ ਸਕਿਆ ਕਿਉਂਕਿ ਅਕਾਲੀ ਦਲ ਚਾਹੁੰਦਾ ਹੈ ਕਿ ਪਹਿਲਾਂ ਕਿਸਾਨਾਂ ਦੇ ਮਸਲੇ ਹੱਲ ਕੀਤੇ ਜਾਣ। ਕਿਸਾਨ ਭਾਜਪਾ ਤੋਂ ਦੂਰ ਹਨ। ਕਿਸਾਨ ਜਥੇਬੰਦੀਆਂ ਇਸ ਨੂੰ ਆਪਣਾ ਸਭ ਤੋਂ ਵੱਡਾ ਦੁਸ਼ਮਣ ਮੰਨਦੀਆਂ ਹਨ। ਸਥਿਤੀ ਇਹ ਹੈ ਕਿ ਕਿਸਾਨਾਂ ਦੇ ਰੋਹ ਅਤੇ ਤਿੱਖੇ ਵਿਰੋਧ ਕਾਰਨ ਭਾਜਪਾ ਆਗੂ ਪੰਜਾਬ ਦੇ ਪਿੰਡਾਂ ਵਿੱਚ ਨਹੀਂ ਜਾ ਪਾ ਰਹੇ ਹਨ। ਦੋ ਮਹੀਨਿਆਂ ਅੰਦਰ ਵੱਖ-ਵੱਖ ਕਿਸਾਨ ਜਥੇਬੰਦੀਆਂ ਕਈ ਵਾਰ ਭਾਜਪਾ ਦੇ ਸੀਨੀਅਰ ਆਗੂਆਂ ਦੇ ਘਰਾਂ ਦਾ ਘਿਰਾਓ ਕਰ ਚੁੱਕੀਆਂ ਹਨ। ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਭਾਜਪਾ ਅਤੇ ਕੇਂਦਰ ਸਰਕਾਰ ਕਿਸਾਨ ਵਿਰੋਧੀ ਨਹੀਂ ਹਨ। ਉਸ ਦਾ ਕਹਿਣਾ ਹੈ ਕਿ ਕੁਝ ਗਲਤਫਹਿਮੀਆਂ ਹਨ ਜੋ ਜਲਦੀ ਹੀ ਦੂਰ ਕਰ ਦਿੱਤੀਆਂ ਜਾਣਗੀਆਂ।

ਖੈਰ, ਕੁਝ ਵੀ ਹੋਵੇ, ਇਸ ਵਾਰ ਲੋਕ ਸਭਾ ਲਈ ਜ਼ਿਆਦਾਤਰ ਉਮੀਦਵਾਰਾਂ ਦਾ ਰਸਤਾ ਕਿਸਾਨਾਂ ਦੇ ਰਵੱਈਏ ਜਾਂ ਮਿਜ਼ਾਜ ਤੋਂ ਤੈਅ ਹੋਵੇਗਾ। ਇਸ ਦਾ ਮਤਲਬ ਹੈ ਕਿ ਕਿਸਾਨ ਅੰਦੋਲਨ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਵਿੱਚ ਆਪਣੀ ਪੂਰਾ ਜਲਵਾ ਦਿਖਾਏਗਾ।

***

## ਬਹੁਗਿਣਤੀ ਦੇ ਧਰੁਵੀਕਰਨ

ਪਰ ਅਸਲ ਵਿੱਚ ਹੋਇਆ ਇਹ ਹੈ ਕਿ ਰਾਮ ਮੰਦਰ ਦੇ ਮੁੱਦੇ 'ਤੇ ਮੁਸਲਿਮ ਵਿਰੋਧ ਨਾ ਹੋਣ ਕਾਰਨ ਹਿੰਦੂ ਬਹੁਗਿਣਤੀ ਦੇ ਮਨ ਵਿੱਚ ਬਿਠਾਇਆ ਗਿਆ ਮੁਸਲਿਮ 'ਡਰ' ਖ਼ਤਮ ਹੋਣ ਲੱਗਾ ਹੈ ਤੇ ਡਰ ਕਾਰਨ ਹੋਇਆ ਧਰੁਵੀਕਰਨ ਵੀ ਕਮਜ਼ੋਰ ਪੈਂਦਾ ਦਿਖ ਰਿਹਾ ਹੈ। ਹੁਣ ਹਿੰਦੂ ਆਪਣੇ-ਆਪ ਨੂੰ ਮੁਸਲਮਾਨਾਂ ਤੋਂ ਕਮਜ਼ੋਰ ਨਹੀਂ ਮਜ਼ਬੂਤ ਸਥਿਤੀ ਵਿੱਚ ਦੇਖ ਰਿਹਾ ਹੈ। ਇਸ ਲਈ ਇਸ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸੀ.ਏ.ਏ. ਐਨ ਚੋਣਾਂ ਤੋਂ ਪਹਿਲਾਂ ਲਿਆਂਦਾ ਹੀ ਇਸ ਲਈ ਗਿਆ ਹੈ ਕਿ ਮੁਸਲਿਮ ਇਸ ਦਾ ਵਿਰੋਧ ਕਰਨਗੇ। ਵਿਰੋਧੀ ਪਾਰਟੀਆਂ ਵੀ ਵਿਰੋਧ ਕਰਨਗੀਆਂ ਤੇ ਭਾਜਪਾ ਦੇ ਜਾਲ ਵਿੱਚ ਫਸ ਕੇ ਉਸ ਨੂੰ ਬਹੁਗਿਣਤੀ ਦਾ ਧਰੁਵੀਕਰਨ ਕਰਨ ਦਾ ਇੱਕ ਹੋਰ ਮੌਕਾ ਦੇ ਦੇਣਗੀਆਂ।

ਭਾਰਤੀ ਬੌਧਿਕ ਹਲਕਿਆਂ ਦਾ ਮੰਨਣਾ ਹੈ ਕਿ ਇਹ ਖ਼ਦਸ਼ਾ ਵੀ ਬਣਿਆ ਹੋਇਆ ਹੈ ਕਿ ਭਾਰਤ ਵਿੱਚ ਮੁਸਲਿਮ ਸ਼ਰਨਾਰਥੀਆਂ ਨੂੰ ਇਸ ਕਾਨੂੰਨ ਦੀ ਆੜ ਹੇਠ ਨਿਸ਼ਾਨਾ ਬਣਾਇਆ ਜਾਵੇਗਾ ਅਤੇ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਆਵਾਸੀ ਕਰਾਰ ਦੇ ਦਿੱਤਾ ਜਾਵੇਗਾ। ਕੇਂਦਰ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਾਰੀਆਂ ਸਬੰਧਿਤ ਧਿਰਾਂ ਖ਼ਾਸ ਕਰ ਕੇ ਬੰਗਲਾਦੇਸ਼ ਦੀ ਸਰਹੱਦ ਨਾਲ ਲੱਗਦੇ ਪੱਛਮੀ ਬੰਗਾਲ ਅਤੇ ਅਸਾਮ ਜਿਹੇ ਸੂਬਿਆਂ ਨੂੰ ਇਹ ਯਕੀਨ ਕਰਾਵੇ ਕਿ ਇਸ ਕਾਨੂੰਨ ਪਿੱਛੇ ਕੋਈ ਰਾਜਨੀਤਕ ਜਾਂ ਚੁਣਾਵੀ ਮਨੋਰਥ ਨਹੀਂ ਸਗੋਂ ਇਸ ਦਾ ਮੰਤਵ ਘੁਸਪੈਠ ਨੂੰ ਖ਼ਤਮ ਕਰਨਾ ਅਤੇ ਨਾਗਰਿਕਤਾ ਦੇਣ ਦੇ ਅਮਲ ਨੂੰ ਪੱਧਰਾ ਕਰਨਾ ਹੈ। ਉਂਝ, ਲੋਕ ਸਭਾ ਤੋਂ ਐਨ ਪਹਿਲਾਂ ਇਹ ਕਾਨੂੰਨ ਲਾਗੂ ਕਰਨਾ ਆਪਣੇ ਆਪ ਵਿੱਚ ਸਿਆਸੀ ਕਦਮ ਹੈ। ਇਸੇ ਕਰ ਕੇ ਹੀ ਇਹ ਸਮਝਿਆ ਜਾ ਰਿਹਾ ਹੈ ਕਿ ਭਾਜਪਾ ਇਸ ਤੋਂ ਚੁਣਾਵੀ ਲਾਹਾ ਲੈਣ ਦੇ ਯਤਨ ਵਿੱਚ ਹੈ।

***

## ਸ਼ਹੀਦ ਭਗਤ ਸਿੰਘ

ਜਾਇਦਾਦ ਬਣਾਉਣ ਦਾ ਖਿਆਲ ਆਦਮੀਆਂ ਨੂੰ ਲਾਲਚੀ ਬਣਾ ਦਿੰਦਾ ਹੈ। ਉਹ ਫਿਰ ਪੱਥਰ ਦਿਲ ਹੁੰਦਾ ਚਲਾ ਜਾਂਦਾ ਹੈ। ਰਹਿਮ ਤੇ ਤਰਸ ਉਸ ਦੇ ਦਿਲ ਵਿੱਚ ਮਿੱਟ ਜਾਂਦੇ ਹਨ। ਪ੍ਰਾਪਰਟੀ ਜਾਇਦਾਦ ਦੀ ਹਿਫ਼ਾਜ਼ਤ ਦੀ ਖਾਤਰ ਸਟੇਟ ਦੀ ਜ਼ਰੂਰਤ ਹੁੰਦੀ ਹੈ। ਇਸ ਤੋਂ ਫਿਰ ਲਾਲਚ ਵਧਦਾ ਹੈ ਅਤੇ ਆਖਰ ਵਿੱਚ ਨਤੀਜਾ ਇੰਪਪੀਰੀਅਲਿਜ਼ਮ ਅਤੇ ਵਾਰਜ਼ ਹੁੰਦਾ ਹੈ। ਖ਼ੂਨ ਖ਼ਰਾਬਾ ਹੁੰਦਾ ਹੈ ਤੇ ਬੜਾ ਨੁਕਸਾਨ ਹੁੰਦਾ ਹੈ। ਕੁੱਤਾ ਸਾਡੀ ਗੋਦ ਵਿੱਚ ਬੈਠ ਸਕਦਾ ਹੈ, ਸਾਡੇ ਚੌਂਕੇ ਵਿੱਚ ਨਿਸ਼ੰਗ ਫਿਰਦਾ ਹੈ ਪਰ ਇੱਕ ਆਦਮੀ ਸਾਡੇ ਨਾਲ ਛੂ ਜਾਵੇ ਤਾਂ ਬਸ ਧਰਮ ਖਰਾਬ ਹੋ ਜਾਂਦਾ ਹੈ। ਫਿਰ ਸਾਡੇ ਇਸ ਰਵਈਏ ਤੇ ਕ੍ਰਿਤਘਣਤਾ ਦੀ ਵੀ ਹੱਦ ਪਾਈ ਜਾਂਦੀ ਹੈ। ਜੋ ਸਾਡੇ ਵਾਸਤੇ ਨੀਚ ਤੋਂ ਨੀਚ ਕੰਮ ਕਰਕੇ ਸਾਡੇ ਸੁੱਖਾਂ ਵਿੱਚ ਵਾਧਾ ਕਰਦੇ ਹਨ। ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ ਪਰ ਇਨਸਾਨ ਨੂੰ ਕੋਲ ਵੀ ਨਹੀਂ ਬੈਠਾ ਸਕਦੇ?

ਉਸ ਦੀਆਂ ਹੋਰ ਲਿਖ਼ਤੀ ਰਚਨਾਵਾਂ ਵਿੱਚ ਸ਼ਾਮਲ ਹਨ ਅਦਾਲਤੀ ਬਿਆਨ, ਨੌਜਵਾਨ ਸਿਆਸੀ ਸਾਥੀਆਂ ਨੂੰ ਲਿੱਖੇ ਪੱਤਰ ਅਤੇ ਕੁਝ ਹੋਰ ਦਸਤਾਵੇਜ਼ ਸੰਭਾਲਣ ਵੇਲੇ ਨਸ਼ਟ ਹੋ ਗਏ ਜਾਂ ਅਣਪਛਾਤੇ ਰਹਿ ਗਏ। ਭਾਵੇਂ ਭਗਤ ਸਿੰਘ ਨੂੰ ਦੇਸ਼ ਦੀ ਆਜ਼ਾਦੀ ਲਈ ਦਿੱਤੀ ਕੁਰਬਾਨੀ ਦੇ ਸਨਮਾਨ ਵਿੱਚ ਬੁੱਤਾਂ, ਸਮਾਰਕਾਂ, ਇਮਾਰਤਾਂ, ਸੰਸਥਾਵਾਂ , ਅਜਾਇਬ ਘਰਾਂ, ਸੜਕਾਂ, ਮਾਰਗਾਂ , ਗੀਤਾਂ , ਫ਼ਿਲਮਾਂ, ਫੋਟੋਆਂ, ਪਗੜੀ, ਪਹਿਰਾਵੇ ਅਤੇ ਤਸਵੀਰਾਂ ਨੂੰ ਕਪੜਿਆਂ ਤੇ ਛਾਪਿਆ ਗਿਆ ਹੈ, ਰਾਹੀਂ ਯਾਦ ਕੀਤਾ ਜਾਂਦਾ ਹੈ ਪਰ ਇੱਕ ਮਾਨਤਾ ਪ੍ਰਾਪਤ ਲੇਖਕ,ਪੱਤਰਕਾਰ ਅਤੇ ਚਿੰਤਕ ਦੀ ਸ਼ਾਤ ਤੱਕ ਅਸੀਂ ਘੱਟ ਹੀ ਪਹੁੰਚਦੇ ਹਾਂ। ਭਗਤ ਸਿੰਘ ਨੇ ਆਪਣੇ ਵਿਚਾਰਾਂ ਤੇ ਸੰਗਠਨ ਦੇ ਸਿਧਾਂਤਾਂ ਦਾ ਪ੍ਰਚਾਰ ਆਪਣੀਆਂ ਲਿਖਤਾਂ ਨੂੰ ਅਖ਼ਬਾਰਾਂ ਵਿੱਚ ਛਪਵਾ ਕੇ ਕੀਤਾ ਹੈ ਅਤੇ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਇੱਕ ਵਾਰ ਫਿਰ ਦੁਹਰਾਇਆ ਜਾਂਦਾ ਹੈ ਕਿ ਪਿਸਤੌਲ ਤੇ ਬੰਬ ਇਨਕਲਾਬ ਨਹੀਂ ਲਿਆਉਂਦੇ ਸਗੋਂ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤੇਜ਼ ਹੁੰਦੀ ਹੈ (ਅਸੈਂਬਲੀ ਬੰਬ ਕੇਸ ਦੀ ਹਾਈ ਕੋਰਟ ਵਿੱਚ ਪਾਈ ਅਪੀਲ ਸਮੇਂ ਦਿੱਤਾ ਬਿਆਨ-1929 ਈ.)

***

## ਮਹਿਲਾ ਪ੍ਰੀਮੀਅਰ ਲੀਗ

ਸਭ ਤੋਂ ਵੱਧ 44 ਦੌੜਾਂ ਦਾ ਯੋਗਦਾਨ ਦਿੱਤਾ। ਇਸ ਛੋਟੇ ਟੀਚੇ ਦਾ ਪਿੱਛਾ ਕਰਦਿਆਂ ਸਮ੍ਰਿਤੀ ਅਤੇ ਸੋਫੀ ਡਿਵਾਈਨ ਨੇ ਟੀਮ ਨੂੰ ਚੰਗੀ ਸ਼ੁਰੂਆਤ ਦਿਵਾਈ ਤੇ ਪਹਿਲੀ ਵਿਕਟ ਲਈ 8 ਓਵਰਾਂ 'ਚ 49 ਦੌੜਾਂ ਦੀ ਸਾਂਝੇਦਾਰੀ ਕੀਤੀ। ਸਮ੍ਰਿਤੀ ਨੇ 31, ਜਦਕਿ ਸੋਫੀ ਨੇ 32 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ। ਇਸ ਤੋਂ ਬਾਅਦ ਆਈ ਐਲਿਸ ਪੈਰੀ (35) ਅਤੇ ਰਿਚਾ ਘੋਸ਼ (17) ਨੇ ਸ਼ਾਨਦਾਰ ਸਾਂਝੇਦਾਰੀ ਕਰ ਕੇ ਟੀਮ ਨੂੰ ਜਿੱਤ ਦਿਵਾਈ। ਇਸ ਤਰ੍ਹਾਂ ਆਰ.ਸੀ.ਬੀ. ਦਿੱਲੀ ਨੂੰ ਹਰਾ ਕੇ ਮਹਿਲੀ ਪ੍ਰੀਮੀਅਰ ਲੀਗ ਦੇ ਦੂਜੇ ਸੀਜ਼ਨ ਦੀ ਚੈਂਪੀਅਨ ਬਣ ਗਈ ਹੈ। ਜ਼ਿਕਰਯੋਗ ਹੈ ਕਿ ਇਸ ਟੂਰਨਾਮੈਂਟ ਦੇ ਪਹਿਲੇ ਸੀਜ਼ਨ 'ਚ ਮੁੰਬਈ ਚੈਂਪੀਅਨ ਬਣੀ ਸੀ।

***

## ਅੰਮ੍ਰਿਤਸਰ 'ਚ ਸਰਕਾਰੀ ਰੋਕਾਂ ਦੇ ਬਾਵਜੂਦ ਹੋਇਆ

ਇਸ ਮੌਕੇ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਭਗਵੰਤ ਸਿੰਘ ਸਿਆਲਕਾ, ਫੈਡਰੇਸ਼ਨ ਆਗੂ ਭਾਈ ਕੰਵਰ ਚੜ੍ਹਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

ਡਿਬਰੂਗੜ੍ਹ ਜੇਲ੍ਹ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਦੀ ਹਾਲਤ ਨਾਜ਼ੁਕ : ਐਡਵੋਕੇਟ ਖ਼ਾਲਸਾ

ਬਰਨਾਲਾ/ਏ.ਟੀ.ਨਿਊਜ਼ :ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਦੇ ਵਕੀਲ ਐਡਵੋਕੇਟ ਰਾਜਦੇਵ ਸਿੰਘ ਖ਼ਾਲਸਾ ਸਾਬਕਾ ਸੰਸਦ ਮੈਂਬਰ, ਜਿਨ੍ਹਾਂ ਨੂੰ ਉਨ੍ਹਾਂ ਨੇ ਆਪਣਾ ਮੁੱਖ ਬੁਲਾਰਾ ਵੀ ਨਿਯੁਕਤ ਕੀਤਾ ਹੈ, ਵਲੋਂ ਖ਼ੁਲਾਸਾ ਕੀਤਾ ਗਿਆ ਹੈ ਕਿ ਡਿਬਰੂਗੜ੍ਹ ਜੇਲ੍ਹ 'ਚ ਭਾਈ ਅੰਮ੍ਰਿਤਪਾਲ ਸਿੰਘ ਦੀ ਹਾਲਤ ਕਾਫ਼ੀ ਨਾਜ਼ੁਕ ਹੈ ਅਤੇ ਕਿਸੇ ਸਮੇਂ ਵੀ ਉਨ੍ਹਾਂ ਦੀ ਮੌਤ ਹੋ ਸਕਦੀ ਹੈ। ਐਡਵੋਕੇਟ ਖ਼ਾਲਸਾ ਨੇ ਦੱਸਿਆ ਕਿ ਮਿਤੀ 13 ਮਾਰਚ ਨੂੰ ਭਾਈ ਅੰਮ੍ਰਿਤਪਾਲ ਸਿੰਘ ਦੀ ਪਤਨੀ ਬੀਬੀ ਕਿਰਨਦੀਪ ਕੌਰ ਵਲੋਂ ਜੇਲ੍ਹ ਵਿੱਚ ਉਨ੍ਹਾਂ ਨਾਲ ਮੁਲਾਕਾਤ ਕੀਤੀ ਗਈ ਸੀ। ਮੁਲਾਕਾਤ ਉਪਰੰਤ ਉਨ੍ਹਾਂ ਫ਼ੋਨ ਉੱਪਰ ਮੈਨੂੰ ਦੱਸਿਆ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਨੂੰ ਖ਼ੂਨ ਦੀ ਉਲਟੀ ਆਈ ਹੈ ਅਤੇ ਉਨ੍ਹਾਂ ਦੀ ਹਾਲਤ ਕਾਫ਼ੀ ਨਾਜ਼ੁਕ ਹੈ । ਐਡਵੋਕੇਟ ਖ਼ਾਲਸਾ ਨੇ ਦੱਸਿਆ ਕਿ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਭੁੱਖ ਹੜਤਾਲ 'ਚ ਸਿਰਫ਼ ਪਾਣੀ ਹੀ ਪੀਤਾ ਜਾ ਰਿਹਾ ਹੈ। ਇਸ ਲਈ ਜੇਕਰ ਭਾਈ ਅੰਮ੍ਰਿਤਪਾਲ ਸਿੰਘ ਨੂੰ ਕੁੱਝ ਵੀ ਹੁੰਦਾ ਹੈ ਤਾਂ ਇਸ ਦੀ ਸਿੱਧੇ ਤੌਰ 'ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਜ਼ਿੰਮੇਵਾਰੀ ਹੋਵੇਗੀ । ਖ਼ਾਲਸਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਾਹੀਂ ਭਾਈ ਅੰਮ੍ਰਿਤਪਾਲ ਸਿੰਘ ਨੂੰ ਧਮਕਾਇਆ ਜਾ ਰਿਹਾ ਹੈ ਕਿ ਜੇਕਰ ਉਨ੍ਹਾਂ ਨੇ ਭੁੱਖ ਹੜਤਾਲ ਖ਼ਤਮ ਨਾ ਕੀਤੀ ਤਾਂ ਉਨ੍ਹਾਂ ਉੱਪਰ ਆਤਮਹੱਤਿਆ ਦੀ ਕੋਸ਼ਿਸ਼ ਦਾ ਕੇਸ ਦਰਜ ਕਰ ਦਿੱਤਾ ਜਾਵੇਗਾ ।

ਮਾਨ ਵੱਲੋਂ ਅਪੀਲ ਕਿ ਬੰਦੀ ਸਿੰਘਾਂ ਬਾਰੇ ਆਸਾਮ ਤੇ ਪੰਜਾਬ ਸਰਕਾਰ ਸਹੀ ਜਾਣਕਾਰੀ ਦੇਵੇ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਡਿਬਰੂਗੜ੍ਹ ਅਤੇ ਅੰਮ੍ਰਿਤਸਰ ਜੇਲ੍ਹ 'ਚ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਸਿੰਘਾਂ ਦੀ ਭੁੱਖ-ਹੜਤਾਲ ਸੰਬੰਧੀ, ਆਸਾਮ ਤੇ ਪੰਜਾਬ ਸਰਕਾਰ ਲੋਕਾਂ ਨੂੰ ਸਹੀ ਜਾਣਕਾਰੀ ਦੇਵੇ, ਕਿਉਂਕਿ ਜੇਲ੍ਹ 'ਚ ਇਨ੍ਹਾਂ ਨਾਲ ਜੇਲ੍ਹ ਨਿਯਮਾਂ ਅਤੇ ਵਿਧਾਨ ਅਨੁਸਾਰ ਵਿਵਹਾਰ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ, ਉਸ ਨੂੰ ਮੁੱਖ ਰੱਖ ਕੇ ਦੋਵੇਂ ਜੇਲ੍ਹਾਂ ਵਿੱਚ ਬੰਦੀ ਸਿੰਘਾਂ ਵਲੋਂ ਭੁੱਖ ਹੜਤਾਲ ਰੱਖਿਆਂ ਕਈ ਦਿਨ ਹੋ ਗਏ ਹਨ ਪਰ ਪੰਜਾਬ ਤੇ ਆਸਾਮ ਸਰਕਾਰ ਵੱਲੋਂ ਇਸ ਗੰਭੀਰ ਵਿਸ਼ੇ 'ਤੇ ਸਾਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਕਿ ਉਨ੍ਹਾਂ ਨੂੰ ਸਹੀ ਢੰਗ ਨਾਲ ਡਾਕਟਰੀ ਸਹੂਲਤਾਂ ਅਤੇ ਹੋਰ ਜੇਲ੍ਹ ਨਿਯਮਾਂ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਜਾਂ ਨਹੀਂ । ਅਜਿਹੀ ਜਾਣਕਾਰੀ ਨਾ ਦੇਣਾ ਵਿਧਾਨਿਕ ਅਤੇ ਜੇਲ੍ਹ ਨਿਯਮਾਂ ਦੀ ਘੋਰ ਉਲੰਘਣਾ ਹੈ ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com